# ਜੀਵਨ ਕਉਤਕ

ਸਾਧ ਜਨਾ ਕੀ ਅਚਰਜ ਕਥਾ

# ਸੰਤ ਬਾਬਾ ਮਹਾਂ ਹਰਨਾਮ ਸਿੰਘ ਜੀ ਮਹਾਰਾਜ

ਡੇਰਾ ਰੂੰਮੀ ਵਾਲਾ ਭੁੱਚੋ ਕਲਾਂ ਜ਼ਿਲ੍ਹਾ ਬਠਿੰਡਾ

**(ਭਾਗ ਦੂਜਾ - ਤੀਜਾ)**



**ਧੰਨ ਗੁਰੂ ਨਾਨਕ ਸਾਹਿਬ ਜੀ**

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

# ਤਤਕਰਾ


| | |
|---|---|
| ਸੇਮਾ ਨਿਵਾਸ | 5 |
| ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ॥ | 10 |
| ਨਰ ਅਚੇਤ ਪਾਪ ਤੇ ਡਰੁ ਰੇ | 12 |
| ਚੂਕਾ ਗਉਣੁ ਮਿਟਿਆ ਅੰਧਿਆਰੁ॥ | 16 |
| ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ। | 20 |
| ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ | 22 |
| ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ | 25 |
| ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ | 30 |
| ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥ | 35 |
| ਚਿੰਤ ਅਚਿੰਤਾ ਸਗਲੀ ਗਈ ॥ | 42 |
| ਅਪਨੀ ਸੇਵਾ ਆਪਿ ਕਰਾਈ ਗੁਰਮਤਿ ਅੰਤਰਿ ਜਾਗੀ॥ | 46 |
| ਸੰਤ ਬਹਾਲ ਦਾਸ ਦੇ ਮਨ ਅੰਦਰ ਫੁਰਨਾ ਬਨਣਾ | 49 |
| ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥ | 66 |
| ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥ | 68 |
| ਨਾ ਕਰਿ ਚਿੰਤ ਚਿੰਤਾ ਹੈ ਕਰਤੇ | 75 |
| ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ | 78 |
| ਵੇਪਰਵਾਹੁ ਅਨੰਦ ਮੈ ਨਾਉ ਮਾਣਕ ਹੀਰਾ ॥ | 82 |
| ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥ | 85 |
| ਹੁਕਮੁ ਨ ਜਾਣੈ ਬਹੁਤਾ ਰੋਵੈ ॥ | 89 |
| ਸਾਧ ਸੇਵਾ ਵਡਭਾਗੀ ਪਾਈਐ | 93 |
| ਦੁਹਾ ਸਿਰਿਆ ਕਾ ਆਪਿ ਸੁਆਮੀ ॥ | 96 |
| "ਸੰਤ ਸਰਣਿ ਸੰਤ ਟਹਲ ਕਰੀ" | 99 |
| ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ | 101 |
| ਪਰਖਿ ਖਜਾਨੈ ਪਾਇ ਸੇ ਬਹੁੜਿ ਨ ਖੋਟਿਆ ॥ | 103 |

| | |
|---|---|
| ਸਰਬ ਰੋਗ ਕਾ ਅਉਖਦੁ ਨਾਮੁ ॥ | 106 |
| ਜੋ ਇਛੇ ਸੋਈ ਫਲੁ ਪਾਵੈ॥ | 110 |
| ਸਭ ਰੋਗ ਮਿਟਾਵੇ ਨਵਾ ਨਿਰੋਆ ॥ | 112 |
| ਧੰਨੁ ਸੇਵਾ ਸੇਵਕੁ ਪਰਵਾਨੁ | 115 |
| ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥ | 118 |
| ਜੋ ਜੋ ਚਿਤਵੈ ਦਾਸੁ ਹਰਿ ਮਾਈ ॥ | 121 |
| ਮਤਿ ਥੋੜੀ ਸੇਵ ਗਵਾਈਐ ॥ | 124 |
| ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥ | 126 |
| ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ ॥ | 129 |
| ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥ | 131 |
| ਕਰਨ ਕਰਾਵਨ ਕਰਨੈ ਜੋਗੁ ॥ | 132 |
| ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ | 134 |
| ਤਿਨ ਜਨ ਕੀ ਸੇਵਾ ਥਾਇ ਪਈ | 137 |
| ਜਿਨ ਕਉ ਨਦਰਿ ਕਰਮੁ ਤਿਨ ਕਾਰ ॥ | 140 |
| ਸੰਤਨ ਕੀ ਸੁਣਿ ਸਾਚੀ ਸਾਖੀ ॥ | 143 |
| ਸਤਿਗੁਰ ਬਚਨ ਤੁਮ੍ਹਾਰੇ ॥ ਨਿਰਗੁਣ ਨਿਸਤਾਰੇ ॥ | 144 |
| ਡੇਰਾ ਬਾਬਾ ਰੂੰਮੀ ਵਾਲਾ ਭੁਚੋ ਕਲਾਂ | 148 |
| ਸੰਤ ਬਾਬਾ ਸੁਖਦੇਵ ਸਿੰਘ ਜੀ ਮੰਦਰ ਮੁਹਾਰ ਨਾਨਕਸਰ | 149 |


***

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
॥ ਜਪੁ ॥
ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥
ਸਲੋਕ
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥
(ਹਾਕਲ ਛੰਦ)

**ਜੈ ਸਤਿਗੁਰ ਨਾਨਕ ਦੇਵਾ। ਗੁਰ ਅੰਗਦ ਅਮਰ ਅਭੇਵਾ॥**
**ਗੁਰੂ ਰਾਮ ਦਾਸ ਸੁਖ ਰਾਸਾ । ਸ੍ਰੀ ਅਰਜਨ ਬੁਧ ਪ੍ਰਕਾਸਾ॥੧॥**
**ਸ੍ਰੀ ਹਰ ਗੋਬਿੰਦ ਗੁਰ ਸੂਰੇ। ਹਰਿ ਰਾਇ ਬਿਘਨ ਕਰੁ ਦੂਰੇ॥**
**ਗੁਰੂ ਸ੍ਰੀ ਹਰਿ ਕ੍ਰਿਸ਼ਨ ਸੁਆਮੀ। ਪ੍ਰਭ ਤੁਮ ਹੋ ਅੰਤਰ ਜਾਮੀ॥੨॥**
**ਗੁਰੂ ਅਰਜਨ ਜੀ ਕੇ ਪੋਤੇ। ਜੇ ਆਪ ਨਾ ਜਗ ਮੈਂ ਹੋਤੇ॥**
**ਕੋ ਹਿੰਦਨ ਧਰਮ ਬਚਾਵੇ। ਅਬ ਦਸਮ ਗੁਰੂ ਸਿਰ ਨਿਆਵੈ॥੩॥**
**ਗੁਰ ਗਰੰਥ ਗੁਰੂ ਕੀ ਬਾਣੀ। ਜਿਨ ਕੈ ਮਨ ਮੈ ਇਹੁ ਭਾਣੀ॥**
**ਤੇ ਜਗ ਮੈ ਸੰਤ ਕਹਾਂਏ। ਸਿਤ ਤਿਨ ਚਰਨਨ ਪਰ ਸਿਰ ਲਾਏ॥੪॥**

## ਕਬਿੱਤ

**ਮਹਾਂ ਗਿਆਨ ਦਾਨ ਦਾਤੇ ਨਾਮ ਰਸ ਮਹਿ ਰਾਤੇ**
**ਮਹਿਮਾ ਮਹਾਨ ਕੈਸੇ ਕਹੇ ਏਕ ਰਸਨਾ॥**
**ਚਿੰਤ ਕੋ ਅਚਿੰਤ ਰਾਮ ਕੀਓ ਏਕ ਪਲ ਮਹਿ**
**ਅਪਨਾ ਬਿਗਾਨਾ ਭੂਲੇ ਭਏ ਭਰਮ ਭਸ਼ਨਾ॥**
**ਨਿਹਾਲ ਕੀਏ ਏਕ ਹੀ ਦ੍ਰਿਸ਼ਟ ਸੇ ਬਹਾਲ ਦਾਸ**
**ਨਾਮ ਰੰਗ ਰਾਤੇ ਪੁਨ ਗਰਭ ਨਾ ਗ੍ਰਸਨਾ॥**

**ਮਹਾਂ ਹਰਨਾਮ ਹਰੀ ਸੂਬ ਸਿਧ ਕਾਮ ਕਰੀ**
**ਕਲਮਲ ਹਰੀ ਪੇਖ ਆਪ ਕੋ ਦਰਸਨਾ॥**

## ਕੁੰਡਲੀਆ

**ਸ੍ਰੀ ਸੰਤ ਮਹਾਂ ਹਰਨਾਮ ਸਿੰਘ ਹਾਥ ਜੋਰ ਪਰਨਾਮ॥**
**ਨਾਮ ਜਪਿਓ ਜਿਨ ਕੈ ਬਚਨ ਅਨੰਦ ਹਰੀ ਸੁਖਧਾਮ॥**
**'ਅਨੰਦ ਹਰੀ' ਸੁਖਧਾਮ ਬਚਨ ਕੇ ਪੂਰੇ ਸੂਰੇ॥**
**ਸਰਬ ਕਲਾ ਸਮ੍ਰਥ ਭਏ ਕਿਉ ਹੋਵੇ ਊਰੇ॥**
**ਸਿਫਤ ਨਾ ਸਕੈ ਬਖਾਨ ''ਬ੍ਰਹਿਮਾ'' ''ਬਿਸ਼ਨ'' ''ਮਹੈਸ਼ਰੀ''॥**
**ਨਮਸਕਾਰ ਤਵ ਚਰਨ ਪਰ ਪਰਮ ਜੋਤ ਪ੍ਰਮੇਸ਼ਰੀ॥**

## ੧ਓ ਸਤਿਗੁਰ ਪ੍ਰਸਾਦਿ॥

# ਸੇਮਾ ਨਿਵਾਸ

ਨੋਟ : ਸੇਮਾ ਪਿੰਡ ਭੁੱਚੋ-ਭਗਤਾ ਸੜਕ ਤੋਂ ੩ ਕਿਲੋਮੀਟਰ ਦੇ ਫਾਸਲੇ ਤੇ ਸਥਿਤ ਹੈ।

ਸੇਮਾ ਪਿੰਡ ਵਿੱਚ ਇੱਕ ਗੁਰਮੁਖ ਸਿੱਖ ਸੰਤ ਸੇਵੀ, ਸੇਵਾ ਦੇ ਭਾਵ ਨਾਲ ਭਰਿਆ ਹੋਇਆ ਗ੍ਰਹਿਸਤੀ ਜੀਵਨ ਬਤੀਤ ਕਰ ਰਿਹਾ ਸੀ। ਕਾਰੋਬਾਰ ਖੇਤੀਬਾੜੀ ਕਰਦਾ ਸੀ। ਪਤੀ ਪਤਨੀ ਇਕੋ ਹੀ ਤਰ੍ਹਾਂ ਦੇ ਵਿਚਾਰ ਰੱਖਣ ਵਾਲੇ ਸਨ। ਗੁਰਮੁਖ ਦਾ ਸ਼ੁਭ ਨਾਮ ਠਾਕਰਾ ਸਿੰਘ ਸੀ। ਸੋ ਇਸ ਸੇਵਾ ਭਾਵ ਰੱਖਣ ਵਾਲੇ ਪਰਿਵਾਰ ਨੂੰ ਸੇਵਾ ਕਰਨ ਦਾ ਸਮਾਂ ਨਸੀਬ ਹੋਇਆ ਜਿਵੇਂ ਗੁਰਬਾਣੀ ਵਿੱਚ ਫੁਰਮਾਣ ਹੈ :

**ਸੰਤ ਕਾ ਸੰਗੁ ਵਡਭਾਗੀ ਪਾਈਐ॥ ਸੰਤ ਕੀ ਸੇਵਾ ਨਾਮੁ ਧਿਆਈਐ॥**

**ਗਉੜੀ ਸੁਖਮਨੀ ਮਃ ੫॥**

ਮਹਾਂਪੁਰਖ ਦੀ ਸੰਗਤ ਕਰਨ ਨਾਲ ਹੀ ਬੰਦੇ ਦੇ ਮਨ ਅੰਦਰ ਨਾਮ ਜਪਣ ਦੀ ਵਿਚਾਰ ਆਉਂਦੀ ਹੈ। ਪਰ ਇਹ ਸੰਗਤ ਵੀ ਪੁਰਬਲੇ ਜਨਮਾਂ ਦੇ ਪੁੰਨ ਕਰਕੇ ਨਸੀਬ ਹੁੰਦੀ ਹੈ। ਹੋਰ ਦੁਨਿਆਵੀ ਪਦਾਰਥ ਵੀ ਪੁੰਨਾਂ ਦਾ ਹੀ ਫਲ

ਹਨ। ਜੇ ਭਾਗ ਥੋੜੇ ਹੋਵਣ ਤਾਂ ਪੁੱਤਰ, ਧਨ, ਵਡਿਆਈ ਆਦਿ ਮਿਲ ਜਾਏਗਾ। ਜੇ ਵੱਡੇ ਭਾਗ ਹੋਵਣ ਤਾਂ ਮਿਲੇਗੀ ਗੁਰੂ ਕੀ ਬਾਣੀ। ਬੰਦਾ ਭਟਕਦਾ ਫਿਰੇਗਾ ਪਰ ਬਾਣੀ ਉਹੀ ਪੜ੍ਹੇਗਾ ਜਿਸ ਦਾ ਗੁਰੂ ਨਾਨਕ ਆਪ ਬੂਹਾ ਖੋਲ੍ਹੇਗਾ।

ਕਲਯੁਗ ਪ੍ਰੇਰਦਾ ਹੈ ਦੁਨੀਆਦਾਰ ਨੂੰ ਆਹ ਵੇਖ ਜਿਹੜੀ ਦੁਨੀਆਂ ਮੈਂ ਵਸਾਈ ਹੈ ਪਰ ਮਹਾਂਪੁਰਖ ਆਖਦੇ ਹਨ ਨਾ ਬਈ ਆ ਦਰਗਾਹ ਦੇਖ ਗੁਰੂ ਨਾਨਕ ਦੀ, ਜਿਥੇ ਸੱਚ ਖੰਡ ਵਸੈ ਨਿਰੰਕਾਰ। ਕੋਈ ਇੱਕ ਅੱਖਰ ਮਨ ਵਿੱਚ ਵਸਾ ਲੈ ਇੱਕ ਅੱਖਰ ਨਾਲ ਵੀ ਤਰ ਜਾਏਂਗਾ। ਪਰ ਮਹਾਂਪੁਰਖ ਦੀ ਸੰਗਤ ਤਾਂ ਸਭ ਤੋਂ ਉਤਮ ਗੁਰੂ ਸਾਹਿਬ ਨੇ ਦਰਸਾਈ ਹੈ :-

**ਜਨ ਕਾ ਸੰਗੁ ਪਾਈਐ ਵਡਭਾਗੀ ਨਾਨਕ ਸੰਤਨ ਕੈ ਕੁਰਬਾਨ ॥**

**ਸਾਰੰਗ ਮ: ੫ ॥**

ਸੋ ਜੇ ਤੇਰੇ ਭਾਗ ਚੰਗੇ ਹਨ ਤਾਂ ਬਾਣੀ ਪੜ। ਜੇ ਬਣਾਉਣੇ ਹਨ ਤਾਂ ਵੀ ਬਾਣੀ ਪੜ, ਬਾਣੀ ਸੁਣ, ਬਾਣੀ ਤੇ ਅਮਲ ਕਰ, ਉਸ ਸੱਚੇ ਦੀ ਸੰਗਤ ਕਰ। ਤੁਲਸੀ ਦਾਸ ਜੀ ਨੇ ਜਿਵੇਂ ਦੱਸਿਆ ਹੈ:-

**ਸੁਤ ਦਾਰਾ ਅਰ ਲੱਛਮੀ ਪਾਪੀ ਕੇ ਭੀ ਹੋਇ ॥**
**ਸੰਤ ਸਮਾਗਮ ਹਰਿ ਕਥਾ ਤੁਲਸੀ ਦੁਰਲੱਭ ਦੋਇ ॥**

ਸੋ ਇਸ ਗੁਰਸਿਖ ਪਰਿਵਾਰ ਦੇ ਘਰ ਬਾਬਾ ਜੀ ਨੇ ਦੋ ਸਾਲ ਦਾ ਸਮਾਂ ਬਤੀਤ ਕੀਤਾ। ਇਨ੍ਹਾਂ ਦੇ ਘਰ ਇੱਕ ਚੁਬਾਰਾ ਬਣਿਆ ਹੋਇਆ ਹੈ। ਜੋ ਹੁਣ ਵੀ ਪੱਕਾ ਮੌਜੂਦ ਹੈ। ਉਸ ਵਿੱਚ ਬਾਬਾ ਜੀ ਦਾ ਆਸਣ ਸੀ। ਬਾਬਾ ਜੀ ਨੇ ਇਨ੍ਹਾਂ ਨੂੰ ਆਪਣੇ ਕੁਝ ਨਿਯਮ ਦੱਸੇ :-

"ਪਹਿਲਾ ਇਹ ਕਿ ਸਾਡੀ ਬਾਬਤ ਪਿੰਡ ਵਿੱਚ ਕਿਸੇ ਕੋਲੋਂ ਨਾ ਚੰਗੀ ਤੇ ਨਾ ਮਾੜੀ ਗੱਲ ਸੁਣਨੀ ਅਤੇ ਨਾ ਹੀ ਆਪ ਕਰਨੀ ਹੈ।" ਜਿਵੇਂ ਬਾਣੀ ਦਸਦੀ ਹੈ।

**ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥**
**ਲੋਹਾ ਕੰਚਨੁ ਸਮਕਰਿ ਜਾਨਹਿ ਤੇ ਮੂਰਤਿ ਭਗਵਾਨਾ ॥**

**ਕੇਦਾਰਾ ਭਗਤ ਕਬੀਰ ਜੀ ਅੰਗ ੧੧੨੩**

"ਦੂਜਾ ਇਹ ਹੈ ਕਿ ਜਿਸ ਵਕਤ ਸਾਡੇ ਕੋਲ ਆਉਣਾ ਹੋਵੇ ਤਾਂ ਦਰਵਾਜ਼ੇ ਦੇ ਬਾਹਰ ਹੀ ਖੜੇ ਧੰਨ ਗੁਰੂ ਨਾਨਕ ਜਾਂ ਸਤਿਨਾਮ ਦੀ ਅਵਾਜ਼ ਦੇਣੀ ਹੈ

ਜੇ ਸਾਡੇ ਵਲੋਂ ਕੋਈ ਉਤਰ ਨਾ ਮਿਲੇ ਤਾਂ ਕੋਲ ਨਹੀਂ ਆਉਣਾ ਜਾਂ ਬੈਠਣਾ ਨਹੀਂ, ਵਾਪਿਸ ਚਲੇ ਜਾਣਾ ਹੈ।"

ਤੀਸਰਾ ਹੈ ਭੋਜਨ ਬਾਰੇ। ਇੱਕ ਦਰਮਿਆਨੇ ਆਕਾਰ ਦੀ ਮੁਠੀ ਆਟੇ ਦੀ ਲੈ ਕੇ ਉਸ ਨੂੰ ਖੰਡ ਦੇ ਮਿੱਠੇ ਪਾਣੀ ਵਿੱਚ ਗੁਨਣਾ। ਜਿਸ ਸਮੇਂ ਤਿਆਰ ਕਰਨਾ ਹੈ, ਅੱਗ ਮੱਠੀ ਮੱਠੀ ਹੋਵੇ। ਪਰੌਂਠੇ ਉਪਰ ਥੋੜਾ ਥੋੜਾ ਘਿਓ ਪਾਉਂਦੇ ਰਹਿਣਾ। ਸੋ ਇਹ ਤਿੰਨ ਨਿਯਮਾਂ ਦਾ ਅਦਬ ਕਰਨਾ ਹੈ।

ਬਾਬਾ ਜੀ ਨੇ ਇਸ ਪਰੌਂਠੇ ਨਾਲ ਕਈ ਦਿਨ ਲੰਘਾ ਲੈਣੇ। ਜਿਵੇਂ ਗੁਰਬਾਣੀ ਦਾ ਫੁਰਮਾਨ ਹੈ:-

**ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥**

**ਆਸਾ ਦੀ ਵਾਰ ਮ: ੧**

**ਅਲਪ ਅਹਾਰ ਸੁਲਾਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥**

**ਰਾਮਕਲੀ ਪਾਤਸ਼ਾਹੀ ੧੦**

ਹਰ ਵੇਲੇ ਪਾਣੀ ਦਾ ਬਰਤਨ ਬਾਬਾ ਜੀ ਆਪਣੇ ਪਾਸ ਰੱਖਦੇ ਸਨ। ਕਦੇ ਜਦੋਂ ਫੁਰਨਾ ਬਨਣਾ ਠਾਕਰਾ ਸਿੰਘ ਨੂੰ ਕੋਲ ਬੁਲਾ ਲੈਣਾ ਤੇ ਕਈ ਤਰ੍ਹਾਂ ਦੇ ਬਚਨ ਕਰਨੇ। ਇੱਕ ਵਾਰ ਬਾਬਾ ਜੀ ਨੇ ਠਾਕਰਾ ਸਿੰਘ ਨੂੰ ਦੱਸਿਆ ਠਾਕਰਾ ਸਿੰਘ ਤੁਸੀਂ ਜਿਹੜੇ ਜਾਪ ਕਰਦੇ ਹੋ ਉਸ ਵਿੱਚ ਆਪ ਦਾ ਮਨ ਨਹੀਂ ਲੱਗਦਾ। ਇੱਕ ਵਾਰ ਤਾਂ ਇਹ ਸੁਣ ਕੇ ਉਹ ਹੈਰਾਨ ਜਿਹਾ ਹੋ ਕੇ ਰਹਿ ਗਿਆ ਕਿ ਇਨ੍ਹਾਂ ਨੂੰ ਕਿਵੇਂ ਪਤਾ ਲੱਗਿਆ। ਫਿਰ ਥੋੜ੍ਹਾ ਸੰਭਲ ਕੇ ਬੇਨਤੀ ਕੀਤੀ।

"ਮਹਾਰਾਜ ਆਪ ਦਾਸ ਤੇ ਕ੍ਰਿਪਾ ਕਰੋ, ਮਨ ਕਿਸੇ ਤਰ੍ਹਾਂ ਲੱਗੇ।"

"ਕੁਝ ਸਮਾਂ ਠਹਿਰ ਫਿਰ ਦੱਸ ਦੇਵਾਂਗੇ" ਬਾਬਾ ਜੀ ਨੇ ਫੁਰਮਾਇਆ।

ਇਸ ਤਰ੍ਹਾਂ ਉਥੇ ਰਹਿੰਦਿਆਂ ਕੁਝ ਸਮਾਂ ਬਾਬਾ ਜੀ ਨੇ ਸਵੇਰੇ ਸਵੇਰੇ ਬਾਹਰ ਚਲੇ ਜਾਣਾ ਅਤੇ ਸ਼ਾਮ ਨੂੰ ਵਾਪਸ ਆ ਜਾਣਾ ਕਈ ਵਾਰ ਰਾਤ ਨੂੰ ਚਲੇ ਜਾਣਾ ਤੇ ਸਵੇਰ ਹੋਣ ਤੋ ਪਹਿਲਾਂ ਘਰ ਮੁੜ ਆਉਣਾ। ਇਸ ਸਮੇਂ ਅੰਦਰ ਕਿਸੇ ਹੋਰ ਆਦਮੀ ਦੇ ਸਾਹਮਣੇ ਹੀ ਨਾ ਹੋਣਾ। ਕਦੇ ਜ਼ਰੂਰਤ ਮਹਿਸੂਸ ਕਰਨਾ ਤਾਂ ਦੁੱਧ ਮੰਗ ਕੇ ਛੱਕ ਲੈਣਾ ਨਹੀਂ ਤਾਂ ਹਰ ਵੇਲੇ ਮਸਤ ਹੀ ਰਹਿਣਾ ਆਪਣੇ ਹੀ ਰੰਗ ਵਿੱਚ ਜਿਵੇਂ ਫੁਰਮਾਨ ਆਉਂਦਾ ਹੈ।

**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥**

**ਆਸਾ ਦੀ ਵਾਰ ਮ: ੧**

**ਅਨ ਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥**

**ਸਾਰੰਗ ਮ: ੫**

ਇੱਕ ਵਾਰ ਸਮਾਂ ਆਇਆ ਬਾਬਾ ਜੀ ਨੇ ਚੁਬਾਰਾ ਨਾ ਖੋਲ੍ਹਿਆ ਠਾਕਰਾ ਸਿੰਘ ਉਪਰ ਚੜ੍ਹਿਆ ਤੇ ਧੰਨ ਗੁਰੂ ਨਾਨਕ ਦੀ ਆਵਾਜ਼ ਦਿੱਤੀ ਪਰ ਆਪ ਅਡੋਲ ਰਹੇ ਕੋਈ ਉੱਤਰ ਨਾ ਦਿੱਤਾ। ਠਾਕਰਾ ਸਿੰਘ ਵਾਪਸ ਮੁੜ ਆਇਆ ਤੇ ਆਪਣੀ ਪਤਨੀ ਨੂੰ ਕਹਿਣ ਲੱਗਾ, "ਤਿੰਨ ਦਿਨ ਤਿੰਨ ਰਾਤਾਂ ਹੋ ਗਈਆਂ ਹਨ ਬਾਬਾ ਜੀ ਜਿਸ ਰੰਗ ਵਿੱਚ ਬੈਠੇ ਹਨ, ਉਸੇ ਤਰ੍ਹਾਂ ਚੌਂਕੜਾ ਮਾਰੇ ਅੱਜ ਚੌਥੀ ਰਾਤ ਵੀ ਸ਼ੁਰੂ ਹੋ ਚੱਲੀ ਹੈ। ਕੋਈ ਸਰੀਰ ਦਾ ਅੰਗ ਵੀ ਨਹੀਂ ਹਿਲਾਇਆ।"

ਘਰਵਾਲੀ ਨੇ ਕਿਹਾ "ਛੇ ਮਹੀਨੇ ਦਾ ਸਮਾਂ ਬੀਤ ਗਿਆ ਹੈ ਇਥੇ ਚਰਨ ਪਾਇਆ, ਪਹਿਲਾਂ ਕਦੇ ਵੀ ਇਨੀ ਦੇਰ ਸਮਾਧੀ ਨਹੀਂ ਲਾਈ ਇੱਕ ਦਿਨ ਤੇ ਇਕ ਰਾਤ ਤਾਂ ਪਹਿਲਾਂ ਵੀ ਲੰਘਾ ਦਿੰਦੇ ਸਨ।"

ਠਾਕਰਾ ਸਿੰਘ ਨੇ ਕਿਹਾ "ਹੁਣ ਕੀ ਹੋ ਸਕਦਾ ਹੈ।"

"ਮੈਨੂੰ ਤਾਂ ਆਪ ਕੁਝ ਸਮਝ ਨਹੀਂ ਆ ਰਹੀ ਮੈਂ ਕੀ ਦੱਸ ਸਕਦੀ ਹਾਂ।"

ਠਾਕਰਾ ਸਿੰਘ ਬੋਲਿਆ, "ਤਾਂ ਫਿਰ ਅੱਜ ਮੈਂ ਵੀ ਰੋਟੀ ਨਹੀਂ ਖਾਵਾਂਗਾ। ਸਾਰੀ ਰਾਤ ਇਥੇ ਹੀ ਬਹਿ ਕੇ ਕੱਟਾਂਗਾਂ। ਤੂੰ ਆਪਣਾ ਭੋਜਨ ਕਰ ਲੈ।"

"ਮੈਂ ਤਾਂ ਆਪ ਨੂੰ ਪਹਿਲਾਂ ਵੀ ਕਹਿ ਚੁੱਕੀ ਹਾਂ ਕਿ ਕਈ ਵਾਰ ਖੜੇ ਖੜੇ ਹੀ ਸਾਰੀ ਰਾਤ ਲੰਘਾ ਦਿੰਦੇ ਹਨ। ਕਈ ਵਾਰ ਦਿਨ ਵੀ ਇਸੇ ਹਾਲਤ ਵਿੱਚ ਟੱਪਦਾ ਹੈ।"

"ਜਦੋਂ ਤੁਸੀਂ ਪਿਛਲੇ ਸਮੇਂ ਵਿੱਚ ਦੋ ਦਿਨ ਬਾਹਰ ਗਏ ਸੀ ਤਾਂ ਮੈਂ ਕਾਫੀ ਕੁਝ ਦੇਖ ਚੁੱਕੀ ਹਾਂ ਇੱਕ ਦਿਨ ਮੈਨੂੰ ਕਹਿਣ ਲੱਗੇ, ਦੁੱਧ ਚਾਹੀਦਾ ਹੈ।"

ਸ਼ਾਮ ਨੂੰ ਮੈਂ ਗਊ ਦਾ ਦੁੱਧ ਲੈ ਕੇ ਗਈ, ਉਸ ਸਮੇਂ ਮੰਜੇ ਤੋਂ ਹੇਠਾਂ ਖੜ੍ਹੇ ਸਨ। ਮੈਂ ਸਤਿਨਾਮ ਦੀ ਅਵਾਜ਼ ਦੇ ਕੇ ਦੁੱਧ ਰੱਖ ਕੇ ਮੁੜ ਆਈ। ਅਗਲੇ ਦਿਨ ਸਵੇਰੇ ਫਿਰ ਜਾ ਕੇ ਸਤਿਨਾਮ ਦੀ ਅਵਾਜ਼ ਦੇ ਕੇ ਕੁਝ ਛੱਕਣ ਲਈ,

ਲਿਆਉਣ ਵਾਸਤੇ ਬੇਨਤੀ ਕੀਤੀ। ਖੜ੍ਹੇ ਖੜ੍ਹੇ ਅੱਗੋਂ ਹੱਸ ਕੇ ਕਹਿਣ ਲੱਗੇ, "ਰਾਤ ਵਾਲਾ ਦੁੱਧ ਹੁਣ ਪੀਵਾਂਗੇ।"

ਮੈਂ ਕਿਹਾ "ਮਹਾਰਾਜ ਇਹ ਖਰਾਬ ਹੋ ਗਿਆ ਹੋਵੇਗਾ" ਤਾਂ ਕਹਿਣ ਲੱਗੇ, "ਇਹ ਤਾਂ ਉਸੇ ਤਰ੍ਹਾਂ ਦਾ ਹੈ ਦੇਖ ਲਵੋ। ਜਦੋਂ ਮੈਂ ਨੇੜੇ ਹੋ ਕੇ ਦੇਖਿਆ ਤਾਂ ਦੁੱਧ ਜਿਸ ਤਰ੍ਹਾਂ ਦਾ ਤਾਜ਼ਾ ਚੋ ਕੇ ਮੈਂ ਰੱਖ ਕੇ ਆਈ ਸੀ ਉਸੇ ਤਰ੍ਹਾਂ ਦਾ ਪਿਆ ਸੀ।"

"ਮੈਂ ਇੱਕ ਦਿਨ ਪਰੌਂਠਾ ਤਿਆਰ ਕਰਕੇ ਨਾਲ ਲੈ ਗਈ ਸੀ। ਪਰਦੇ ਵਿੱਚ ਕੀਤਾ ਦੇਖ ਕੇ ਹੱਸ ਕੇ ਕਹਿਣ ਲੱਗੇ, "ਅੱਜ ਪਰੌਂਠੇ ਵਿੱਚ ਖੰਡ ਨਹੀਂ ਹੈ।"

"ਇਹ ਸੁਣ ਕੇ ਮੈਨੂੰ ਮੇਰੀ ਗਲਤੀ ਦਾ ਅਹਿਸਾਸ ਹੋਇਆ। ਫਿਰ ਕਹਿਣ ਲੱਗੇ, "ਹੁਣ ਖੰਡ ਅਸੀਂ ਆਪੇ ਪਾ ਲਵਾਂਗੇ।"

"ਮੈਂ ਚੁਪ ਕਰਕੇ ਖੜੀ ਹੋ ਗਈ ਤੇ ਮਨ ਵਿੱਚ ਸੋਚਣ ਲੱਗ ਪਈ ਇਨ੍ਹਾਂ ਕੋਲ ਖੰਡ ਕਿਥੋਂ ਆ ਗਈ।" ਸੋਚਾਂ ਸੋਚਦੀ ਹੇਠਾਂ ਆ ਕੇ ਆਪ ਜੀ ਨੂੰ ਤਾਂ ਭੇਜਿਆ ਸੀ ਕਿ ਉਪਰ ਬਾਬਾ ਜੀ ਨੂੰ ਖੰਡ ਦੇ ਆਉ। ਫਿਰ ਤੁਸੀਂ ਹੀ ਤਾਂ ਮੈਨੂੰ ਦੱਸਿਆ ਸੀ ਕਿ ਬਾਬਾ ਜੀ ਤਾਂ ਪਰੌਂਠੇ ਉਪਰ ਖੰਡ ਆਪਣੇ ਕੋਲੋਂ ਹੀ ਪਾ ਰਹੇ ਸਨ। ਹਾਂ, ਹੁਣ ਯਾਦ ਆਇਆ ਬਾਬਾ ਜੀ ਨੇ ਮੈਨੂੰ ਕਿਹਾ ਸੀ ਕਿ ਇੰਨੀ ਛੇਤੀ ਕਰਨ ਦੀ ਕੀ ਲੋੜ ਸੀ, ਖੰਡ ਸਾਡੇ ਕੋਲ ਸੀ। ਤੂੰ ਬਾਹਰੋਂ ਕੰਮ ਤੋਂ ਥੱਕਿਆ ਹੋਇਆ ਆਇਆ ਸੀ ਝੱਟ ਆਰਾਮ ਕਰ ਲੈਂਦਾ।' ਫਿਰ ਮੈਂ ਬੇਨਤੀ ਕੀਤੀ ਸੀ ਕਿ ਮਹਾਰਾਜ ਅੱਜ ਗਲਤੀ ਨਾਲ ਪਰੌਂਠੇ ਵਿੱਚ ਖੰਡ ਪਾਉਣੀ ਭੁੱਲ ਗਏ ਸੀ। ਥੋੜ੍ਹਾ ਜਿਹਾ ਮੁਸਕਰਾ ਕੇ ਉਨ੍ਹਾਂ ਕਿਹਾ ਸੀ' ਖੰਡ ਸਾਨੂੰ ਕੋਈ ਦੇ ਗਿਆ ਸੀ, ਸਾਡਾ ਮਤਲਬ ਹੱਲ ਹੋ ਗਿਆ ਹੈ।

"ਇਸੇ ਨੂੰ ਦੇਖ ਕੇ ਮੈਂ ਹੈਰਾਨ ਹੋ ਰਿਹਾ ਹਾਂ ਇੰਨ੍ਹਾਂ ਦੇ ਕੋਲ ਕੋਈ ਆਉਂਦਾ ਨਹੀਂ। ਇਹ ਆਪ ਕਿਸੇ ਕੋਲ ਜਾਂਦੇ ਨਹੀਂ। ਖੰਡ ਇੰਨ੍ਹਾਂ ਦੇ ਕੋਲ ਕਿਵੇਂ ਆ ਗਈ। ਇੰਨ੍ਹਾਂ ਸੋਚਾਂ ਵਿੱਚ ਡੁੱਬਿਆ ਹੀ ਮਨ ਪਤਾ ਨਹੀਂ ਕਿੰਨੀਆਂ ਹੀ ਸੋਚਾਂ ਸੋਚਦਾ ਚਲਾ ਗਿਆ।"

ਸਮਾਂ ਆਪਣੀ ਤੋਰ ਤੁਰਦਾ ਗਿਆ ਤੇ ਫਿਰ ਇੱਕ ਦਿਨ ਐਸਾ ਸਮਾਂ ਆਇਆ ਤੇ ਫਿਰ ਹੋ ਗਈ ਠਾਕਰਾ ਸਿੰਘ ਤੇ ਮੇਹਰ ਦੀ ਨਿਗਾਹ।

**ਨੋਟ** : ਪਹਿਲੇ ਪ੍ਰਸੰਗ ਠਾਕਰਾ ਸਿੰਘ ਦੇ ਘਰ ਵਿੱਚ ਰਿਹਾਇਸ਼ ਕਰ ਰਹੇ ਪਰਿਵਾਰ ਵੱਲੋਂ ਮਿਲੇ ਹਨ। ਜੋ ਕਿ ਇਨ੍ਹਾਂ ਦੇ ਪਰਿਵਾਰ ਦੀ ਰਿਸ਼ਤੇਦਾਰੀ ਵਿਚੋਂ ਹਨ। ਕੁਝ ਪਿੰਡਾਂ ਦੇ ਬਿਰਧ ਮਨੁੱਖਾਂ ਪਾਸੋਂ ਮਿਲੇ ਹਨ।

# ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥

**ਬਿਲਾਵਲੁ ਮ: ੫, ਅੰਗ ੮੧੦**

"ਉਠ ਠਾਕਰਾ ਸਿੰਘ ਅੱਖਾਂ ਖੋਲ ਕਿਨ੍ਹਾਂ ਚਿਰ ਹੋ ਗਿਆ ਕੱਲ ਦਾ ਅੱਧਾ ਦਿਨ ਅੱਜ ਦੀ ਸਾਰੀ ਰਾਤ ਬੀਤ ਗਈ ਹੈ।" ਠਾਕਰਾ ਸਿੰਘ ਨੇ ਅੱਖਾਂ ਖੋਲ੍ਹੀਆਂ ਤਾਂ ਹੱਥ ਜੁੜ ਗਏ ਮਾਨੋ ਇਉਂ ਕਹਿ ਰਿਹਾ ਹੋਵੇ:-

**ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ ॥**
**ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥**

**ਤੁਖਾਰੀ ਛੰਦ ਮ: ੫**

ਜਿਵੇਂ ਜਿਵੇਂ ਸਰੀਰ ਦੀ ਬੁਧ ਸੁਧ ਆਉਂਦੀ ਗਈ ਉਸੇ ਤਰ੍ਹਾਂ ਮਨ ਨੂੰ ਚਾਨਣ ਹੁੰਦਾ ਆਇਆ ਕਿ ਮੈਂ ਸਾਰੀ ਰਾਤ ਕਿਸ ਤਰ੍ਹਾਂ ਖੜੇ ਹੋ ਕੇ ਲੰਘਾਈ ਹੈ। ਕਿਵੇਂ ਚੁਬਾਰੇ ਦੀ ਪੌੜੀ ਚੜ੍ਹਿਆ ਉਸ ਥਾਂ ਤੇ ਖੜੋ ਕੇ ਕਿਸ ਤਰ੍ਹਾਂ ਪਾਠ ਕੀਤਾ। ਪਾਠ ਸ਼ੁਰੂ ਕਰਨ ਦੀ ਦੇਰ ਹੀ ਸੀ ਕਿ ਕੋਈ ਪਤਾ ਹੀ ਨਹੀਂ ਲੱਗ ਸਕਿਆ। ਅਜੇ ਵੀ ਠਾਕਰਾ ਸਿੰਘ ਖੜਾ ਆਪ ਨੂੰ ਇਵੇਂ ਸਮਝਦਾ ਹੈ ਕਿ ਮੇਰੇ ਸਰੀਰ ਨੂੰ ਕੀ ਹੋ ਗਿਆ ਕੀ ਮੈਂ ਕੋਈ ਸੁਪਨਾ ਦੇਖ ਲਿਆ ਹੈ। ਸਰੀਰ ਹੌਲਾ ਫੁੱਲ ਹੋ ਗਿਆ, ਜਿਵੇਂ ਕੋਈ ਭਾਰ ਸਰੀਰ ਉਪਰੋਂ ਲੱਥ ਗਿਆ ਹੋਵੇ। ਸਤਿਗੁਰ ਦਾ ਬਾਣੀ ਵਿੱਚ ਫੁਰਮਾਨ ਹੈ:-

**ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ ॥**
**ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥**

**(ਗਉੜੀ ਮਾਲਾ ਮਹਲਾ ੫, ਅੰਗ ੨੧੪)**

ਕਿਸੇ ਮਹਾਂਪੁਰਖਾਂ ਦੀ ਸੰਗਤ ਕੀਤੀ ਤੇ ਸੇਵਾ ਕਮਾਈ ਦਾ ਫਲ ਅੱਜ ਸਾਹਮਣੇ ਆ ਗਿਆ ਹੈ।

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥**

**ਗਉੜੀ ਮ: ੫, ੨੦੪**

ਵੈਰਾਗ ਹੋਵੇ ਵੈਰਾਗ ਵਿੱਚ ਰਸ ਹੋਵੇ। ਖੁਸ਼ਕ ਵੈਰਾਗ ਕੁਝ ਨਹੀਂ ਸੰਵਾਰਦਾ। ਸਤਗੁਰ ਫੁਰਮਾਉਂਦੇ ਹਨ –

**ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ॥**

**ਆਸਾ ਮ: ੫**

ਇਸ ਕਰਕੇ ਜਾਗਿਆਸੂ ਨੂੰ ਖੁਸ਼ਕ ਵੈਰਾਗ ਤੇ ਖੁਸ਼ਕ ਗਿਆਨ ਕਿਸੇ ਮੰਜ਼ਲ ਤੇ ਨਹੀਂ ਪਹੁੰਚਾ ਸਕਦੇ। ਜਿਵੇਂ ਕੋਈ ਆਦਮੀ ਦਰਿਆ ਪਾਰ ਕਰਨ ਵੇਲੇ ਉਸ ਬੇੜੀ ਉਤੇ ਸਵਾਰ ਹੋਵੇ ਜਿਸ ਵਿੱਚ ਬਹੁਤ ਸਾਰੇ ਛੇਕ ਹੋਣ ਉਹ ਬੇੜੀ ਪਾਣੀ ਨਾਲ ਭਰ ਕੇ ਮੰਝਧਾਰ ਵਿੱਚ ਕਿਸ ਵਕਤ ਡੁੱਬ ਜਾਏ ਪਤਾ ਨਹੀਂ। ਜਿਵੇਂ ਕਬੀਰ ਜੀ ਨੇ ਉਚਾਰਣ ਕੀਤਾ ਹੈ :

**ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ॥**

**ਸਲੋਕ ਕਬੀਰ ਜੀ, ੧੩੬੬**

"ਵੈਰਾਗ ਹੋਵੇ ਰਸ ਵਾਲਾ ਉਹੀ ਸਫਲ ਵੈਰਾਗ ਹੈ" ਅੱਖਾਂ ਵਿੱਚ ਹੰਝੂ ਭਰੇ ਹੋਣ ਸ਼ੁਕਰਾਨੇ ਦੇ। ਜਿਵੇਂ ਕੋਈ ਸੁਪਨੇ ਵਿੱਚ ਡਰਦਾ ਚੀਕਾਂ ਮਾਰਦਾ ਹੋਵੇ ਕੋਈ ਉਸ ਨੂੰ ਜਗਾ ਦੇਵੇ। ਉਹ ਨੀਂਦਰ ਖੁੱਲਣ ਤੋਂ ਬਾਅਦ ਜਗਾਉਣ ਵਾਲੇ ਦਾ ਬਹੁਤ ਅਹਿਸਾਨਮੰਦ ਹੁੰਦਾ ਹੈ। ਇਸ ਕਰਕੇ ਸੁਪਨੇ ਵਾਲੀ ਡਰਨ ਦੀ ਹਾਲਤ ਲੰਘ ਗਈ। ਹੁਣ ਜਾਗ ਪਿਆ ਹੈ, ਜਾਗਣ ਤੋਂ ਬਾਅਦ ਸੋਚਦਾ ਹੈ ਇਥੇ ਤਾਂ ਕੋਈ ਚੀਜ਼ ਨਹੀਂ ਸੀ। ਮੈਂ ਐਵੇਂ ਡਰ ਰਿਹਾ ਸੀ।

**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥**

**(ਗਉੜੀ ਮ: ੫, ੨੦੪)**

ਬਾਬਾ ਜੀ ਨੇ ਹੱਸ ਕੇ ਪੁੱਛਿਆ, "ਅੱਜ ਤਾਂ ਤੇਰਾ ਮਨ ਕਿਤੇ ਨਹੀਂ ਗਿਆ।" ਅੱਗੋਂ ਠਾਕਰਾ ਸਿੰਘ ਨੇ ਉੱਤਰ ਦਿੱਤਾ।

"ਆਪ ਜੀ ਦੀ ਮੇਹਰ ਹੋ ਗਈ ਹੈ।" ਬਾਬਾ ਜੀ ਨੇ ਕਿਹਾ ਹੁਣ ਇਸੇ ਤਰ੍ਹਾਂ ਹੀ ਰਹੇਂਗਾ ਅੱਛਾ ਹੁਣ ਲਿਆ ਕੁਝ ਛੱਕਣ ਲਈ।

ਠਾਕਰਾ ਸਿੰਘ ਨੇ ਕਿਹਾ "ਜੋ ਹੁਕਮ ਹਜ਼ੂਰ ਦਾ ਹਾਜ਼ਰ ਕਰਾਂਗਾ" ਬਾਬਾ ਜੀ ਬੋਲੇ, "ਦੁੱਧ ਲੈ ਕੇ ਆਵੀਂ।" ਠਾਕਰਾਂ ਸਿੰਘ ਦੁੱਧ ਲੈ ਆਇਆ ਅਤੇ

ਬਾਬਾ ਜੀ ਨੇ ਦੁੱਧ ਸੇਵਨ ਕਰ ਲਿਆ। ਬਾਅਦ ਵਿੱਚ ਫੁਰਮਾਉਣ ਲੱਗੇ, "ਤੂੰ ਪੁੱਛਿਆ ਸੀ ਕਿ ਮਨ ਕਿਸ ਤਰ੍ਹਾਂ ਲੱਗੇ ਸੋ ਅੱਜ ਤੇਰਾ ਮਨ ਲੱਗ ਗਿਆ ਹੈ।" ਫਿਰ ਕਹਿਣ ਲੱਗੇ, "ਜਿਸ ਮਹਾਤਮਾ ਦੀ ਪਹਿਲਾਂ ਸੇਵਾ ਕੀਤੀ ਹੈ ਉਸਦਾ ਫਲ ਤੂੰ ਅੱਜ ਪਾ ਲਿਆ ਹੈ।" ਫਿਰ ਉਸ ਮਹਾਤਮਾ ਦਾ ਨਾਮ ਮੁੱਖ ਤੇ ਲਿਆ ਕੇ ਬੋਲੇ ਕਿ ਓਹਨਾਂ ਦਾ ਨਾਮ ਬ੍ਰਹਮ ਦਾਸ ਸੀ। ਉਸ ਸੇਵਾ ਦੇ ਕਰਕੇ ਹੀ ਸਾਡਾ ਆਉਣ ਦਾ ਫੁਰਨਾ ਬਣਿਆ ਅਤੇ ਤੇਰਾ ਸਾਡੇ ਨਾਲ ਪਿਛਲਾ ਸਬੰਧ ਵੀ ਚਲਿਆ ਆ ਰਿਹਾ ਹੈ।" ਬਾਬਾ ਜੀ ਜਿਵੇਂ ਜਿਵੇਂ ਬਚਨ ਕਰਦੇ ਗਏ ਠਾਕਰਾ ਸਿੰਘ ਨੂੰ ਵੀ ਇਵੇਂ ਲੱਗਾ ਜਿਸ ਤਰ੍ਹਾਂ ਕਿ ਪਿਛਲਾ ਸਭ ਕੁਝ ਨਾਲ ਹੀ ਨਾਲ ਦੇਖ ਰਿਹਾ ਹੋਵੇ। ਫਿਰ ਸੋਝੀ ਆਈ ਤਾਂ ਲੱਗਾ ਕਹਿਣ "ਮਹਾਰਾਜ ਸਭ ਸਤਿ ਹੈ ਸਤਿ ਹੈ।" ਬਾਬਾ ਜੀ ਨੇ ਕਿਹਾ ਕਿ ਘਰ ਵਾਲੀ ਨੂੰ ਵੀ ਬੁਲਾ ਲਿਆ। ਜਿਸ ਸਮੇਂ ਉਹ ਕੋਠੇ ਉੱਪਰ ਆਈ ਤਾਂ ਉਸ ਨੂੰ ਸਵਾਲ ਕੀਤਾ "ਕਿ ਤੇਰੀ ਵੀ ਕੋਈ ਇੱਛਾ ਹੈ ਤਾਂ ਮੰਗ ਲੈ"। ਉਹ ਅੱਗੋਂ ਬੋਲੀ ਹੀ ਨਹੀਂ। ਤਿੰਨ ਵਾਰ ਬਾਬਾ ਜੀ ਨੇ ਇਹ ਬਚਨ ਉਚਾਰਨ ਕੀਤਾ, ਉਹ ਚੁੱਪ ਹੀ ਰਹੀ। ਜਦੋਂ ਉਹ ਨਾ ਬੋਲੀ ਤਾਂ ਬਾਬਾ ਜੀ ਨੇ ਕਿਹਾ "ਚੰਗਾ! ਸਮਾਂ ਆਉਣ ਤੇ ਠਾਕਰਾ ਸਿੰਘ ਦੀ ਕਮਾਈ ਵਿਚੋਂ ਤੈਨੂੰ ਵੀ ਕੁਝ ਮਿਲ ਜਾਵੇਗਾ।"

## ਨਰ ਅਚੇਤ ਪਾਪ ਤੇ ਡਰੁ ਰੇ

ਸੇਮਾ ਪਿੰਡ ਵਿੱਚ ਇੱਕ ਜਗਾ ਕੁਝ ਬੰਦੇ ਖੜ੍ਹੇ ਆਪਸ ਵਿੱਚ ਕੁਝ ਗੱਲਾਂ ਕਰਦੇ ਹਨ। ਉਨ੍ਹਾਂ ਵਿੱਚੋਂ ਇੱਕ ਨੇ ਕਿਹਾ "ਠਾਕਰਾ ਸਿੰਘ ਦੇ ਘਰ ਵਿਚੋਂ ਪਾਣੀ ਕਾਫੀ ਮਾਤਰਾ ਵਿੱਚ ਆਉਂਦਾ ਹੈ, ਜਿਸ ਦੇ ਨਾਲ ਸਾਰੀ ਗਲੀ ਵਿੱਚ ਚਿੱਕੜ ਹੋਇਆ ਰਹਿੰਦਾ ਹੈ।" ਇਸ ਦੇ ਜਵਾਬ ਵਿੱਚ ਦੂਸਰੇ ਨੇ ਉੱਤਰ ਦਿੱਤਾ, "ਕਿ ਇਹ ਪਾਣੀ ਦੋ ਚਾਰ ਦਿਨਾਂ ਦਾ ਨਹੀਂ ਇਸ ਨੂੰ ਡੁੱਲਦੇ ਤਾਂ ਡੇਢ ਸਾਲ ਹੋ ਗਿਆ ਹੈ।" ਇੱਕ ਹੋਰ ਹੀ ਪਾਸ ਖੜਾ ਹੈਰਾਨ ਜਿਹਾ ਹੋ ਕੇ ਬੋਲਦਾ ਹੈ, "ਇਹ ਐਨਾ ਪਾਣੀ ਕਿਉਂ ਡੋਲਦੇ ਹਨ। ਪਾਣੀ ਦੀ ਪਹਿਲਾਂ ਹੀ ਬਹੁਤ ਕਮੀ ਹੈ। ਅੱਠ ਦਿਨਾਂ ਪਿੱਛੋਂ ਮਹਿਰਾ ਖੂਹ ਤੋਂ ਪਾਣੀ ਭਰਦਾ ਹੈ, ਫਿਰ ਕਿਤੇ ਜਾ ਕੇ ਸਾਰੇ ਪਿੰਡ ਵਿੱਚ ਪੀਣ ਵਾਸਤੇ ਮੁਸ਼ਕਲ ਨਾਲ ਮਿਲਦਾ ਹੈ। ਇਹ ਪਾਣੀ

ਦੀ ਕਦਰ ਨਹੀਂ ਕਰਦੇ ਐਵੇਂ ਬੇਅਰਥ ਗਵਾਈ ਜਾਂਦੇ ਹਨ।"

ਪਹਿਲਾ ਆਦਮੀ ਫਿਰ ਉਤਰ ਵਿੱਚ ਆਖਦਾ ਹੈ, "ਕਿ ਠਾਕਰਾ ਸਿੰਘ ਦੀ ਪਤਨੀ ਆਪਣੇ ਹੱਥੀਂ ਦਿਨ ਵਿੱਚ ਅਨੇਕਾ ਵਾਰ ਟੋਭੇ ਤੋਂ ਪਾਣੀ ਭਰ ਕੇ ਲਿਆਉਂਦੀ ਹੈ।" ਪਹਿਲਾ ਫਿਰ ਕਹਿੰਦਾ ਹੈ "ਕਿ ਮੈਂ ਕਿਸੇ ਪਾਸੋਂ ਸੁਣਿਆ ਹੈ ਕਿ ਇੰਨ੍ਹਾਂ ਦੇ ਚੁਬਾਰੇ ਵਿੱਚ ਕੋਈ ਸੰਤ ਰਹਿੰਦੇ ਹਨ ਉਹ ਸਾਰਾ ਦਿਨ ਪਾਣੀ ਵਰਤੋਂ ਵਿੱਚ ਲਿਆਉਂਦੇ ਹਨ।" ਦੂਜਾ ਹੈਰਾਨ ਹੋ ਕੇ ਪੁੱਛਦਾ ਹੈ 'ਕਿ ਉਹ ਐਨਾ ਪਾਣੀ ਕਿਸ ਲਈ ਵਰਤਦੇ ਹਨ ? ਤੀਜਾ ਕਹਿੰਦਾ ਹੈ 'ਬਈ ਉਹ ਮੂੰਹ ਧੋਣ ਲਈ ਹੀ ਘੜਿਆਂ ਦੇ ਘੜੇ ਮੂਧੇ ਕਰ ਦਿੰਦੇ ਹਨ ਤਾਂ ਹੀ ਗਲੀ ਵਿੱਚ ਸਾਰੇ ਪਾਣੀ ਖਲੋਤਾ ਹੈ' ਤੀਜੇ ਨੇ ਸੁਭਾਵਿਕ ਹੀ ਕਹਿ ਦਿੱਤਾ।

ਫਿਰ ਉਨ੍ਹਾਂ ਵਿੱਚ ਸਵਾਲ ਉਠਦਾ ਹੈ ਕਿ ਇਹ ਸੰਤ ਕੌਣ ਤੇ ਕਿਥੋਂ ਆਇਆ ਹੈ? ਤੀਜਾ ਬੰਦਾ ਕਹਿੰਦਾ ਹੈ "ਠਾਕਰਾ ਸਿੰਘ ਤਾਂ ਪਹਿਲਾ ਤੋਂ ਹੀ ਸੰਤਾਂ ਮਹਾਤਮਾ ਦੀ ਸੰਗਤ ਕਰਨ ਵਾਲਾ ਹੈ ਕਿਉਂ ਕਿ ਪਹਿਲਾਂ ਵੀ ਇਹ ਸੰਤ ਬ੍ਰਹਮਦਾਸ ਦੀ ਸੇਵਾ ਕਰਦਾ ਸੀ ਤੇ ਇਸ ਚੁਬਾਰੇ ਵਿੱਚ ਹੀ ਉਹਨਾਂ ਨੇ ਚੋਲਾ ਛੱਡਿਆ ਸੀ।"

ਥੋੜ੍ਹੀ ਦੇਰ ਬਾਅਦ ਹੀ ਇੱਕ ਹੋਰ ਇਨ੍ਹਾਂ ਦਾ ਸੰਗੀ ਬਣ ਗਿਆ ਤੇ ਆ ਕੇ ਪੁੱਛਣ ਲੱਗ ਪਿਆ "ਕਿ ਕੀ ਗੱਲਾਂ ਪਏ ਕਰਦੇ ਹੋ ਸੁੱਖ ਤਾਂ ਹੈ?" ਤਿੰਨੇ ਹੀ ਕਹਿਣ ਲੱਗੇ ਆ ਕੇ ਨੇੜੇ ਤੂੰ ਵੀ ਸੁਣ ਲੈ। ਇੱਕ ਨੇ ਵਾਰਤਾ ਸ਼ੁਰੂ ਕੀਤੀ "ਠਾਕਰਾ ਸਿੰਘ ਦੇ ਘਰ ਕੋਈ ਸੰਤ ਆਇਆ ਹੈ ਤੇ ਰਹਿੰਦਾ ਉਸ ਦੇ ਚੁਬਾਰੇ ਵਿੱਚ ਹੈ। ਜਿਥੇ ਪਹਿਲਾਂ ਸੰਤ ਬ੍ਰਹਮਦਾਸ ਰਹਿੰਦਾ ਸੀ। ਨਵੇਂ ਆਉਣ ਵਾਲੇ ਮਨੁੱਖ ਨੇ ਅਚਾਨਕ ਹੀ ਉਸ ਦੀ ਗੱਲ ਵਿੱਚੋਂ ਕੱਟ ਕੇ ਕਹਿ ਹੀ ਦਿੱਤਾ ਫਿਰ ਉਸ ਦੇ ਉਪਰ ਤੁਹਾਨੂੰ ਕੀ ਇਤਰਾਜ ਹੈ। ਤਾਂ ਪਹਿਲਾਂ ਖੜੇ ਬੰਦਿਆਂ ਨੇ ਕਿਹਾ ਕਿ ਉਹ ਬਹੁਤ ਪਾਣੀ ਡੋਲਦਾ ਹੈ, ਜਿਸ ਕਰਕੇ ਸਾਰੀ ਗਲੀ ਚਿੱਕੜ ਨਾਲ ਭਰੀ ਰਹਿੰਦੀ ਹੈ। ਨਵੇਂ ਆਉਣ ਵਾਲੇ ਨੇ ਕਿਹਾ ਕਿ ਮੈਨੂੰ ਵੀ ਥੋੜੀ ਬਹੁਤੀ ਜਾਣਕਾਰੀ ਇਨ੍ਹਾਂ ਬਾਰੇ ਮਿਲੀ ਹੈ ਕਿ ਸੰਤ ਪਹਿਲਾਂ ਸਿਰੀਏ ਵਾਲੇ ਪਿੰਡ ਰਹਿ ਕੇ ਆਏ ਹਨ। ਉਥੇ ਆਪਣੇ ਪਿੰਡ ਦੇ ਨੰਬਰਦਾਰ ਦੇਵਾ ਸਿੰਘ ਦੇ ਸਹੁਰੇ ਹਨ। ਇਨ੍ਹਾਂ ਸੰਤਾਂ ਨੂੰ ਨੰਬਰਦਾਰ ਹੀ ਲੈ ਕੇ ਆਇਆ ਸੀ। ਉਸ ਨੇ ਠਾਕਰਾ ਸਿੰਘ ਨੂੰ ਕਹਿ ਕੇ ਇਥੇ ਉਤਾਰਾ ਰੱਖ ਦਿੱਤਾ ਏ। ਜਿਸ ਤਰ੍ਹਾਂ

ਸੰਤ ਬ੍ਰਹਮਦਾਸ ਸ਼ਕਤੀ ਵਾਲਾ ਸੀ। ਇਹ ਸੰਤ ਵੀ ਉਸੇ ਵਰਗੇ ਹਨ। ਜਾਂ ਹੋ ਸਕਦਾ ਹੈ ਉਸ ਤੋਂ ਵੀ ਵੱਧ ਹੋਣ। ਇਹ ਪ੍ਰਮਾਤਮਾ ਜਾਣੇ ਜਾਂ ਇਹ ਆਪ ਜਾਨਣ। ਪਹਿਲਾ ਆਦਮੀ ਫਿਰ ਹੈਰਾਨ ਹੋ ਕੇ ਪੁੱਛਦਾ ਹੈ ਕਿ ਇਹ ਕੀ ਗੱਲ ਹੈ ਤਾਂ ਨਵੇਂ ਆਦਮੀ ਨੇ ਉੱਤਰ ਦਿੱਤਾ ਕਿ ਇਸ ਬਾਰੇ ਤੁਸੀਂ ਸੋਚੋ। ਠਾਕਰਾ ਸਿੰਘ ਨੂੰ ਤਾਂ ਆਪਾਂ ਸਾਰੇ ਹੀ ਜਾਣਦੇ ਹਾਂ। ਦੇਖੋ ਸੰਤ ਬ੍ਰਹਮਦਾਸ ਇਸ ਦੇ ਕੋਲ ਕਾਫੀ ਦੇਰ ਰਹੇ ਤਾਂ ਤੁਸੀਂ ਦੱਸੋ ਕਿ ਜਿਸ ਨੇ ਪਹਿਲਾਂ ਸੰਤ ਨੂੰ ਘਰ ਰੱਖ ਕੇ ਸੇਵਾ ਕੀਤੀ ਕੀ ਉਸ ਕੋਲ ਕੋਈ ਸਾਧੂ ਆ ਕੇ ਰਹੇ ਤੇ ਉਹ ਉਸ ਮਹਾਤਮਾ ਦੀ ਸੇਵਾ ਕਰਦਾ ਨਾ ਅੱਕੇ ਤੇ ਨਾ ਥੱਕੇ। ਵੇਖਿਆ ਹੈ ਕਿ ਉਸ ਦੀ ਘਰ ਵਾਲੀ ਕਿਵੇਂ ਸਾਰਾ ਦਿਨ ਘੜੇ ਨਾਲ ਪਾਣੀ ਢੋਣ ਲੱਗੀ ਰਹਿੰਦੀ ਹੈ। ਤਾਂ ਇਸ ਬਾਰੇ ਆਪ ਹੀ ਸਮਝ ਲਈਏ ਕਿ ਇਹ ਬ੍ਰਹਮਦਾਸ ਤੋਂ ਘੱਟ ਨਹੀਂ। ਫਿਰ ਮੈਂ ਇਹ ਵੀ ਸੁਣਿਆ ਹੈ ਕਿ ਇਸ ਨੇ 'ਸਿਰੀਏ ਵਾਲੇ' ਕੋਈ ਤਾਕਤ ਵਖਾਈ ਸੀ।

ਸਿਰੀਏ ਵਾਲੇ ਦੀ ਵਾਰਤਾ ਪਹਿਲੇ ਹਿੱਸੇ ਵਿੱਚ ਦਰਸਾਈ ਹੈ।

ਸੋ ਕੋਈ ਸ਼ਕਤੀ ਇਨ੍ਹਾਂ ਨੇ ਠਾਕਰਾ ਸਿੰਘ ਨੂੰ ਵੀ ਦਿਖਾਈ ਹੋਵੇਗੀ ਐਂਵੇ ਤਾਂ ਨਹੀਂ ਸਾਰਾ ਟੱਬਰ ਸੇਵਾ ਵਿੱਚ ਲਗਾ ਹੋਇਆ। ਇਹ ਸੁਣ ਕੇ ਸਾਰੇ ਹੀ ਚੁੱਪ ਹੋ ਗਏ ਤੁਹਾਡੀ ਇਸ ਗੱਲ ਦਾ ਮਤਲਬ ਮੈਂ ਨਹੀਂ ਸਮਝ ਸਕਿਆ ਕਿ ਤੁਸੀਂ ਤਿੰਨੇ ਕੀ ਚਾਹੁੰਦੇ ਹੋ। ਪਹਿਲਾ ਖੜਿਆ ਵਿਚੋਂ ਇੱਕ ਨੇ ਕਿਹਾ ਕਿ ਗਲੀ ਵਿੱਚ ਚਿਕੜ ਬਹੁਤ ਹੋ ਜਾਦਾ ਹੈ ਇਥੋਂ ਲੰਘਣਾ ਬਹੁਤ ਔਖਾ ਹੋ ਜਾਂਦਾ ਹੈ। ਇਹ ਮੈਨੂੰ ਇਕੱਲੇ ਨੂੰ ਹੀ ਦੁੱਖ ਨਹੀਂ ਸਾਰੇ ਪਿੰਡ ਨੂੰ ਹੀ ਹੈ ਜੇ ਹੋ ਸਕੇ ਤਾਂ ਠਾਕਰਾ ਸਿੰਘ ਨੂੰ ਹੀ ਕਹਿ ਛੱਡੀਏ। ਨਵੇਂ ਆਏ ਆਦਮੀ ਨੇ ਫਿਰ ਕਿਹਾ ਕਿ ਠਾਕਰਾ ਸਿੰਘ ਤਾਂ ਪਾਣੀ ਨਹੀਂ ਡੋਲਦਾ। ਪਾਣੀ ਤਾਂ ਉਹ ਸੰਤ ਹੀ ਡੋਲਦੇ ਹਨ। ਠਾਕਰਾ ਸਿੰਘ ਤਾਂ ਸੇਵਾ ਕਰਦਾ ਹੈ ਜਿਤਨੀ ਦੇਰ ਇਹ ਸੰਤ ਇਥੇ ਰਹਿਣਗੇ ਪਾਣੀ ਡੁੱਲਦਾ ਹੀ ਰਹੇਗਾ ਸੰਤਾਂ ਨੂੰ ਕੁਝ ਕਹਿਣਾ ਠੀਕ ਨਹੀਂ। ਤੁਹਾਨੂੰ ਪਤਾ ਹੀ ਹੋਵੇਗਾ ਕਿ ਜਦੋਂ ਸੰਤ ਬ੍ਰਹਮਦਾਸ ਦੇ ਬਾਰੇ ਬਾਬੇ ਭੂਪ ਸਿੰਘ ਨੂੰ ਲੋਕਾਂ ਨੇ ਕੌੜੇ ਬਚਨ ਕਹੇ ਸਨ। ਪਰ ਬਾਬਾ ਭੂਪ ਸਿੰਘ ਨੇ ਕਿਸੇ ਨੂੰ ਮਾੜਾ ਲਫਜ਼ ਤੱਕ ਨਹੀਂ ਕਿਹਾ। ਸਗੋਂ ਕਿਹਾ ਕਿ ਇਹ ਮਹਾਂਪੁਰਖ ਹਨ, ਜਿਸ ਰਜਾ ਵਿੱਚ ਹਨ ਠੀਕ ਹਨ। ਜਿਨ੍ਹਾਂ ਨੇ ਭੂਪ ਸਿੰਘ ਨੂੰ ਉਕਸਾਉਣ ਦੀ ਕੋਸ਼ਿਸ

ਕੀਤੀ ਸੀ। ਉਨ੍ਹਾਂ ਵਿਚੋਂ ਹਕੂਮਤ ਸਿੰਘ ਨਾਮ ਦੇ ਬੰਦੇ ਨੇ ਕਿਹਾ ਕਿ ਹੁਣ ਬਾਬੇ ਨੇ ਨਹੀਂ ਮੰਨਣਾ ਨਹੀਂ ਤਾਂ ਆਪਾਂ ਬ੍ਰਹਮਦਾਸ ਨੂੰ ਹੁਣੇ ਹੀ ਸਬਕ ਸਿਖਾ ਦਿੰਦੇ ਹਾਂ। ਸਾਧੂ ਮਨ ਆਈਆਂ ਕਰਨੋਂ ਹਟ ਜਾਵੇਗਾ।

ਸੰਤ ਬ੍ਰਹਮਦਾਸ ਨੇ ਬਾਹਰ ਇੱਕ ਝੌਂਪੜੀ ਬਣਾਈ ਹੋਈ ਸੀ। ਉਸ ਵਿੱਚ ਬੈਠ ਕੇ ਪ੍ਰਭੂ ਦਾ ਸਿਮਰਨ ਕਰਦੇ ਸਨ। ਹਕੁਮਤ ਸਿੰਘ ਉਸ ਝੁੱਗੀ ਦੇ ਰਸਤੇ ਵਿੱਚ ਅਪਾਣੀ ਬੰਦੂਕ ਲੈ ਕੇ ਬੈਠ ਗਿਆ। ਕਿਉਂ ਜੋ ਸੰਤ ਵਾਪਸ ਆਏ ਤਾਂ ਗੋਲੀ ਮਾਰ ਕੇ ਉਨ੍ਹਾਂ ਦਾ ਅੰਤ ਕਰ ਦਿਆਂਗਾ। ਜਦੋਂ ਸੰਤ ਝੁੱਗੀ ਵਿਚੋਂ ਨਿਕਲ ਕੇ ਪਿੰਡ ਵੱਲ ਮੁੜੇ ਤਾਂ ਹਕੂਮਤ ਸਿੰਘ ਗੋਲੀ ਚਲਾਉਣ ਲੱਗਾ ਸੀ ਤਾਂ ਉਸ ਨੂੰ ਨਜ਼ਰੀ ਆਉਣਾ ਬੰਦ ਹੋ ਗਿਆ। ਉਸ ਨੇ ਬੰਦੂਕ ਰੱਖ ਦਿੱਤੀ ਤਾਂ ਨਜ਼ਰ ਠੀਕ ਹੋ ਗਈ। ਇਹ ਕੌਤਕ ਤਿੰਨ ਵਾਰ ਵਰਤਿਆ। ਇੰਨੇ ਸਮੇਂ ਵਿੱਚ ਸੰਤ ਜੀ ਵੀ ਨੇੜੇ ਪਹੁੰਚ ਗਏ। ਉਸ ਨੂੰ ਖੜਾ ਵੇਖ ਕੇ ਕਹਿਣ ਲੱਗੇ ਤੈਨੂੰ ਤਾਂ ਸਾਡੇ ਉਪਰ ਝੂਠੇ ਇਲਜਾਮ ਲਾ ਕੇ ਸਬਰ ਨਾ ਆਇਆ ਗੋਲੀ ਮਾਰਨ ਲਈ ਵੀ ਤਿਆਰ ਹੋ ਗਿਆ। ਤੇਰਾ ਨਿਸ਼ਾਨਾ ਤਾਂ ਤਿੰਨ ਵਾਰ ਠੀਕ ਨਹੀਂ ਆਇਆ ਪਰ ਸਾਡਾ ਛੱਡਿਆ ਹੋਇਆ ਤੀਰ ਬੇਅਰਥ ਨਹੀਂ ਜਾਣਾ। ਤੂੰ ਨਿਰਵੈਰਾਂ ਨਾਲ ਵੈਰ ਕਮਾਂਵਦਾ ਏ ਸਾਡੀ ਜਾਨ ਲੈਣ ਤੋਂ ਵੀ ਸੰਕੋਚ ਨਹੀਂ ਕਰਦਾ ਤਾਂ ਫਿਰ ਸੰਤਾਂ ਨੇ ਬਾਣੀ ਦੀਆਂ ਇਹ ਤਿੰਨ ਵਾਰ ਪੰਗਤੀਆਂ ਪੜੀਆਂ ਜੋ ਹੇਠਾਂ ਅੰਕਿਤ ਹਨ।

**ਅਬ ਜਨ ਊਪਰਿ ਕੋ ਨ ਪੁਕਾਰੈ ॥**
**ਪੂਕਾਰਨ ਕਉ ਜੋ ਉਦਮੁ ਕਰਤਾ ਗੁਰੁ ਪਰਮੇਸਰੁ ਤਾ ਕਉ ਮਾਰੈ ॥**

**ਸਾਰੰਗ ਮ: ਅੰਗ ੧੨੦੫**

ਫਿਰ ਬੋਲੇ "ਜਾਹ ਜਾ ਕੇ ਆਪ ਦੇ ਨਾਮ ਦਾ ਕੋਈ ਰੁੱਖ ਲਗਾ ਦੇਵੀਂ। ਤੇਰੀ ਯਾਦ ਰਹੇਗੀ, ਬਾਕੀ ਕੁਝ ਨਹੀਂ ਰਹਿਣਾ।" ਉਸ ਨਰਦਈ ਹਕੂਮਤ ਸਿੰਘ ਦੀ ਨਿਸ਼ਾਨੀ ਬੋਹੜ ਦਾ ਰੁੱਖ ਹੀ ਚੈਨੀਵਾਲਾ ਛੱਪੜ ਸੇਮਾ ਦੇ ਕਿਨਾਰੇ ਖੜਾ ਹੈ, ਹੋਰ ਕੁਝ ਨਹੀਂ ਇਸ ਸੰਸਾਰ ਵਿਚ। ਕਿਧਰੇ ਆਪਣੇ ਨਾਲ ਵੀ ਉਹ ਹਕੂਮਤ ਸਿੰਘ ਵਾਲੀ ਦਸ਼ਾ ਨਾ ਹੋ ਜਾਵੇ ਵਿਚਾਰ ਕਰਕੇ ਦੇਖ ਲਵੋ। ਅੱਗੇ ਤੁਹਾਨੂੰ ਜੋ ਸਮਝ ਵਿੱਚ ਆਉਂਦਾ ਹੈ ਕਰ ਲਵੋ। ਇਤਨੀ ਵਿਥਿਆ ਸੁਣਾ ਕੇ ਨਵਾਂ ਆਉਣ ਵਾਲਾ ਤਾਂ ਚਲਾ ਗਿਆ। ਪਹਿਲੇ ਤਿੰਨ ਆਦਮੀ ਖੜੇ

ਸੋਚਾਂ ਵਿੱਚ ਪੈ ਗਏ। ਬਿਨਾਂ ਕੁਝ ਜੋਖਮ ਉਠਾਉਣ ਦੇ ਉਥੋਂ ਆਪਣੇ ਘਰਾਂ ਨੂੰ ਚਲੇ ਗਏ।

## ਚੂਕਾ ਗਉਣੁ ਮਿਟਿਆ ਅੰਧਿਆਰੁ।
## ਗੁਰਿ ਦਿਖਲਾਇਆ ਮੁਕਤਿ ਦੁਆਰੁ॥

**ਪ੍ਰਭਾਤੀ ਮਹਲਾ ੫, ਅੰਗ ੧੩੩੯**

ਸਵੇਰ ਦਾ ਸਮਾਂ ਸੀ। ਸਰਦੀ ਦੀ ਰੁੱਤ ਕੁਝ ਮੱਠੀ ਪੈ ਗਈ ਸੀ। ਨਵੇਂ ਖ਼ੂਨ ਵਾਸਤੇ ਇਹ ਰੁੱਤ ਠੀਕ ਭਾਸਦੀ ਹੈ, ਪਰ ਬੱਚੇ ਤੇ ਬ੍ਰਿਧ ਬਿਸਤਰੇ ਵਿਚੋਂ ਕੋਈ ਅੰਗ ਕੱਢਦੇ ਨਹੀਂ। ਪਰ ਜਿਹੜੇ ਬ੍ਰਿਤੀ ਵਾਲੇ ਮਹਾਂਪੁਰਖ ਹਨ ਉਨ੍ਹਾਂ ਲਈ ਤਾਂ ਸਭ ਰੁੱਤਾਂ ਬਰਾਬਰ ਹੀ ਹਨ। ਜਿਨ੍ਹਾਂ ਦੀ ਸੁਰਤੀ ਨਾਮ ਵਿੱਚ ਹੈ ਜਿਵੇਂ ਗੁਰੂ ਵਾਕ ਹੈ-

**ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ॥**

**ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ॥**

**ਸਲੋਕ ਵਾਰਾਂ ਤੇ ਵਧੀਕ ਮ: ੩, ਅੰਗ ੧੪੧੮**

ਨਾਮ ਦੇ ਰਸੀਆਂ ਤੇ ਸਰੀਰਕ ਅਵਸਥਾ ਵਿੱਚ ਇਹ ਤਿੰਨੇ (ਬਾਲ, ਜਵਾਨੀ, ਬੁਢਾਪਾ) ਹਾਲਤਾਂ ਮਨ ਉਤੇ ਅਸਰ ਨਹੀਂ ਕਰਦੀਆਂ ਜਿਵੇਂ ਗੁਰਵਾਕ ਹੈ:-

**ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥**

**ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥**

**ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥**

**ਸਲੋਕ ਵਾਰਾਂ ਤੇ ਵਧੀਕ ਮ: ੩, ਅੰਗ ੧੪੧੪**

ਇਕ ਸਮੇਂ ਬਾਬਾ ਜੀ ਚੁਬਾਰੇ ਵਿੱਚ ਆਪਣੇ ਆਸਣ ਉਪਰ ਅਨੰਦ ਮਗਨ ਬੈਠੇ ਸਨ। ਠਾਕਰਾ ਸਿੰਘ ਆਪਣੇ ਹੀ ਖਿਆਲਾਂ ਵਿੱਚ ਮਸਤ ਵਿਹੜੇ ਵਿੱਚ ਬੈਠਾ ਸੀ ਅਚਾਨਕ ਹੀ ਬਾਬਾ ਜੀ ਨੇ ਅਵਾਜ਼ ਦਿੱਤੀ ਅਵਾਜ਼ ਆਉਂਦਿਆਂ

ਹੀ ਠਾਕਰਾ ਸਿੰਘ ਨੇ ਉਪਰ ਜਾ ਨਮਸਕਾਰ ਕੀਤੀ।

ਹੱਥ ਜੋੜ ਕੇ ਖੜਾ ਹੋ ਗਿਆ ਤੇ ਬੇਨਤੀ ਕੀਤੀ 'ਜੀ ਕੀ ਹੁਕਮ ਹੈ ਅੱਗੋਂ ਬਾਬਾ ਜੀ ਨੇ ਕਿਹਾ' ਕਿ ਆਪਣੀ ਘਰ ਵਾਲੀ ਨੂੰ ਬੁਲਾ ਲੈ'। ਜਦੋਂ ਠਾਕਰਾ ਸਿੰਘ ਨੇ ਆਵਾਜ਼ ਮਾਰੀ ਤਾਂ ਉਸ ਨੇ ਵੀ ਆ ਕੇ ਸੀਸ ਝੁਕਾ ਦਿੱਤਾ। ਬਾਬਾ ਜੀ ਨੇ ਠਾਕਰਾ ਸਿੰਘ ਨੂੰ ਤਾਕੀਦ ਕੀਤੀ ਕਿ ਬੀਬੀ ਜੀ ਨੂੰ ਪੁੱਛ, ਰਾਤ ਇਸ ਨੇ ਕੀ ਦੇਖਿਆ। ਤਾਂ ਉਸ ਨੇ ਕਿਹਾ ਕਿ ਤੁਸੀਂ ਸਭ ਕੁਝ ਜਾਣਦੇ ਹੋ, ਮੈਂ ਕੀ ਦੱਸ ਸਕਦੀ ਹਾਂ।

ਬਾਬਾ ਜੀ ਨੇ ਫਿਰ ਕਿਹਾ ਕਿ ਤੂੰ ਆਪਣੀ ਜ਼ਬਾਨੀ ਹੀ ਸਾਰੀ ਵਿਥਿਆ ਸੁਣਾ। ਤਾਂ ਕਿ ਠਾਕਰਾ ਸਿੰਘ ਵੀ ਸੁਣ ਲਵੇ। ਇਹ ਬਚਨ ਮੰਨ ਕੇ ਉਸ ਨੇ ਰਾਤ ਦੀ ਵਿਥਿਆ ਦੱਸਣੀ ਸ਼ੁਰੂ ਕੀਤੀ। ਰਾਤ ਮੈਂ ਇੱਕ ਐਸੀ ਜਗ੍ਹਾ ਦੇਖੀ ਹੈ ਜੋ ਕਿ ਅਤੀ ਸੁੰਦਰ ਹੈ ਉਸ ਥਾਂ ਤੇ ਬੜੇ ਮਕਾਨ ਬਣੇ ਹਨ, ਜੋ ਵੀ ਉਥੋਂ ਦੇ ਵਸਨੀਕ ਹਨ ਉਹ ਵੀ ਬੜੇ ਮਨ ਮੋਹਣੇ ਹਨ, ਜਿਸ ਦੀ ਸੁੰਦਰਤਾ ਦਾ ਵਰਨਣ ਮੇਰੇ ਕੋਲੋ ਕੀਤਾ ਵੀ ਨਹੀਂ ਜਾਂਦਾ। ਮੇਰੇ ਖੜੀ ਤੋਂ ਇੱਕ ਸਿੱਖ ਆਇਆ ਤੇ ਆ ਕੇ ਇੱਕ ਖਾਲੀ ਪਏ ਮਕਾਨ ਦਾ ਬੂਹਾ ਖੋਲ ਦਿੱਤਾ ਤੇ ਮੈਨੂੰ ਕਿਹਾ ਕਿ ਅੰਦਰ ਲੰਘ ਜਾਉ ਇਹ ਮਕਾਨ ਤੇ ਜਗ੍ਹਾ ਤੁਹਾਡੀ ਹੀ ਹੈ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਜਦੋਂ ਮੈਂ ਅੰਦਰ ਜਾ ਕੇ ਉਸ ਮਕਾਨ ਦੀ ਸੁੰਦਰਤਾ ਤੇ ਸੋਭਾ ਦੇਖੀ ਜਿਸ ਦਾ ਵਰਨਣ ਕਰਨਾ ਵੀ ਔਖਾ ਹੈ ਤਾਂ ਇਹ ਨਜ਼ਾਰਾ ਦੇਖਦੇ ਹੀ ਮੇਰੀ ਅੱਖ ਖੁੱਲ੍ਹ ਗਈ। ਬਾਬਾ ਜੀ ਹੱਸ ਕੇ ਕਹਿਣ ਲੱਗੇ, ਦਰਗਾਹ ਵਿੱਚ ਜਿਹੜੀ ਥਾਂ ਤੁਹਾਨੂੰ ਦਿੱਤੀ ਹੈ, ਉਹ ਅੱਜ ਹੀ ਤੁਹਾਨੂੰ ਅੱਖੀਂ ਦਿਖਾ ਦਿੱਤੀ ਹੈ। ਉਥੇ ਨਿਰੰਕਾਰ ਦੇ ਭਗਤ ਵੱਸਦੇ ਹਨ, ਤੁਸੀਂ ਵੀ ਉਨ੍ਹਾਂ ਦਾ ਇੱਕ ਅੰਗ ਹੋ।

**ਸੂਖ ਮਹਲ ਜਾ ਕੇ ਊਚ ਦੁਆਰੇ ॥ ਤਾ ਮਹਿ ਵਾਸਹਿ ਭਗਤ ਪਿਆਰੇ ॥**

**ਸੂਹੀ ਮਃ ਅੰਗ, ੭੩੯**

ਤੁਹਾਡਾ ਵੀ ਦਰਗਾਹ ਵਿੱਚ ਉਹੀ ਅਸਥਾਨ ਹੈ। ਤੁਹਾਡੇ ਮਨ ਵਿੱਚ ਕਿਤੇ ਸ਼ੱਕ ਨਾ ਰਹੇ ਕਿ ਅਸੀਂ ਕੁਝ ਨਹੀਂ ਦੇਖਿਆ। ਸੋ ਅੱਜ ਤੁਹਾਨੂੰ ਦਿਖਾ ਦਿੱਤਾ ਹੈ। ਤੁਸੀਂ ਉਸ ਥਾਂ ਤੇ ਜਾ ਕੇ ਵੱਸਣਾ ਹੈ। ਪਰ ਤੁਰਦਿਆਂ ਫਿਰਦਿਆਂ ਨਾਮ ਨੂੰ ਨਹੀਂ ਵਿਸਾਰਨਾ। ਇਹ ਤਾਕੀਦ ਹੈ। ਸਭ ਸੁਖ ਨਾਮ ਵਿੱਚ ਹੈ।

ਜਿਥੇ ਨਾਮ ਹੈ ਉਥੇ ਸਭ ਕੁਝ ਹੈ, ਜਿਥੇ ਨਾਮ ਨਹੀਂ ਉਥੇ ਕੁਝ ਵੀ ਨਹੀਂ। ਇਸ ਤਰ੍ਹਾਂ ਉਪਦੇਸ਼ ਬਖਸ਼ ਕੇ ਕ੍ਰਿਤਾਰਥ ਕੀਤਾ।

ਭਾਈ ਨੰਦ ਲਾਲ ਜੀ ਨੇ ਇਉਂ ਫੁਰਮਾਇਆ ਹੈ :-

ਅਰਥ: ਲੁਟ ਦਾ ਮਾਲ ਸਮਝ ਦਮ ਦਮ ਨੂੰ, ਯਾਦ ਸਾਈ ਵਲ ਜਾਵੇ, ਲਾਭ ਉਠਾਵੇ।

ਵਾਂਗ ਹਨੇਰੀ ਉਮਰਾ ਤੇਰੀ, ਗਈ ਨਜ਼ਰ ਨਾ ਆਵੇ, ਝੂਠੇ ਦਾਵੇ।

**ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ।**

**ਗਉੜੀ ਵਾਰ ਮ: ੫, ਅੰਗ ੩੧੯**

ਸੇਮੇ ਨਗਰ ਵਿੱਚ ਦੂਰੋ ਦਿਸੇ ਇੱਕ ਚੁਬਾਰਾ
ਨੀਵੀਂ ਛੱਤ ਨੀਵਾਂ ਦਰਵਾਜ਼ਾ ਲੱਗਾ ਮਿੱਟੀ ਗਾਰਾ॥੧॥
ਵੇਖਣ ਵਾਲੇ ਤਾਈ ਚੁਬਾਰਾ ਇਸ ਤਰ੍ਹਾਂ ਸਮਝਾਵੇ
ਨੀਵਾਂ ਹੋਵੇ ਜੋ ਕੋਈ ਆਵੇ, ਮੂੰਹ ਮੰਗੇ ਸੋ ਪਾਵੈ॥੨॥
ਇਸ ਚੁਬਾਰੇ ਵਾਂਗੂੰ ਆਪਣੇ ਤਨ ਮਨ ਨੂੰ ਸਮਝੇ ਕੱਚਾ,
ਸਿਮਰਿ ਨਾਮ ਨਾ ਕਦੇ ਵਿਸਾਰੇ ਮਿਲਦਾ ਪ੍ਰੀਤਮ ਸੱਚਾ॥੩॥
ਜਿਨ੍ਹਾਂ ਨਿਹੁੰ ਲੱਗਾ ਰੱਬ ਸੇਤੀ, ਉਹ ਰਹਿੰਦੇ ਵਿੱਚ ਚੁਬਾਰੇ,
ਨਾ ਕੋਈ ਜਾਣੇ ਨਾ ਪਛਾਣੇ, ਰੱਬ ਦੇ ਰੰਗ ਨਿਆਰੇ॥੪॥
'ਜਿਨ ਪਟ ਅੰਦਰ ਬਾਹਰ ਗੁਦੜ' ਭਲਿਉ ਭਲੇ ਭੁਲੇਰੇ,
ਪਰੇ ਸੰਮਨ ਜੇ ਮਹਾਂ ਪਾਤਕੀ[੧] ਪਾਰ ਕਰਨ ਬਿਨ ਦੇਰੇ[੨]॥੫॥
ਜਿਸ ਤੇ ਤੇਰੀ ਰਹਿਮਤ[੩] ਹੋਵੇ, ਤੈਨੂੰ ਉਹੀ ਪਛਾਣੈ,
ਰਹਿਮਤ ਹੋਵੇ ਜਹਿਮਤ[੪] ਜਾਵੇ ਨਾਮ ਜਪੈ ਰੰਗ ਮਾਣੇ॥੬॥
ਲਾਲ ਚਮਕਦੇ ਗੋਦੜੀ ਦੇ ਵਿਚ, ਹਰ ਕੋਈ ਬੰਦਾ ਕਹਿੰਦਾ,

ਨੋਟ. ੧. ਮਹਾਪਾਪੀ, ੨. ਮੁਕਤ ਕਰਨ ਲੱਗੇ ਦੇਰ ਨਹੀਂ ਲਾਉਂਦੇ, ੩. ਮੇਹਰ ਜਾਂ ਕਿਰਪਾ, ੪. ਕਾਮ ਕਰੋਧ ਦਾ ਰੋਗ।

ਏਸ ਗੋਦੜੀ ਦੇ ਵਿੱਚ ਭਾਈ ਲਾਲਾਂ ਵਾਲਾ[੫] ਰਹਿੰਦਾ॥੭॥
ਜੀਵਨ ਪਦਵੀ ਮਿਲੇ ਸੰਤ ਤੋਂ, ਸਤਿਗੁਰੂ ਨੇ ਫੁਰਮਾਇਆ,
ਰਾਮ, ਸੰਤ ਵਿੱਚ ਭੇਦ ਨਾ ਕੋਈ, ਤਦੇ ਸੰਤ ਬਣ ਆਇਆ॥੮॥
ਬ੍ਰਹਮ ਆਦਿਕ ਰਿਖੀ, ਮੁਨੀ, ਮੁਨੀਸ਼ਰ, ਜਿਸ ਦਾ ਅੰਤ ਨਾ ਪਾਵਣ।
ਅੰਤ ਬੇਅੰਤ ਨਾ ਗਿਣਤੀ ਆਵੇ, ਨੇਤ ਨੇਤ ਕਹਿ ਗਾਵਣ॥੯॥
ਆਪੇ ਤਰਸ ਪਿਆ ਮਨ ਅੰਦਰ, ਨਾਨਕ ਨਾਮ ਰਖਾ ਕੇ,
ਜੋਤ ਇੱਕ ਦਸ ਜਾਮੇ ਧਾਰੇ, ਕਾਇਆ ਨੂੰ ਪਲਟਾ ਕੇ॥੧੦॥
ਧੁਰ ਕਾ ਮਾਲਕ ਧੁਰ ਕੀ ਬਣੀ, ਬਾਣੀ ਵਿੱਚ ਸਮਾਇਆ,
'ਬਾਣੀ ਗੁਰੂ ਗੁਰੂ ਹੈ ਬਾਣੀ', ਕਹਿ ਕੇ ਸੀਸ ਨਿਵਾਇਆ॥੧੧॥
ਬਾਣੀ ਗੁਰੂ ਨੂੰ ਜਪ ਕੇ ਜਿਸਨੇ ਕੀਤੀ ਕਠਨ ਕਮਾਈ,
ਰੱਬੀ ਜੋਤ ਜਗੀ ਤਿਸ ਅੰਦਰ, ਭੇਦ ਨਾ ਸਮਝੋ ਭਾਈ॥੧੨॥
ਸਾਡੀ ਪਹੁੰਚ ਨਹੀਂ ਰੱਬ ਤੀਕਰ, ਛੋਟੀ ਬੁਧੀ ਵਾਲੇ,
ਇਕ ਪਾਸੇ ਜੱਗ, ਇੱਕ ਪਾਸੇ ਰੱਬ, ਖੜਦੇ ਸੰਤ ਵਿਚਾਲੇ॥੧੩॥
ਫੜ ਕੇ ਸਾਡਾ ਹੱਥ ਸੰਤ ਜਦ, ਰੱਬ ਦੇ ਹੱਥ ਫੜਾਵੇ,
ਵੱਸ ਆਇਆ ਫਿਰ ਛੋੜ ਨਾ ਜਾਈ ਲੱਗੀਆਂ ਤੋੜ ਨਿਭਾਵੇ॥੧੪॥
ਜਿਸ ਤੇ ਨਦਰ ਕਰੇ ਪ੍ਰਮੇਸ਼ਰ, ਉਸ ਦਾ ਸੰਤ ਵਿਚੋਲਾ,
ਹਰਦਮ ਉਹਦੇ ਸਾਹਮਣੇ ਰਹਿੰਦਾ, ਰੱਬ ਨਾ ਕਰਦਾ ਉਹਲਾ॥੧੫॥

ਨੋਟ. ੫. ਪ੍ਰਮੇਸ਼ਰ।

## ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ।

**ਸਲੋਕ ਕਬੀਰ ਕੇ, ਅੰਗ ੧੩੬੫**

ਇਸ ਤਰ੍ਹਾਂ ਕੁਝ ਸਮਾਂ ਪਿੰਡ ਵਿੱਚ ਹੋਰ ਬਤੀਤ ਕੀਤਾ। ਇਥੇ ਹੋਰ ਕੌਣ ਆਇਆ, ਕਿਸ-ਕਿਸ ਨੂੰ ਕਰਤਾਰਥ ਕੀਤਾ ਕੋਈ ਸੋਝੀ ਨਹੀਂ ਪਈ। ਤਕਰੀਬਨ ਦੋ ਸਾਲ ਇਸ ਚੁਬਾਰੇ ਵਿੱਚ ਗੁਜਾਰੇ। ਠਾਕਰਾ ਸਿੰਘ ਤੇ ਬਖਸ਼ਿਸਾ ਹੋਈਆਂ। ਉਸਦੀ ਘਰ ਵਾਲੀ ਦੇ ਫਿਕਰ ਦੂਰ ਕੀਤੇ। ਠਾਕਰਾ ਸਿੰਘ ਪਹਿਲਾਂ ਵੀ ਸਿਧ ਪੁਰਸ਼ ਹੀ ਸੀ। ਪਰ ਬਾਬਾ ਜੀ ਦੀ ਮੇਹਰ ਦੀ ਨਜ਼ਰ ਸਦਕਾ ਉਸਦੀ ਅਵੱਸਥਾ ਹੋਰ ਵੀ ਉੱਚੀ ਹੋ ਗਈ। ਉਸ ਨੂੰ ਕੁਝ ਅੰਤਰ ਯਾਮਤਾ ਵੀ ਹੋ ਗਈ ਸੀ। ਉਸ ਦੇ ਕੁਝ ਜ਼ਬਾਨੀ ਦੱਸੇ ਬਚਨ ਉਨ੍ਹਾਂ ਦੇ ਮੌਜੂਦਾ ਪਰਿਵਾਰ ਵੱਲੋਂ ਦੱਸੇ ਗਏ ਹਨ ਜੋ ਨਿਮਨ ਲਿਖਤ ਵਿੱਚ ਦਰਸਾਏ ਜਾ ਰਹੇ ਹਨ।

ਉਸ ਸਿਧ ਪੁਰਸ਼ ਦੇ ਲੜਕੇ ਨੂੰ ਕਿਸੇ ਥਾਂ ਤੋਂ ਰਿਸ਼ਤਾ ਹੋਣ ਲਈ ਆਇਆ, ਜਦ ਘਰ ਵਾਲਿਆਂ ਨੇ ਰਿਸ਼ਤੇ ਬਾਰੇ ਠਾਕਰਾ ਸਿੰਘ ਤੋਂ ਸਲਾਹ ਪੁੱਛੀ ਤਾਂ ਉਹ ਬੋਲਿਆ ਛੋਟੇ ਨੂੰ ਰਿਸ਼ਤਾ ਲੈ ਲਵੋ ਵੱਡੇ ਨੂੰ ਨਹੀਂ ਲੈਣਾ। ਪਰ ਘਰ ਵਾਲੇ ਨਾ ਮੰਨੇ ਜਦੋਂ ਵਿਆਹ ਕਰਨ ਲੱਗੇ ਤਾਂ ਠਾਕਰਾ ਸਿੰਘ ਨੇ ਫਿਰ ਦੂਸਰੀ ਵਾਰ ਬਚਨ ਕੀਤਾ "ਇਸ ਦੇ ਫੇਰੇ ਦੁਪਹਿਰ ਤੋਂ ਬਾਅਦ ਕਰਨੇ" ਘਰ ਵਾਲਿਆਂ ਨੇ ਉਹ ਵੀ ਕਹੀ ਅਣਸੁਣੀ ਕਰ ਦਿੱਤੀ ਕਿਉਂਕਿ ਉਸ ਵੇਲੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਫੇਰੇ ਹੁੰਦੇ ਸਨ ਲੜਕੀ ਵਾਲੇ ਇਸ ਗੱਲ ਨਾਲ ਸਹਿਮਤ ਨਹੀਂ ਸਨ। ਫਿਰ ਤੀਸਰੀ ਵਾਰ ਬਚਨ ਕੀਤਾ ਕਿ ਜਦੋਂ ਲਾਵਾਂ ਤੇ ਫੇਰੇ ਹੋ ਜਾਣ ਤਾਂ ਮੁੰਡੇ ਕੁੜੀ ਦੇ ਕੱਪੜੇ ਲਾਹ ਕੇ ਸਾੜ ਦੇਣੇ। ਉਹ ਬਚਨ ਵੀ ਕਿਸੇ ਨੇ ਨਾ ਮੰਨਿਆ ਤੇ ਆਖਰ ਫਿਰ ਜਿਸ ਸਮੇਂ ਵੱਡੇ ਤੜਕੇ ਫੇਰੇ ਸ਼ੁਰੂ ਹੋਏ ਤਾਂ ਮੁੰਡਾ ਲਾਵਾਂ ਵਿੱਚ ਹੀ ਸਖਤ ਬੀਮਾਰ ਹੋ ਗਿਆ, ਬੜੀ ਮੁਸ਼ਕਲ ਨਾਲ ਫੇਰੇ ਲਏ ਜਲਦੀ-ਜਲਦੀ ਜੰਝ ਵਾਪਿਸ ਪਹੁੰਚੀ। ਘਰ ਪਹੁੰਚ ਕੇ ਮੁੰਡਾ ਆਪਣੀ ਮਾਂ ਦੇ ਚਰਨੀ ਹੱਥ ਲਾ ਕੇ ਕਹਿਣ ਲੱਗਾ "ਮਾਤਾ ਜੀ ਆਪਣੀ ਨੂੰਹ ਦੇ ਸ਼ਗਨ ਕਰ ਲਵੋ ਤੇ ਮੇਰੀ ਤਿਆਰੀ ਹੋ

ਗਈ ਹੈ।" ਇਤਨਾ ਹੀ ਕਹਿਣ ਤੇ ਚਾਦਰ ਤਾਣ ਕੇ ਲੰਮਾ ਪੈ ਗਿਆ ਤੇ ਪ੍ਰਮੇਸ਼ਰ ਨੂੰ ਪਿਆਰਾ ਹੋ ਗਿਆ। ਆਖਰ ਫਿਰ ਵਿਆਹੀ ਹੋਈ ਲੜਕੀ ਛੋਟੇ ਮੁੰਡੇ ਦੇ ਲੜ ਲਾਈ। ਇਸ ਤਰ੍ਹਾਂ ਕਈ ਬਚਨ ਹੋਰ ਪ੍ਰਸਿੱਧ ਹਨ ਜਿਵੇਂ ਕਬੀਰ ਸਾਹਿਬ ਦਾ ਫੁਰਮਾਨ ਹੈ।

**ਕਬੀਰ ਚੰਦਨ ਕਾ ਬਿਰਵਾ ਭਲਾ, ਬੇੜ੍ਹਿਓ ਢਾਕ ਪਲਾਸ॥**
**ਓਇ ਭੀ ਚੰਦਨੁ ਹੋਇ ਰਹੇ, ਬਸੇ ਜੁ ਚੰਦਨ ਪਾਸਿ॥**

**ਸਲੋਕ ਕਬੀਰ, ਅੰਗ ੧੩੬੫**

ਸੋ ਬਾਬਾ ਠਾਕਰਾ ਸਿੰਘ ਐਸੀ ਉੱਚੀ ਬਿਰਤੀ ਵਾਲੇ ਸੀ ਜਿੰਨ੍ਹਾਂ ਪਹਿਲਾਂ ਸੰਤ ਬ੍ਰਹਮ ਦਾਸ ਜੀ ਦੀ ਸੰਗਤ ਕੀਤੀ। ਫਿਰ ਬਾਬਾ ਮਹਾਂ ਹਰਨਾਮ ਸਿੰਘ ਜੀ ਦੀ ਸੇਵਾ ਕਰਕੇ ਰਿਧੀਆਂ ਸਿਧੀਆਂ ਪਾ ਲਈਆਂ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

**ਹਰਿ ਜਨ ਸਗਲ ਉਧਾਰੇ ਸੰਗ ਕੇ ॥**
**ਭਏ ਪੁਨੀਤ ਪਵਿਤ੍ਰ ਮਨ ਜਨਮ ਜਨਮ ਕੇ ਦੁਖ ਹਰੇ ॥੧॥ ਰਹਾਉ ॥**
**ਮਾਰਗਿ ਚਲੇ ਤਿਨੀ ਸੁਖੁ ਪਾਇਆ ਜਿਨ੍ ਸਿਉ ਗੋਸਟਿ ਸੇ ਤਰੇ ॥**
**ਬੂਡਤ ਘੋਰ ਅੰਧ ਕੂਪ ਮਹਿ ਤੇ ਸਾਧੂ ਸੰਗਿ ਪਾਰਿ ਪਰੇ ॥੧॥**
**ਜਿਨ੍ ਕੇ ਭਾਗ ਬਡੇ ਹੈ ਭਾਈ ਤਿਨ੍ ਸਾਧੂ ਸੰਗਿ ਮੁਖ ਜੁਰੇ ॥**
**ਤਿਨ੍ ਕੀ ਧੂਰਿ ਬਾਂਛੈ ਨਿਤ ਨਾਨਕੁ ਪ੍ਰਭੁ ਮੇਰਾ ਕਿਰਪਾ ਕਰੇ ॥੨॥**

**ਸਾਰੰਗ ਮ: ੫, ਅੰਗ ੧੨੦੮**

ਸੋ ਇਸ ਨਗਰ ਵਿੱਚ ਬਾਬਾ ਜੀ, ਠਾਕਰਾ ਸਿੰਘ ਦੇ ਘਰ ਵਿੱਚ ਹੀ ਰਹੇ ਬਾਬਾ ਜੀ ਦੇ ਇਥੋ ਚਲੇ ਜਾਣ ਤੋਂ ਬਾਅਦ ਜਦੋਂ ਰੂੰਮੀ ਵਾਪਸ ਆ ਕੇ ਬੈਠੇ ਤਾਂ ਉੱਥੋ ਵੀ ਦਰਸ਼ਨ ਕਰਨ ਇਥੇ ਆਇਆ ਕਰਦੇ ਸਨ। ਐਸੇ ਸਮਰੱਥ ਸੰਤ ਜਿੰਨ੍ਹਾਂ ਦੇ ਚਰਨ ਛੋਹ ਠਾਕਰਾ ਸਿੰਘ ਨੂੰ ਵੀ ਮਿਲ ਗਈ ਸੀ।

## ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ
## ਮੈ ਨੀਰੁ ਵਹੇ ਵਹਿ ਚਲੈ ਜੀਉ ॥

**ਮਾਝ ਮ: ੪, ਅੰਗ ੯੪**

ਇਕ ਦਿਨ ਬਾਬਾ ਠਾਕਰਾ ਸਿੰਘ ਬਾਹਰੋ ਆਇਆ। ਆਉਂਦਿਆਂ ਹੀ ਜਦੋਂ ਚੁਬਾਰੇ ਵੱਲ ਦੇਖਿਆ ਤਾਂ ਅੱਖਾਂ ਵਿੱਚੋਂ ਨੀਰ ਵਹਿ ਤੁਰਿਆ ਤੇ ਇੱਕ ਹਉਂਕਾ ਭਰਿਆ। ਕੱਪੜੇ ਦੇ ਨਾਲ ਅੱਖਾਂ ਸਾਫ ਕਰਦਾ ਰਿਹਾ ਪਰ ਅੰਦਰਲਾ ਵਿਰਾਗ ਉਛਲ-ਉਛਲ ਕੇ ਬਾਹਰ ਡੁੱਲਦਾ ਰਿਹਾ। ਕਿੰਨਾ ਹੀ ਸਮਾਂ ਇਹ ਹਾਲਤ ਬਣੀ ਰਹੀ। ਥੋੜ੍ਹੀ ਦੇਰ ਬਾਅਦ ਪਤਨੀ ਆਈ ਤੇ ਪੁੱਛਣ ਲੱਗੀ "ਕਿਉਂ ਕੋਈ ਸੂਹ ਮਿਲੀ ਬਾਬਾ ਜੀ ਬਾਰੇ॥" ਠਾਕਰਾ ਸਿੰਘ ਸਿਰ ਹਿਲਾ ਕੇ ਹੀ ਜਵਾਬ ਦੇ ਸਕਿਆ। ਬੋਲਣ ਦੀ ਤਾਂ ਹਿੰਮਤ ਹੀ ਨਹੀਂ ਰਹੀ ਸੀ। ਪਤਨੀ ਨੇ ਵੈਰਾਗ ਮਈ ਆਵਾਜ਼ ਵਿੱਚ ਪੁਛਿਆ ਫਿਰ ਕਿਥੋਂ ਭਾਲੀਏ। ਅੱਗੋਂ ਜਵਾਬ ਦਿੱਤਾ "ਕਿ ਮੈਂ ਕੀ ਦੱਸ ਸਕਦਾ ਹਾਂ ਮੇਰੀ ਤਾਂ ਸਮਝ ਵਿੱਚ ਕੁਝ ਨਹੀਂ ਆਉਂਦਾ, ਅੱਜ ਤਿੰਨ ਦਿਨ ਬੀਤ ਗਏ ਹਨ, ਉਨ੍ਹਾਂ ਦੀ ਤਲਾਸ਼ ਕਰਦਿਆਂ ਬੇ-ਪਰਵਾਹ ਹਨ, ਜਿਧਰ ਉਨ੍ਹਾਂ ਦੀ ਰਜਾ ਹੈ ਜਾ ਸਕਦੇ ਹਨ। ਉਨ੍ਹਾਂ ਨੂੰ ਕੌਣ ਰੋਕ ਸਕਦਾ ਹੈ।"

ਫਿਰ ਵੈਰਾਗ ਵਿੱਚ ਭੁਬਾਂ ਨਿਕਲ ਗਈਆਂ ਤੇ ਕਿਹਾ "ਕਿ ਮੇਰਾ ਤਾਂ ਅਜੇ ਦਰਸ਼ਨ ਕਰਕੇ ਚਾਅ ਹੀ ਨਹੀਂ ਲੱਥਾ ਸੀ। ਦੋ ਸਾਲ ਇਸ ਤਰ੍ਹਾਂ ਬਤੀਤ ਹੋ ਗਏ ਜਿਵੇਂ ਪਤਾ ਹੀ ਨਾ ਲੱਗਾ ਹੋਵੇ ਪਰ ਇਹ ਤਿੰਨ ਦਿਨ ਤਾਂ ਸਦੀਆਂ ਦਾ ਰੂਪ ਧਾਰਨ ਕਰ ਗਏ ਹਨ। ਠਾਕਰਾ ਸਿੰਘ ਦਾ ਮਨ ਵੈਰਾਗ ਵਿੱਚ ਇਸ ਅਵੱਸਥਾ ਤੇ ਹੋ ਗਿਆ ਜਿਵੇਂ-

**ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥**
**ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥**

**ਆਸਾ ਮ: ੫, ਅੰਗ ੩੭੪**

ਅੱਗੋਂ ਘਰਵਾਲੀ ਨੇ ਗੱਲ ਤੋਰੀ ਕਿ ਮੈਨੂੰ ਵੀ ਪਤਾ ਹੀ ਨਾ ਲੱਗਾ ਕਿ ਉਸ ਵੇਲੇ ਮੱਤ ਕਿਉਂ ਮਾਰੀ ਗਈ। ਜਦੋਂ ਨੰਬਰਦਾਰ ਨੇ ਕਿਹਾ "ਸੰਤ ਪਾਣੀ ਬਹੁਤ ਡੋਲਦਾ ਹੈ।" ਜਿਸ 'ਤੇ ਲੋਕ ਇਤਰਾਜ ਕਰਦੇ ਹਨ ਕਿ ਲੰਘਣਾ ਮੁਸ਼ਕਲ ਹੋ ਗਿਆ ਹੈ। ਮੇਰੇ ਮੂੰਹ ਵਿਚੋਂ ਸੁਭਾਵਕ ਹੀ ਨਿਕਲ ਗਿਆ ਕਿ ਇਹ ਗੱਲ ਹੈ ਤਾਂ ਠੀਕ। ਠਾਕਰਾ ਸਿੰਘ ਨੇ ਕਿਹਾ "ਕਿ ਤੂੰ ਕੀਤੀ ਤਾਂ ਗੱਲ ਨੰਬਰਦਾਰ ਨਾਲ ਸੀ ਪਰ ਉਹ ਅੰਤਰਜਾਮੀ ਪਹਿਲਾ ਹੀ ਸਮਝ ਗਏ ਤੇ ਮੈਨੂੰ ਬੁਲਾ ਕੇ ਝੱਟ ਹੀ ਕਹਿ ਦਿੱਤਾ" ਕਿ ਠਾਕਰਾ ਸਿੰਘ ਆਪਣੀ ਸ਼ਰਤ ਟੁੱਟ ਗਈ ਹੈ।" ਮੇਰੀ ਸਮਝ ਵਿੱਚ ਨਾ ਆਇਆ ਫਿਰ ਮੈਂ ਦੂਜੀ ਵਾਰ ਪੁਛਿਆ ਕਿ "ਕੀ ਗੱਲ ਹੈ" ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ "ਆਪਣੀ ਪਤਨੀ ਨੂੰ ਹੀ ਪੁੱਛ ਲਵੀਂ"। ਜਦੋਂ ਤੂੰ ਬਾਹਰੋਂ ਪਾਣੀ ਲੈ ਕੇ ਆਈ ਸੀ ਤਾਂ ਮੇਰੇ ਪੁੱਛਣ ਤੇ ਤੂੰ ਸਾਰੀ ਵਿਥਿਆ ਸੁਣਾਈ। ਇਹ ਵਿਥਿਆ ਸੁਨਣ ਉਪਰੰਤ ਮੈਂ ਫਿਰ ਚੁਬਾਰੇ ਵਿੱਚ ਗਿਆ ਤਾਂ ਉਨ੍ਹਾਂ ਫਿਰ ਕਿਹਾ "ਕਿ ਸ਼ਰਤ ਟੁੱਟ ਗਈ ਹੈ" ਮੈਂ ਉਥੇ ਅਡੋਲ ਹੀ ਖੜਾ ਰਹਿ ਗਿਆ। ਥੋੜੀ ਹੀ ਦੇਰ ਬਾਅਦ ਐਸੀ ਹਨੇਰੀ ਆਈ ਜਿਸ ਦੇ ਵਿੱਚ ਦਿਸਣਾ ਹੀ ਬੰਦ ਹੋ ਗਿਆ। ਹਨੇਰੀ ਦੇ ਦੌਰਾਨ ਹੀ ਬਾਬਾ ਜੀ ਕਿਧਰੇ ਚਲੇ ਗਏ। ਮੈਨੂੰ ਉਸ ਵੇਲੇ ਹੀ ਪਤਾ ਲੱਗਾ ਜਦੋਂ ਹਨੇਰੀ ਬੰਦ ਹੋਈ। ਇਹ ਗੱਲ ਕਰਦੇ-ਕਰਦੇ ਠਾਕਰਾ ਸਿੰਘ ਫਿਰ ਨੇਤਰ ਭਰ ਆਇਆ। ਇਹ ਰੋਣਾ ਪਿਆਰ ਦਾ ਰੋਣਾ ਹੈ।

ਜਿਵੇਂ ਗੁਰਵਾਕ ਹੈ -

**ਮੈ ਨੀਰੁ ਵਹੇ ਵਹਿ ਚਲੈ ਜੀਉ ॥**

**ਮਾਝ ਮ: ੪, ਅੰਗ ੮੪**

ਇਹ ਬੈਰਾਗ ਮਈ ਅਵਸਥਾ ਕਿਸੇ ਪ੍ਰਭੂ ਪਿਆਰ ਵਾਲੇ ਨੂੰ ਹੀ ਆਉਂਦੀ ਹੈ। ਜੇ ਰੋਣਾ ਹੈ ਤਾਂ ਕਿਸ ਵਾਸਤੇ ਰੋਈਏ। ਜੇ ਕਿਸੇ ਦਾ ਧਨ ਚਲਾ ਜਾਵੇ ਤਾਂ ਉਸ ਵੇਲੇ ਰੋਂਦਾ ਹੈ ਕਿਸੇ ਦਾ ਪੁੱਤਰ ਜਾਂ ਮਿੱਤਰ ਵਿੱਛੜ ਗਿਆ ਉਸ ਸਮੇਂ ਰੋਂਦਾ ਹੈ। ਭਾਵ ਸਾਰਾ ਸੰਸਾਰ ਪ੍ਰਭੂ ਦੇ ਨਾਮ ਤੋਂ ਵਿੱਛੜ ਕੇ ਰੋ ਰਿਹਾ ਹੈ। ਰੋਗ ਲੱਗ ਗਏ ਹਨ ਦੁਖੀ ਰੋ ਰਿਹਾ ਹੈ। ਨਾਮ ਦਾ ਸਿਮਰਨ ਨਹੀਂ ਕਰਦਾ ਨਹੀਂ ਤਾਂ ਰੋਗ ਦੂਰ ਹੋਣ ਵੀ ਕਿੱਥੋਂ। ਜਨਮ ਤੋਂ ਬਾਅਦ ਵੀ, ਜਵਾਨੀ ਵੇਲੇ ਤੇ ਅੰਤ ਵੇਲੇ ਵੀ ਰੋਂਦਾ ਹੀ ਚਲਾ ਗਿਆ ਪਰ ਸਿਮਰਨ ਨਹੀਂ ਕੀਤਾ। ਜਗਤ

ਗੁਰੂ ਨੇ ਸਾਰੇ ਸੰਸਾਰ ਦਾ ਮੁੱਢ ਤੋਂ ਲੈ ਕੇ ਅੰਤ ਤੱਕ ਦ੍ਰਿਸ਼ ਪੇਸ਼ ਕੀਤਾ ਹੈ।

**ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥**
**ਦੂਖੁ ਦੂਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥**
**ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥**
**ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥**

**(ਅੰਗ ੧੨੪੦)**

ਅਗਲੀ ਪੰਗਤੀਆਂ ਵਿੱਚ ਸੁਖੀ ਹੋਣ ਦਾ ਢੰਗ ਫੁਰਮਾਉਂਦੇ ਹਨः-

**ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥**
**ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥**

**ਸਾਰੰਗ ਵਾਰ ਮः ੧, ਅੰਗ ੧੨੪੦**

ਸੰਸਾਰੀ ਆਦਮੀ ਉਸ ਸਮੇਂ ਰੌਂਦਾ ਹੈ। ਜਦੋਂ ਉਸ ਨੂੰ ਦੁੱਖ ਹੁੰਦਾ ਹੈ। ਜਦੋਂ ਉਸ ਹੱਥੋਂ ਦੁਨਿਆਵੀਂ ਪਦਾਰਥ ਜਾਂਦਾ ਹੈ। ਪਰ ਸਤਿਸੰਗ ਕਰਨ ਵਾਲਾ ਉਸ ਵਕਤ ਰੋਂਦਾ ਹੈ ਜਦੋਂ ਉਸ ਨੂੰ ਮਿਲਦਾ ਹੈ ਆਪਣੇ ਪਰਮਾਤਮਾ ਦਾ ਮਹਾਂਪੁਰਖ ਦਾ ਵਿਛੋੜਾ। ਪਰ ਇਹ ਰੋਣਾ ਮਿਲਦਾ ਹੈ ਕਿਸੇ ਵਿਰਲੇ ਹੀ ਪਿਆਰ ਵਾਲੇ ਨੂੰ -

**ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥**

**ਵਡਹੰਸ ਮः ੧, ਅੰਗ ੫੭੯**

ਜਿਸ ਤਰ੍ਹਾਂ ਨਦੀ ਵਿੱਚ ਹੜ੍ਹ ਆਉਂਦਾ ਹੈ ਉਹ ਪਾਣੀ ਆਪਣੇ ਨਾਲ ਹੀ ਸਭ ਕੁਝ ਰੋੜ੍ਹ ਕੇ ਲੈ ਜਾਂਦਾ ਹੈ। ਇਸੇ ਤਰ੍ਹਾਂ ਬੈਰਾਗ ਦਾ ਹੜ੍ਹ ਦੁਨੀਆਂ ਦੇ ਚੰਗੇ ਮੰਦੇ ਖਿਆਲਾਂ ਨੂੰ ਸਾਫ ਕਰ ਦਿੰਦਾ ਹੈ ਅਤੇ ਫਿਰ ਇਸ ਸਾਫ ਹਿਰਦੇ ਉਪਰ ਆ ਕੇ ਮਾਲਕ ਦਾ ਵਾਸਾ ਹੁੰਦਾ ਹੈ ਗੁਰਵਾਕ ਹੈ :

**ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ ॥**

**ਮਾਰੂ ਵਾਰ ਡਖਣੇ ਮः ੫, ਅੰਗ ੧੦੯੮**

ਠਾਕਰਾ ਸਿੰਘ ਦੀ ਪਤਨੀ ਨੇ ਹੋਸ਼ ਸੰਭਾਲ ਕੇ ਕਿਹਾ "ਮੈਂ ਰੋਟੀ ਲਿਆ ਰਹੀ ਹਾਂ ਤੁਸੀਂ ਛੱਕ ਲੈਣਾ "ਜਵਾਬ" ਨਾਂਹ ਵਿੱਚ ਹੀ ਮਿਲਿਆ। ਪਤਨੀ ਨੇ ਕਿਹਾ "ਕਿ ਕਿੰਨਾ ਸਮਾਂ ਹੋ ਗਿਆ ਆਪ ਨੂੰ ਬਾਹਰ ਗਿਆ ਤੇ ਆਪ ਨੂੰ ਅਜੇ ਤੱਕ ਭੁੱਖ ਵੀ ਨਹੀਂ ਲੱਗੀ।" ਅੱਗੇ ਤੋਂ ਜਵਾਬ ਮਿਲਿਆ "ਜੇ ਜ਼ਰੂਰਤ

ਹੋਈ ਤਾਂ ਮੈਂ ਆਪ ਖਾ ਲਵਾਂਗਾ। ਇਸ ਤੋਂ ਬਾਅਦ ਸਾਰਾ ਪਰਿਵਾਰ ਪ੍ਰਸ਼ਾਦਾ ਛੱਕ ਲੈਂਦਾ ਹੈ ਪਰ ਘਰਵਾਲੀ ਨੇ ਨਹੀਂ ਖਾਧਾ। ਪਰ ਠਾਕਰਾ ਸਿੰਘ ਦੇ ਮਨ ਵਿੱਚ ਤਾਂ ਉਹੀ ਵਿਚਾਰ ਚੱਕਰ ਲਾ ਰਿਹਾ ਹੈ। ਠਾਕਰਾ ਸਿੰਘ ਦੀ ਘਰਵਾਲੀ ਉਸ ਦੇ ਕੋਲ ਵੀ ਪਹੁੰਚ ਗਈ ਪਰ ਉਹ ਮਸਤ ਹੀ ਸਨ। ਉਸ ਸਮੇਂ ਹੀ ਬਿਰਤੀ ਖੁਲ੍ਹੀ ਜਦੋਂ ਇਸ ਨੇ ਆਵਾਜ਼ ਦਿੱਤੀ ਕਿ "ਹੁਣ ਕੀ ਬਣੇਗਾ।"

"ਹੋਵੇਗਾ ਤਾਂ ਉਹੀ ਜੋ ਉਨ੍ਹਾਂ ਦੀ ਰਜਾ ਹੈ"

"ਚੰਗਾ ਫੇਰ ਹੁਣ ਆਰਾਮ ਕਰ ਲਵੋਂ"

"ਆਰਾਮ ਤਾਂ ਉਸ ਸਮੇਂ ਹੀ ਮਿਲੇਗਾ ਜਦੋਂ ਦਰਸ਼ਨ ਕਰ ਲਵਾਂਗਾ। ਹਾਂ ਮੈਨੂੰ ਇੱਕ ਵਾਰ ਬਾਬਾ ਜੀ ਨੇ ਬਚਨ ਕੀਤਾ ਸੀ ਕਿ ਜੇ ਤੇਰੇ ਕੁਝ ਸਮਝ ਵਿੱਚ ਨਾ ਆਵੇ ਤਾਂ ਸੁਰਤ ਜੋੜ ਕੇ ਬੈਠ ਜਾਵੀਂ ਤੇ ਉਸ ਸੱਚੇ ਦਾ ਸਿਮਰਨ ਕਰੀ ਤੈਨੂੰ ਸਭ ਚਾਨਣ ਹੋ ਜਾਵੇਗਾ। ਫਿਰ ਮੈਂ ਅੱਜ ਇਕਾਗਰ ਚਿੱਤ ਹੋ ਕੇ ਸੁਰਤੀ ਜੋੜ ਹੀ ਦੇਖਾ, ਅੱਜ ਨਹੀਂ ਤਾਂ ਕੱਲ ਤੇ ਫੇਰ ਪਰਸੋਂ ਅੰਤ ਕਿਸੇ ਸਮੇਂ ਤਾਂ ਦਰਸ਼ਨ ਦੇ ਕੇ ਕੁਝ ਦੱਸਣਗੇ ਮੈਨੂੰ ਯਾਦ ਆਇਆ "ਕਿ ਦੋ ਕੁ ਮਹੀਨੇ ਦਾ ਸਮਾਂ ਹੋ ਗਿਆ ਮੈਨੂੰ ਇੱਕ ਦਿਨ ਹੱਸ ਕੇ ਕਿਹਾ ਸੀ" ਠਾਕਰਾ ਸਿੰਘ ਇੱਕ ਵਾਰ ਫੇਰ ਤੈਨੂੰ ਕਿਤੇ ਮਿਲਾਂਗੇ।" ਸੁਣ ਕੇ ਉਸ ਵੇਲੇ ਤਾਂ ਮੇਰੀ ਸਮਝ ਵਿੱਚ ਨਹੀਂ ਆਇਆ ਕਿ ਪੁੱਛ ਹੀ ਬੈਠਾਂ ਇਸ ਦਾ ਕੀ ਭਾਵ ਹੈ ਪਰ ਹੁਣ ਸਮਝ ਆਈ ਕੀ ਭਾਵ ਸੀ "ਫਿਰ ਮਿਲਾਂਗੇ" ਦਾ ਇਹ ਹੀ ਤਾਂ ਦੱਸ ਰਹੇ ਸਨ ਕਿ ਅਸੀਂ ਚੁੱਪ ਚਾਪ ਹੀ ਚਲੇ ਜਾਣਾ ਹੈ। ਵਾਹੁ ਵਾਹੁ ਤੇਰੀਆਂ ਤੂੰ ਹੀ ਜਾਣੇ।

## ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ

ਬਾਬਾ ਜੀ ਕਿਸੇ ਰੰਗ ਵਿੱਚ ਬੈਠੇ ਕਵਿਤਾ ਦੇ ਰੂਪ ਵਿੱਚ ਗਾਉਣ ਲੱਗਦੇ ਸਨ–

"ਵੇਖਿਆ ਤੇਰਾ ਸ਼ਹਿਰ ਬਠਿੰਡਾ ਜਿਥੇ ਨਾ ਤੋਰੀ ਨਾ ਟਿੰਡਾ
ਨਹਾਉਣ ਧੋਣ ਨੂੰ ਮਿਲੇ ਨਾ ਪਾਣੀ, ਭੂਤ ਵਰਗਾ ਹੋ ਜਾਏ ਪਿੰਡਾ"

ਇਸ ਇਲਾਕੇ ਵਿੱਚ ਟਿੱਬੇ ਤਾਂ ਅਜੇ ਵੀ ਦਿਸਦੇ ਹਨ ਪਰ ਪਾਣੀ ਦੀ ਕੋਈ ਕਮੀ ਨਹੀਂ ਹੈ। ਪਹਿਲਾ ਕਈ ਮੀਲ ਸਫਰ ਤਹਿ ਕਰਨ ਤੋਂ ਬਾਅਦ ਵੀ ਪਾਣੀ ਨਹੀਂ ਸੀ ਮਿਲਦਾ। ਉਸ ਸਮੇਂ ਤੇ ਹੁਣ ਦੇ ਵਕਤ ਵਿੱਚ ਕਾਫੀ ਅੰਤਰ ਹੈ। ਉਸ ਵਕਤ ਤਾਂ ਧੁੱਪ ਵੀ ਜ਼ਿਆਦਾ ਲੱਗਦੀ ਕਿਉਂਕਿ ਰੇਤ ਛੇਤੀ ਗਰਮ ਹੋ ਜਾਂਦੀ ਸੀ ਦੁਪਹਿਰ ਦੇ ਸਮੇਂ ਤਾਂ ਪੰਛੀ ਵੀ ਬਾਹਰ ਨਹੀਂ ਸਨ ਨਿਕਲ ਸਕਦੇ ਪਰ ਮਹਾਂਪੁਰਖਾਂ ਨੇ ਫਿਰ ਵੀ ਇਹ ਜਗਾ ਨੂੰ ਭਾਗ ਲਾਏ ਜਿੰਨ੍ਹਾਂ ਚਿਰ ਸਰੀਰ ਰੂਪੀ ਜਾਮੇ ਵਿੱਚ ਰਹੇ ਇਸ ਇਲਾਕੇ ਵਿੱਚ ਰਹਿ ਕੇ ਅਨੰਦ ਵਿੱਚ ਰਹੇ ਤੇ ਬਚਨ ਕਰਦੇ ਸਨ ਕਿ ਇਸ ਇਲਾਕੇ ਵਿੱਚ ਸਾਡੀਆਂ ਤਿੰਨ ਜਗ੍ਹਾਂ ਹਨ।

੧. ਰੂੰਮੀ ਵਾਲਾ

੨.ਭੁੱਚੋ ਕਲਾਂ ਵਾਲੀ

੩.ਲੇਲੇ ਵਾਲਾ ਪਿੰਡ (ਤਲਵੰਡੀ ਸਾਬੋ ਵਿੱਚ ਹੈ।)

ਇਹ ਸਾਡੇ ਪਿਛਲੇ ਸਮੇਂ ਦੇ ਤੱਪ ਅਸਥਾਨ ਹਨ। ਪਰ ਇਸ ਸਰੀਰਕ ਜਾਮੇ ਵਿੱਚ ਹੁਕਮ ਭੁੱਚੋ ਕਲਾਂ ਤੇ ਰੂੰਮੀ ਵਿੱਚ ਰਹਿਣ ਦਾ ਹੀ ਹੈ ਆਪ ਕਹਿੰਦੇ ਸਨ ਕਿ ਇਸ ਇਲਾਕੇ ਦੇ ਲੋਕ ਸਿੱਧੇ ਤੇ ਭੋਲੇ ਭਾਲੇ ਹਨ। ਇਨ੍ਹਾਂ ਵਿੱਚ ਕੋਈ ਉਤਰਾਅ ਚੜਾਅ ਨਹੀਂ। ਇਸ ਕਰਕੇ ਸਾਨੂੰ ਬਹੁਤ ਪਸੰਦ ਆਉਂਦੇ ਹਨ।

ਬਾਬਾ ਅਨੰਦ ਸਿੰਘ ਜੀ ਬਚਨ ਕਰਦੇ ਸਨ।

"ਕਿ ਸੇਵਕ ਸਤਿ ਬਚਨ ਕਹਿ ਕੇ ਜੋ ਹੁਕਮ ਹੋਵੇ ਮੰਨ ਲਵੇ ਹੀਲ ਹੁਜਤ ਨਾ ਕਰੇ ਭਾਵੇਂ ਪੜ੍ਹਿਆ ਭਾਵੇਂ ਅਨਪੜ੍ਹ ਸਾਡੇ ਲਈ ਫਰਕ ਨਹੀਂ।" ਸੋ ਇਹ ਹੀ ਮਰਿਯਾਦਾ ਬਾਬਾ ਜੀ ਦੇ ਦਰ ਤੇ ਰਹੀ। ਸਾਰੇ ਸੇਵਕ ਹੀ ਸਤਿ ਬਚਨ ਦੇ ਅਧਿਕਾਰੀ ਸਨ। ਕਦੇ ਕਦੇ ਕੋਈ ਆਦਮੀ ਮਨ ਵਿੱਚ ਸੇਵਾ ਕਰਨ ਦਾ ਖਿਆਲ ਤਾਂ ਪੈਦਾ ਕਰ ਲੈਂਦਾ, ਪਰ ਜਦੋਂ ਸੇਵਾ ਕਰਨੀ ਪਵੇ ਤਾਂ ਉਸ ਸਮੇਂ ਇਧਰ ਉਧਰ ਕਰਨ ਲੱਗ ਜਾਂਦਾ ਹੈ ਕਈ ਵਾਰ ਤਾਂ ਸਤਿਕਾਰ ਕਰਨਾ ਵੀ ਛੱਡ ਦਿੰਦਾ ਹੈ ਜਿਸ ਦਾ ਫਲ ਸੁਵਾਦੀ ਨਹੀਂ ਹੁੰਦਾ। ਇਸ ਤਰ੍ਹਾਂ ਦੀ ਉਦਾਹਰਣ ਇਥੇ ਰੂੰਮੀ ਵਿੱਚ ਮਿਲੀ ਹੈ।

ਸੇਮਾਂ ਪਿੰਡ ਦਾ ਕਿਸ਼ਨ ਸਿੰਘ ਕਮਾਲ ਪੱਤੀ ਦੇ ਰਹਿਣ ਵਾਲਾ ਸੀ, ਜਿਨ੍ਹਾਂ

ਦੀ "ਘੋਟੇ ਮਾਰ" ਦੀ ਅਲ ਵੀ ਪੈਂਦੀ ਹੈ। ਅਚਾਨਕ ਇੱਕ ਦਿਨ ਬਾਬਾ ਜੀ ਨੂੰ ਮਿਲ ਪਿਆ ਤੇ ਬਾਬਾ ਜੀ ਨੂੰ ਬੇਨਤੀ ਕੀਤੀ "ਕਿ ਹਜ਼ੂਰ ਮੇਰੇ ਖੇਤ ਵਿੱਚ ਰਿਹਾਇਸ਼ ਕਰ ਲਵੋ।" ਬਾਬਾ ਜੀ ਨੇ ਜਵਾਬ ਦਿੱਤਾ "ਨਹੀਂ! ਹੁਣ ਕਿਸੇ ਵੀ ਇਹੋ ਜਿਹੀ ਥਾ ਤੇ ਨਹੀਂ ਰਹਿਣਾ ਜਿਥੇ ਕਿਸੇ ਵੀ ਇੱਕ ਦੀ ਮਲਕੀਅਤ ਹੋਵੇ, ਸਰਬੱਤ ਦੀ ਸਾਂਝੀ ਜਗ੍ਹਾ ਵਿੱਚ ਨਿਵਾਸ ਕਰਾਂਗੇ।" ਕਿਉਂਕਿ ਹਜ਼ੂਰ ਜਾਣਦੇ ਸਨ ਕਿ ਆਉਣ ਵਾਲੇ ਸਮੇਂ ਵਿੱਚ ਸੰਗਤ ਨੇ ਸਾਡੇ ਕੋਲ ਆਉਣਾ ਹੈ ਤੇ ਉਨ੍ਹਾਂ ਦੇ ਦੁੱਖ ਦਲਿਦਰ ਦੂਰ ਕਰਨੇ ਹਨ ਅਤੇ ਮੂੰਹ ਮੰਗੀਆਂ ਮੁਰਾਦਾਂ ਬਖਸ਼ਸ਼ ਕਰਨੀਆਂ ਹਨ। ਇਹ ਸਾਰੀਆਂ ਗੱਲਾਂ ਉਥੇ ਹੀ ਹੋਣਗੀਆਂ ਜਿਹੜੀ ਜਗ੍ਹਾ ਸਭ ਦੀ ਸਾਂਝੀ ਹੋਵੇ ਇਸ ਕਰਕੇ ਉਸ ਨੂੰ ਜਵਾਬ ਦੇ ਦਿੱਤਾ।

ਉਸ ਨੇ ਦੁਬਾਰਾ ਫਿਰ ਰਹਿਣ ਲਈ ਬੇਨਤੀ ਕੀਤੀ ਬਾਬਾ ਜੀ ਨੇ ਫਿਰ ਜਵਾਬ ਦੇ ਦਿੱਤਾ ਤੇ ਕਿਹਾ "ਕਿ ਤੂੰ ਆਪਣੇ ਕੀਤੇ ਵਾਇਦੇ ਤੇ ਨਹੀਂ ਰਹਿਣਾ ਹੁਣ ਤਾਂ ਬੇਨਤੀ ਕਰਦਾ ਹੇ। ਫਿਰ ਜਦੋਂ ਲੋਕਾਂ ਦੀ ਆਵਾਜਾਈ ਹੋਣ ਲੱਗ ਪਈ ਤਾਂ ਤੂੰ ਇਤਰਾਜ ਕਰੇਗਾ ਤੇ ਸਾਨੂੰ ਚਲੇ ਜਾਣ ਲਈ ਮਜ਼ਬੂਰ ਕਰੇਗਾ ਤੇ ਅਸੀਂ ਜਾਣਾ ਨਹੀਂ।

ਕਿਸ਼ਨ ਸਿੰਘ ਨੇ ਕਿਹਾ "ਕਿ ਹੁਣ ਇਸ ਸਮੇਂ ਤਾਂ ਤੁਸੀਂ ਰਸਤੇ ਵਿੱਚ ਹੀ ਖੜੇ ਹੋ ਗਰਮੀ ਬਹੁਤ ਪੈ ਰਹੀ ਹੈ। ਮੈਂ ਆਪ ਆਪਣੇ ਹੱਥੀਂ ਆਪਣੇ ਖੇਤ ਲਿਆ ਕੇ ਆਪ ਜੀ ਨੂੰ ਜਾਣ ਲਈ ਨਹੀਂ ਕਹਾਂਗਾ।" ਹੱਠ ਕਰਨ ਕਰਕੇ ਬਾਬਾ ਜੀ ਜਾਣ ਲਈ ਰਜਾਮੰਦ ਹੋ ਕੇ ਉਸ ਦੇ ਨਾਲ ਤੁਰ ਪਏ।

ਵਣ ਤੇ ਕਰੀਰਾਂ ਦੇ ਵਿੱਚ ਇੱਕ ਥੜ੍ਹਾ ਜੋ ਇੱਟਾਂ ਦਾ ਬਣਿਆਂ ਹੋਇਆ ਸੀ ਇਸ ਨੇੜੇ ਪਹੁੰਚ ਕੇ ਕਿਸ਼ਨ ਸਿੰਘ ਨੇ ਆਪ ਨੂੰ ਇਸ ਥੜ੍ਹੇ ਉਪਰ ਬੈਠਣ ਦਾ ਇਸ਼ਾਰਾ ਕੀਤਾ ਤੇ ਕਿਹਾ "ਕਿ ਇਹ ਜਗ੍ਹਾ ਆਪਣੀ ਹੀ ਸਮਝੋ।"

ਬਾਬਾ ਜੀ ਨੇ ਕਿਹਾ "ਇਹ ਤੇਰੇ ਖੇਤ ਦਾ ਵਿਚਾਲੇ ਹੈ। ਇਹ ਠੀਕ ਨਹੀਂ ਇਥੇ ਤਰ੍ਹਾਂ ਤਰ੍ਹਾਂ ਦੇ ਲੋਕ ਆਉਣਗੇ, ਜਿੰਨ੍ਹਾਂ ਨੇ ਡੰਡੀਆਂ ਪਾ ਦੇਣੀਆਂ ਹਨ। ਤੇਰੇ ਕੋਲੋਂ ਇਹ ਬਰਦਾਸ਼ਤ ਨਹੀਂ ਕੀਤੀ ਜਾਣੀ ਇਹ ਤੂੰ ਆਪ ਸੋਚਣਾ ਹੈ।"

ਇਉਂ ਬਚਨ ਕਹਿਣ ਤੋਂ ਬਾਅਦ ਆਪ ਨੇ ਉਥੇ ਆਸਣ ਲਾ ਲਿਆ। ਨੋਟ:- ਇਸ ਜਗ੍ਹਾ ਤੇ ਬਾਬਾ ਜੀ ਕਿੰਨਾ ਸਮਾਂ ਰਹੇ। ਕਿਸ ਕਿਸ ਪ੍ਰਾਣੀ

ਤੇ ਕਿਰਪਾ ਕੀਤੀ ਇਸ ਬਾਰੇ ਲੇਖਕ ਨੂੰ ਵੇਰਵਾ ਨਹੀਂ ਮਿਲਿਆ ਸੋ ਖਿਮਾਂ ਦਾ ਜਾਚਕ ਹਾਂ। ਜਿਸ ਥਾਂ ਤੇ ਥੜ੍ਹਾ ਸੀ ਉਸ ਥਾਂ ਤੇ ਇੱਕ ਮੱਟ ਹੀ ਦਿਖਾਈ ਦੇ ਰਿਹਾ ਹੈ ਜੋ ਕਿ ਇਸ ਸਮੇਂ ਮੌਜੂਦ ਹੈ। ਇਹ ਮੱਟ ਬਾਬਾ ਜੀ ਤੋਂ ਪਿੱਛੋਂ ਸੰਤ ਨਰੈਣ ਸਿੰਘ ਜੀ (ਮਹਿਣਾ ਵਾਲੇ) ਨੇ ਤਿਆਰ ਕਰਵਾਇਆ।

ਬਾਬਾ ਮਹਾਂ ਹਰਨਾਮ ਸਿੰਘ ਜੀ ਬਚਨ ਕਰਦੇ ਹੁੰਦੇ ਸਨ" ਇਹ ਥੜ੍ਹਾ ਸਾਡਾ ਖਜ਼ਾਨਾ ਹੈ ਜਿਥੇ ਬੈਠ ਕੇ ਅਸੀਂ ਤਪੱਸਿਆ ਕੀਤੀ ਹੈ ਇਹ ਜਗ੍ਹਾ ਬੜੀ ਕੀਮਤੀ ਹੈ"

ਇਸ ਬਾਰੇ ਮਹਾਂਪੁਰਖਾਂ ਨੂੰ ਹੀ ਪਤਾ ਹੋਵੇਗਾ ਕਿ ਹਿ ਖਜ਼ਾਨਾ ਮਾਇਆ ਦਾ ਹੈ ਜਾਂ ਨਾਮ ਦਾ ਖਜ਼ਾਨਾ ਜਾਂ ਕੁਝ ਹੋਰ।

ਇਕ ਵਾਰ ਸੰਤ ਨਰੈਣ ਸਿੰਘ ਜੀ ਮੱਟ ਤਿਆਰ ਕਰਵਾਉਣ ਲੱਗੇ ਸਨ ਤਾਂ ਸੇਵਕਾਂ ਨੂੰ ਕਿਹਾ ਕਿ ਇੱਕ ਤਾਂ ਇਸ ਦੀ ਨੀਂਹ ਡੂੰਘੀ ਨਹੀਂ ਕਰਨੀ। ਦੂਜਾ ਜਗ੍ਹਾਂ ਦਾ ਸਤਿਕਾਰ ਕਾਇਮ ਰੱਖਣਾ ਹੈ। ਪਰ ਸੇਵਾਦਾਰ ਇਨ੍ਹਾਂ ਗੱਲਾਂ ਤੋਂ ਫਿਕਰ ਮੰਦ ਨਾ ਰਹੇ ਤੇ ਉਨ੍ਹਾਂ ਉਥੇ ਪਹੁੰਚ ਕੇ ਮੱਟ ਦੀ ਨੀਂਹ ਡੂੰਘੀ ਪੁੱਟ ਦਿੱਤੀ। ਆਖਿਆ ਬਚਨ ਦੀ ਬੇਪਰਵਾਹੀ ਸੀ ਫਿਰ ਕੀ ਇੱਕ ਬਹੁਤ ਮੋਟਾ ਸੱਪ ਨਿਕਲ ਆਇਆ ਸੰਤਾ ਨੇ ਉਥੇ ਹੀ ਸੇਵਾਦਾਰ ਰੋਕ ਦਿੱਤੇ। ਬਾਅਦ ਵਿੱਚ ਮਿੱਟੀ ਨਾਲ ਨੀਂਹ ਬੰਦ ਕਰਵਾ ਕੇ ਉਪਰ ਹੀ ਮੱਟ ਦੀ ਉਸਾਰੀ ਕਰਾ ਦਿੱਤੀ। ਇਹ ਮੱਟ ਇਸ ਸਮੇਂ ਵੀ ਉਸੇ ਹਾਲਤ ਵਿੱਚ ਹੈ ਕੋਈ ਪਰਿਵਰਤਨ ਨਹੀਂ ਕੀਤਾ ਗਿਆ।

ਬਾਬਾ ਜੀ ਜਿੰਨ੍ਹੀ ਦੇਰ ਇਥੇ ਠਹਿਰੇ ਹੋਰ ਕੋਈ ਜਗ੍ਹਾ ਨਹੀਂ ਪਾਈ ਸੀ ਸਿਰਫ਼ ਦਰਖ਼ਤ ਹੀ ਸਨ। ਜਿਵੇਂ ਫਰੀਦ ਸਾਹਿਬ ਦੀ ਗੁਰਬਾਣੀ ਵਿੱਚ ਅੰਕਿਤ ਹੈ:–

**ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥**

**ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥**

**ਸਲੋਕ ਸੇਖ ਫਰੀਦ ੧੩੮੧**

ਇਸ ਮਹਾਂਵਾਕ ਅਨੁਸਾਰ ਬਾਬਾ ਜੀ ਨੇ ਸਮਾਂ ਬਤੀਤ ਕੀਤਾ। ਸਮਾਂ ਆਉਣ ਤੇ ਸੰਗਤ ਦੀ ਆਵਾਜਾਈ ਹੋਣ ਲੱਗ ਗਈ ਸਾਰਾ ਦਿਨ ਲੋਕ ਆਪਣੇ

ਘਰੇਲੂ ਦੁੱਖ ਤਕਲੀਫਾਂ ਦੂਰ ਕਰਾਉਣ ਲਈ ਆਉਣ ਲੱਗੇ। ਖੇਤ ਦੇ ਵਿੱਚ ਡੰਡੀਆਂ ਪੈਣ ਲੱਗ ਗਈਆਂ। ਕੁਝ ਦਿਨ ਤਾਂ ਕਿਸ਼ਨ ਸਿੰਘ ਆਪਣੀ ਵਿਸ਼ ਅੰਦਰੇ ਅੰਦਰ ਘੋਲਦਾ ਰਿਹਾ ਪਰ ਆਖਰ ਉਛਲ ਹੀ ਪਿਆ ਤੇ ਕਹਿਣ ਲੱਗ ਪਿਆ "ਕਿ ਮੇਰੀ ਫਸਲ ਖਰਾਬ ਹੋ ਰਹੀ ਹੈ। ਸਾਰੇ ਖੇਤ ਵਿੱਚ ਰਸਤੇ ਹੀ ਬਣਾ ਦਿੱਤੇ ਹਨ।" ਇਹ ਸੁਣ ਕੇ ਬਾਬਾ ਜੀ ਨੇ ਕਿਹਾ "ਅਸੀਂ ਤਾਂ ਪਹਿਲਾਂ ਹੀ ਕਿਹਾ ਸੀ ਪਰ ਤੂੰ ਸਾਨੂੰ ਮਜਬੂਰ ਕਰਕੇ ਲਿਆਂਦਾ ਸੀ, ਹੁਣ ਇਹ ਤੈਨੂੰ ਸਹਿਣ ਹੀ ਕਰਨਾ ਪਵੇਗਾ" ਥੋੜ੍ਹੀ ਦੇਰ ਤਾਂ ਚੁੱਪ ਰਿਹਾ ਪਰ ਬਾਅਦ ਵਿੱਚ ਫਿਰ ਬੋਲ ਉਠਿਆ। ਇਸੇ ਤਰ੍ਹਾਂ ਕਈ ਵਾਰ ਜ਼ਿਕਰ ਹੁੰਦਾ ਰਿਹਾ ਬਾਬਾ ਜੀ ਕਦੇ ਜਵਾਬ ਦੇ ਦੇਣ ਕਦੇ ਚੁੱਪ ਹੀ ਰਹਿਣ। (ਇਹ ਮਹਾਂਪੁਰਖ ਦੀ ਸਿਫਤ ਹੈ ਨਹੀਂ ਤਾਂ ਕੋਈ ਦੁਨਿਆਵੀਂ ਬੰਦਾ ਬਰਦਾਸ਼ਤ ਨਹੀਂ ਕਰਦਾ)।

ਮਹਾਂਪੁਰਖ ਸਦਾ ਰੱਬ ਵਿੱਚ ਅਭੇਦ ਰਹਿੰਦੇ ਹਨ, ਆਪ ਵਿੱਚ ਕੁਝ ਨਹੀਂ ਬੋਲਦੇ, ਜੇ ਬੋਲਦੇ ਵੀ ਹਨ ਤਾਂ ਵਾਕ ਅਨੁਸਾਰ –

**ਬੋਲਾਇਆ ਬੋਲੀ ਤੇਰਾ।**

**ਸੋਰਠਿ ਮ: ੫, ਅੰਗ ੬੨੩**

ਜੇ ਹੁਕਮ ਨਾ ਹੋਵੇ ਤਾਂ ਕੋਈ ਕੁਝ ਵੀ ਕਹਿ ਜਾਵੇ। ਜਿਵੇਂ ਹਵਾ ਦਾ ਝੋਕਾ ਆਇਆ ਤੇ ਲੰਘ ਗਿਆ ਇਉਂ ਸਮਝਦੇ ਹਨ ਜਿਵੇਂ ਗੁਰਵਾਕ ਹੈ।

**ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨ ਝੁਲਾਈ॥**

**ਸੋਰਠਿ ਮ: ੫, ਅੰਗ ੬੦੯**

ਸਮਾਂ ਪੈਣ ਤੇ ਕਿਸ਼ਨ ਸਿੰਘ ਦੇ ਮਨ ਵਿੱਚ ਨਿਰਾਦਰੀ ਪੈਦਾ ਹੋ ਗਈ। ਹਰ ਰੋਜ਼ ਆ ਕੇ ਝਗੜਾ ਕਰਨ ਲੱਗ ਪਿਆ ਕਰੇ। ਇੱਕ ਦਿਨ ਹੱਸ ਕੇ ਬਾਬਾ ਜੀ ਨੇ ਕਹਿ ਹੀ ਦਿੱਤਾ "ਕਿ ਇਸ ਤਰ੍ਹਾਂ ਅਸੀਂ ਨਹੀਂ ਜਾਂਦੇ ਜੇ ਤੂੰ ਤੋਰਨਾ ਹੀ ਚਾਹੁੰਦਾ ਹੈਂ ਤਾਂ ਸਾਡੀ ਬਾਂਹ ਫੜ ਕੇ ਕਿਸੇ ਥਾਂ ਵੀ ਛੱਡ ਆ।"

ਉਹ ਇਹ ਸੁਣ ਕੇ ਚੁੱਪ ਕਰ ਗਿਆ। ਕੁਝ ਦਿਨ ਸਮਾਂ ਹੋਰ ਲੰਘ ਗਿਆ।

ਨੋਟ : ਇਹ ਪ੍ਰਸੰਗ ਝੰਡਾ ਸਿੰਘ ਸੇਮਾ ਸਿੰਘ ਤੋਂ ਮਿਲਿਆ।

# ਬਿਨੁ ਪ੍ਰੀਤੀ ਕਰਹਿ ਬਹੁ ਬਾਤਾ
# ਕੂੜੁ ਬੋਲਿ ਕੂੜੋ ਫਲੁ ਪਾਵੈ ॥

**ਰਾਮਕਲੀ ਮ: ੪, ਅੰਗ ੮੮੧**

ਇਕ ਦਿਨ ਕਿਸ਼ਨ ਸਿੰਘ ਆਪਣੇ ਖੇਤ ਵੱਲ ਆ ਰਿਹਾ ਸੀ ਤਾਂ ਰਸਤੇ ਵਿੱਚ ਉਸ ਦਾ ਇੱਕ ਮਿੱਤਰ ਜੀਤਾ ਸਿੰਘ ਮਿਲ ਪਿਆ ਜਿਸ ਨੇ ਪੁੱਛਿਆ "ਕਿਸ਼ਨ ਸਿੰਘ ਕਿਸ ਪਾਸੇ ਜਾ ਰਿਹਾ ਹੈ।"

ਉਸ ਨੇ ਕਿਹਾ "ਮੇਰੇ ਖੇਤ ਦਾ ਬਹੁਤ ਨੁਕਸਾਨ ਹੋ ਰਿਹਾ ਹੈ ਲੋਕ ਵਾਹੀ ਬੀਜੀ ਜ਼ਮੀਨ ਵਿੱਚ ਡੰਡੀਆਂ ਪਾ ਰਹੇ ਹਨ। ਮੇਰੇ ਕੋਲੋਂ ਇਹ ਸਹਿਣ ਨਹੀਂ ਕੀਤਾ ਜਾਂਦਾ ਮੇਰਾ ਕੋਈ ਜ਼ੋਰ ਵੀ ਨਹੀਂ ਚਲਦਾ।"

ਜੀਤ ਸਿੰਘ ਨੇ ਕਿਹਾ "ਮੇਰੇ ਸਮਝ ਵਿਚ ਨਹੀਂ ਆਇਆ ਕਿ ਇਸ ਵਿਚ ਕੀ ਭੇਦ ਹੈ। ਲੋਕ ਕਿਉਂ ਡੰਡੀਆਂ ਪਾਉਂਦੇ ਹਨ।"

ਇਸ ਤੋਂ ਬਾਅਦ ਕਿਸ਼ਨ ਸਿੰਘ ਨੇ ਆਪਣੀ ਪਿਛਲੀ ਵਾਰਤਾ ਸ਼ੁਰੂ ਕੀਤੀ ਤੇ ਕਹਿਣ ਲੱਗਾ ਕੋਈ ਦੋ ਕੁ ਮਹੀਨੇ ਪਹਿਲਾਂ ਦੁਪਹਿਰ ਦਾ ਸਮਾਂ ਸੀ ਇੱਕ ਸਾਧੂ ਭਗਵੇਂ ਭੇਸ ਵਿੱਚ ਇਸ ਰੇਰੂ ਥੱਲੇ ਖੜਾ ਸੀ (ਨੇੜੇ ਖੜੇ ਗੁਰੂ ਵੱਲ ਇਸ਼ਾਰਾ ਕਰਕੇ ਕਹਿੰਦਾ ਹੈ) ਮੈਂ ਉਹਨੂੰ ਆਪਣੇ ਖੇਤ ਵਿੱਚ ਬੈਠਣ ਲਈ ਕਹਿ ਦਿੱਤਾ। ਜਦੋਂ ਤੋਂ ਸੰਤ ਇਥੇ ਬੈਠੇ ਹਨ ਲੋਕਾਂ ਨੇ ਉਥੇ ਆਉਣਾ ਸ਼ੁਰੂ ਕਰ ਦਿੱਤਾ ਹੈ ਤੇ ਖੇਤ ਵਿੱਚ ਦੀ ਲੰਘਦੇ ਹਨ। ਫਸਲ ਦੀ ਬਰਬਾਦੀ ਹੁੰਦੀ ਹੈ।

ਸੋ ਇਸ ਤਰ੍ਹਾਂ ਗੱਲਾਂ ਕਰਦੇ-ਕਰਦੇ ਤੁਰੇ ਜਾਂਦੇ ਬਾਬਾ ਜੀ ਕੋਲ ਪਹੁੰਚ ਜਾਦੇ ਹਨ। ਸੰਗਤ ਬਾਬਾ ਜੀ ਕੋਲ ਆ ਜਾ ਰਹੀ ਹੈ। ਕੁਝ ਕੋਲ ਵੀ ਬੈਠੇ ਹਨ। "ਇਹ ਸਭ ਆਪਣੇ ਅੱਖੀਂ ਦੇਖ ਲੈ", ਕਿਸ਼ਨ ਸਿੰਘ ਨੇ ਕਿਹਾ।

ਜੀਤ ਸਿੰਘ ਨੇ ਹੈਰਾਨ ਜਿਹਾ ਹੋ ਕੇ ਕਿਹਾ "ਐਨਾ ਇਕੱਠ।" ਇਹ ਇਕੱਠ ਤੂੰ ਤਾਂ ਅੱਜ ਹੀ ਦੇਖਿਆ ਹੈ, ਮੈਂ ਹਰ ਰੋਜ਼ ਹੀ ਦੇਖਦਾ ਹਾਂ। ਹੁਣ ਤੂੰ ਦੱਸ ਮੈਂ ਕੀ ਕਰਾਂ "ਕਿਸ਼ਨ ਸਿੰਘ ਨੇ ਕਿਹਾ।"

'ਏਨੇ ਲੋਕ ਕਿਉਂ ਆਉਂਦੇ ਹਨ?'

"ਮੈਨੂੰ ਤਾਂ ਕੋਈ ਪਤਾ ਨਹੀਂ ਲੱਗ ਰਿਹਾ", ਕਿਸ਼ਨ ਸਿੰਘ ਨੇ ਉੱਤਰ ਦਿੱਤਾ। ਜੀਤਾ ਸਿੰਘ ਦੇ ਮਨ ਵਿੱਚ ਖਿਆਲ ਆਇਆ। ਕਿਸ਼ਨ ਸਿੰਘ ਨੂੰ ਇਸ ਵੇਲੇ ਗੁੱਸਾ ਆ ਰਿਹਾ ਹੈ ਮੈਂ ਇਸ ਨੂੰ ਸਲਾਹ ਦੇਵਾਂ! ਤਾਂ ਜੀਤ ਸਿੰਘ ਨੇ ਕਿਹਾ, "ਕਿਸ਼ਨ ਸਿੰਘ, ਦੇਖ! ਇਥੇ ਕਿੰਨੇ ਲੋਕ ਆਉਂਦੇ ਹਨ। ਕਦੇ ਕਿਸੇ ਸਾਧ ਕੋਲ ਇੰਨੇ ਲੋਕ ਆਉਂਦੇ ਨਹੀਂ ਦੇਖੇ। ਭੁਲਿਆਂ ਭਟਕਿਆਂ ਕੋਈ ਇੱਕ ਅੱਧਾ ਆ ਜਾਵੇ। ਪਰ ਇਥੇ ਤਾਂ ਅਨੇਕਾਂ ਹੀ ਆਉਂਦੇ ਜਾਂਦੇ ਹਨ। ਜ਼ਰੂਰ ਹੀ ਇਸ ਸਾਧੂ ਵਿੱਚ ਕੋਈ ਸ਼ਕਤੀ ਜਾਂ ਕਰਾਮਾਤ ਹੋਵੇਗੀ। ਤੇਜ਼ੀ ਵਿੱਚ ਆ ਕੇ ਕੋਈ ਗਲਤ ਕੰਮ ਨਾ ਕਰ ਬੈਠੀ। ਕਿਤੇ ਬਾਅਦ ਵਿੱਚ ਮਨ ਨੂੰ ਪਛਚਾਤਾਪ ਹੋਵੇ। ਸੋ ਤੂੰ ਇਥੇ ਠਹਿਰ ਮੈਂ ਇਕੱਲਾ ਹੀ ਸੰਤਾਂ ਕੋਲ ਜਾ ਕੇ ਆਉਂਦਾ ਹਾਂ।"

ਜੀਤਾ ਸਿੰਘ ਬਾਬਾ ਜੀ ਕੋਲ ਪਹੁੰਚ ਕੇ ਨਮਸਕਾਰ ਕਰਕੇ ਬੈਠ ਗਿਆ। ਬਾਬਾ ਜੀ ਕਿਸੇ ਪ੍ਰੇਮੀ ਨਾਲ ਬਚਨ ਕਰ ਰਹੇ ਸਨ ਜੀਤਾ ਸਿੰਘ ਸੁਣਦਾ ਰਿਹਾ। ਜੀਤਾ ਸਿੰਘ ਨੇ ਕਈ ਵਾਰ ਬਾਬਾ ਜੀ ਦੇ ਮੁੱਖ ਵੱਲ ਦੇਖਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ। ਬਾਬਾ ਜੀ ਕੋਲ ਬੈਠੇ ਪ੍ਰੇਮੀ ਘਰਾਂ ਨੂੰ ਵਾਪਸ ਜਾਣ ਲੱਗੇ ਤਾਂ ਇਹ ਵੀ ਉਸੇ ਤਰ੍ਹਾਂ ਉਠ ਕੇ ਨਾਲ ਹੀ ਤੁਰ ਪਿਆ ਤੇ ਵਾਪਸ ਕਿਸ਼ਨ ਸਿੰਘ ਕੋਲ ਆ ਪਹੁੰਚਿਆ।

ਜੀਤਾ ਸਿੰਘ ਨੇ ਪਹੁੰਚ ਕੇ ਕਿਸ਼ਨ ਸਿੰਘ ਨੂੰ ਕਿਹਾ "ਕਿ ਮੈਂ ਤਾਂ ਬਹੁਤ ਕੁਝ ਦੇਖ ਆਇਆ ਹਾਂ। ਮੈਨੂੰ ਤਾਂ ਸ਼ਕਤੀ ਵਾਲੇ ਮਹਾਂਪੁਰਖ ਲਗਦੇ ਹਨ, ਕਿਉਂਕਿ ਮੈਂ ਉਨ੍ਹਾਂ ਵੱਲ ਨਿਗਾਹ ਉੱਚੀ ਕਰਕੇ ਵੀ ਨਹੀਂ ਦੇਖ ਸਕਿਆ। ਕਈ ਵਾਰ ਕੋਸ਼ਿਸ ਕੀਤੀ ਪਰ ਅਸਫਲ ਹੀ ਰਿਹਾ। ਉਥੇ ਹੋਰ ਵੀ ਸੰਗੀ ਉਨ੍ਹਾਂ ਦੇ ਚਿਹਰੇ ਵੱਲ ਝਾਕ ਨਹੀਂ ਸਕਦੇ ਸਨ। ਉਨ੍ਹਾਂ ਦੀ ਕਮਾਈ ਅੱਗੇ ਸਿਰ ਝੁਕ ਜਾਂਦਾ ਹੈ ਤੇ ਦਿਲ ਕੰਬ ਉਠਦਾ ਹੈ। ਮੇਰੇ ਸਮਝ ਵਿੱਚ ਕੁਝ ਕੁਝ ਆ ਗਿਆ ਹੈ। ਪਰ ਕੁਝ ਗੱਲਾਂ ਆਪਣੇ ਆਪ ਨਾਲ ਵੀ ਕਰ ਜਾਂਦੇ ਸਨ। ਬਾਕੀ ਮੈਨੂੰ ਜੋ ਅਨੰਦ ਉਨ੍ਹਾਂ ਦੇ ਕੋਲ ਬੈਠ ਕੇ ਆਇਆ ਹੈ ਉਸ ਤਰ੍ਹਾਂ ਦਾ ਰਸ ਕਦੇ ਜ਼ਿੰਦਗੀ ਵਿੱਚ ਨਹੀਂ ਆਇਆ। ਜੇ ਇਹ ਮੇਰੇ ਖੇਤ ਵਿੱਚ ਰਹਿਣ ਤਾਂ ਮੈਂ ਜਿੰਦਗੀ ਭਰ ਇਨ੍ਹਾਂ ਦੀ ਸੇਵਾ ਕਰਾਂ। ਮੇਰੇ ਕਹਿਣ ਤੇ ਇਨ੍ਹਾਂ ਦੇ ਲਈ ਥੜ੍ਹੇ ਵਾਲੀ ਥਾਂ ਤੇ ਕੋਈ ਕਮਰਾ ਤਿਆਰ ਕਰਦੇ। ਪਰ ਕਿਸ਼ਨ ਸਿੰਘ ਨੇ ਇਸ

ਦਾ ਉਲਟ ਗੁੱਸਾ ਕੀਤਾ ਤੇ ਨਰਾਜਗੀ ਜਿਹੀ ਦਿਖਾ ਕੇ ਕਿਹਾ "ਕਿ ਮੇਰਾ ਖੇਤ ਉਜੜ ਰਿਹਾ ਹੈ ਤੂੰ ਕਹਿੰਦਾ ਹੈ ਛੱਤ ਪਾ ਦੇ। ਕਿਸੇ ਦੇ ਘਰ ਅੱਗ ਲੱਗੀ ਬਸੰਤਰ ਲਗਦੀ ਹੈ।"

ਆਪ ਦੇ ਘਰ ਨੂੰ ਲੱਗੀ ਹੋਵੇ ਅੱਗ ਦਿਸਦੀ ਹੈ।

ਇਸੇ ਤਰ੍ਹਾਂ ਗੁੱਸੇ ਦਾ ਭਰਿਆ ਕਿਸ਼ਨ ਸਿੰਘ ਬਾਬਾ ਜੀ ਦੇ ਕੋਲ ਪਹੁੰਚ ਗਿਆ ਤੇ ਬੋਲਿਆ ਛੇਤੀ ਇਥੋਂ ਚਲਿਆ ਜਾਹ ਪਰ ਬਾਬਾ ਜੀ ਨੇ ਕੋਈ ਉਤਰ ਨਾ ਦਿੱਤਾ। ਉਸ ਨੇ ਫਿਰ ਇਹੀ ਗੱਲ ਦੁਹਰਾਈ ਤਾਂ ਆਪ ਸਹਿਜ ਨਾਲ ਬੋਲੇ ਤੂੰ ਉਠਾ ਕੇ ਜਿਥੇ ਤੇਰੀ ਮਰਜ਼ੀ ਹੈ ਬਿਠਾ ਦੇ। ਇਨ੍ਹਾਂ ਕੁਝ ਕਹਿਣ ਦੀ ਦੇਰ ਸੀ ਕਿ ਕਿਸ਼ਨ ਸਿੰਘ ਨੇ ਬਾਬਾ ਜੀ ਦੀ ਬਾਂਹ ਫੜ ਲਈ ਜਿਸ ਨੂੰ ਦੇਖ ਕੇ ਜੀਤਾ ਸਿੰਘ ਵੀ ਕੋਲ ਭੱਜ ਕੇ ਗਿਆ ਤੇ ਕਹਿਣ ਲੱਗਾ "ਕਿਸ਼ਨ ਸਿੰਘ ਇਹ ਕੰਮ ਨਾ ਕਰ।"

ਤਾਂ ਕਿਸ਼ਨ ਸਿੰਘ ਨੇ ਕਿਹਾ "ਤੂੰ ਮੇਰੇ ਕੰਮ ਵਿੱਚ ਦਖਲ ਦੇਣ ਵਾਲਾ ਕੌਣ ਹੈਂ ਪਿੱਛੇ ਹੋ ਜਾ।"

ਇਹ ਸੁਣ ਕੇ ਜੀਤਾ ਸਿੰਘ ਪਿੱਛੇ ਹੋ ਗਿਆ ਤੇ ਕਿਹਾ "ਕਿ ਹੁਣ ਤਾਂ ਮੇਰਾ ਜ਼ੋਰ ਨਹੀਂ ਚਲਦਾ ਪਰ ਮੈਂ ਇੱਕ ਘੁਮਾ ਜ਼ਮੀਨ ਲੈ ਕੇ ਇਥੇ ਹੀ ਨੇੜੇ ਸੰਤਾਂ ਦੀ ਜਗ੍ਹਾਂ ਬਣਾ ਦਿਆਂਗਾ ਫਿਰ ਦੇਖਾਂਗਾ ਕੌਣ ਇਨ੍ਹਾਂ ਨੂੰ ਉਠਾ ਸਕੇਗਾ।" ਅੱਗੋਂ ਬਾਬਾ ਜੀ ਨੇ ਜੀਤਾ ਸਿੰਘ ਨੂੰ ਹਦਾਇਤ ਕੀਤੀ ਕਿ ਆਪਾਂ ਕੁਝ ਨਹੀਂ ਬੋਲਣਾ। ਉਸ ਨੂੰ ਹੱਥ ਦੇ ਇਸ਼ਾਰੇ ਨਾਲ ਸਮਝਾ ਦਿੱਤਾ ਕਿ ਜਿਸ ਤਰ੍ਹਾਂ ਮੈਂ ਇਹ ਮੁਕੀ ਵੱਟ ਕੇ ਹੱਥ ਮੂਧਾ ਕੀਤਾ ਹੈ ਇਹ ਇਸੇ ਤਰ੍ਹਾਂ ਹੀ ਮੂਧਾ ਹੋ ਜਾਏਗਾ, ਫਿਰ ਹੱਸ ਪਏ। ਕਿਸ਼ਨ ਸਿੰਘ ਆਪ ਨੂੰ ਉਥੋਂ ਖਿੱਚ ਕੇ ਪੰਜ ਸੌ ਗਜ ਦੇ ਫਾਸਲੇ ਤੇ ਦੱਖਣ ਵਾਲੇ ਪਾਸੇ ਲੈ ਆਇਆ। ਜਿਥੇ ਕਿ ਇੱਕ ਜੰਡ ਦਾ ਰੁੱਖ ਸੀ। ਹੁਣ ਵੀ ਇਥੇ ਥੜ੍ਹੇ ਦੀ ਨਿਸ਼ਾਨੀ ਮੱਟ ਦੇ ਰੂਪ ਵਿੱਚ ਮੌਜੂਦ ਹੈ। ਉਥੇ ਕਿਸ਼ਨ ਸਿੰਘ ਆਪਣੇ ਵਲੋਂ ਬਾਬਾ ਜੀ ਨੂੰ ਸੁੱਟ ਕੇ ਚਲਾ ਗਿਆ। ਇਸ ਬੇਅਦਬੀ ਦੇ ਬਾਅਦ ਫਿਰ ਕਿਸ਼ਨ ਸਿੰਘ ਤੇ ਮੌਤ ਦੇ ਬੱਦਲ ਮੰਡਲਾਉਣ ਲੱਗ ਪਏ। ਕੁਝ ਕੁ ਦਿਨਾਂ ਬਾਅਦ ਹੀ ਕਿਸ਼ਨ ਸਿੰਘ ਆਪਣੇ ਘਰ ਦੇ ਡੰਗਰ ਮੱਝਾਂ ਤੇ ਵੱਛੇ, ਬਹਿੜਕੇ ਪਾਣੀ ਪਿਲਾਣ ਲਈ ਨੇੜੇ ਦੇ ਛੱਪੜ ਤੇ ਲੈ ਗਿਆ। ਉਸਦੇ ਆਪਣੇ ਹੀ ਬਹਿੜਕੇ ਨੇ ਉਸਦੇ ਪਿੱਛੇ ਹੋ ਕੇ ਉਸ ਦੀਆਂ ਲੱਤਾਂ ਦੇ

ਵਿਚਾਲੇ ਸਿੰਗ ਪਾਕੇ ਉਪਰ ਚੁੱਕ ਕੇ ਜਦੋਂ ਥੱਲੇ ਸੁੱਟਿਆ ਤਾਂ ਕਿਸ਼ਨ ਸਿੰਘ ਦੁਨੀਆਂ ਤੋਂ ਚਲਦਾ ਬਣਿਆ। ਇਸ ਸਾਖੀ ਬਾਰੇ ਕੁਝ ਮੌਜੂਦ ਬਜ਼ੁਰਗ ਦੱਸਦੇ ਹਨ ਕਿ ਬਾਬਾ ਜੀ ਨੇ ਕਿਹਾ ਸੀ ਜਿਵੇਂ ਤੂੰ ਸਾਨੂੰ ਖਿੱਚਿਆ ਤੂੰ ਵੀ ਇਸੇ ਤਰ੍ਹਾਂ ਖਿੱਚ ਕੇ ਮਰੇਂਗਾ। ਸੋ ਕਿਸ਼ਨ ਸਿੰਘ ਆਪਣੇ ਦੋ ਬਹਿੜਕਿਆਂ ਨੂੰ ਪਾਣੀ ਪਿਲਾਉਣ ਗਿਆ ਸੀ ਤੇ ਉਹ ਉਸਨੂੰ ਖਿੱਚ ਕੇ ਲੈ ਗਏ ਤੇ ਉਸੇ ਸਮੇਂ ਹੀ ਉਸਦੀ ਜਾਨ ਨਿਕਲ ਗਈ। ਸਤਿਗੁਰੂ ਦੇ ਵਾਕ ਸੱਚ ਹੋ ਗਏ। ਕਿਉਂਕਿ ਸੰਤਾਂ ਦੀ ਬੇਅਦਬੀ ਜੋ ਕੀਤੀ ਸੀ :-

**ਸੰਤ ਕਾ ਲੀਆ ਧਰਤਿ ਬਿਦਾਰਉ ॥**
**ਸੰਤ ਕਾ ਨਿੰਦਕੁ ਅਕਾਸ ਤੇ ਟਾਰਉ ॥**

**ਗੌਂਡ ਮ: ੫, ਅੰਗ ੮੬੭**

**ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥**

**ਗਉੜੀ ਸੁਖਮਨੀ ਮ: ੫, ਅੰਗ ੨੮੦**

**ਕਬਿੱਤ :-**

**ਦੁਖਾਏ ਜਮ ਦਗਨ ਕੇ ਸਹੰਸ੍ਰਬਾਹੂ ਮ੍ਰਿਤ ਭਏ**
**ਪ੍ਰਹਿਲਾਦ ਦੇ ਦੁਖਾਏ ਹਰੁਣਾਕਸ਼ ਖਪਾਇਓ ਹੈ॥**
**ਕਪਿਲ ਮੁਨੀ ਦੁਖੇ ਤੇ ਸਗੜ ਸੁਤ ਨਾਸ ਭਏ**
**ਰਾਮ ਕੇ ਦੁਖਿਤ ਬੰਸ ਰਾਵਣ ਨਾਂ ਪਾਇਓ ਹੈ॥**
**ਦੁਖਿਤ ਸੁਗ੍ਰੀਵ ਕੇ ਸੁ ਬਾਲੀ ਛਿਨ ਮਾਹੀ ਮਾਰਿਉ**
**ਦਰੋਪਤੀ ਦੁਖਾਈ ਕਟਕ ਕੋਰਵਨ ਕੋ ਘਾਇਓ ਹੈ॥**
**ਦੁਖਿਤ ਦੁਰਬਾਸਾ ਕੇ ਸੁ ਨਾਮ ਭਇਓ ਯਾਦਵਨ**
**ਸਾਧ ਕੇ ਦੁਖਾਈ ਕਹੋ ਕਿਨੀ ਸੁਖ ਪਾਇਓ ਹੈ॥**
**ਸੰਤਨ ਦੁਖ ਪਾਏ ਤੇ ਦੁਖੀ। ਸੁਖ ਪਾਇ ਸਾਧਨ ਕੇ ਸੁਖੀ**

**ਚੌਪਈ ਪਾਤਸ਼ਾਹੀ ਦਸਵੀਂ**

**ਹਰਿ ਭਗਤਾ ਕਰਿ ਰਾਖੇ ਅਪਨੇ ਦੀਨੀ ਨਾਮੁ ਵਡਾਈ ॥**
**ਜਿਨਿ ਜਿਨਿ ਕਰੀ ਅਵਗਿਆ ਜਨ ਕੀ ਤੇ ਤੈਂ ਦੀਏ ਰੁੜਾਈ ॥**

**ਸਾਰੰਗ ਮ: ੫, ਅੰਗ ੧੨੩੫**

ਇਕ ਕੁਦਰਤ ਦਾ ਨਿਯਮ ਹੈ, ਜੋ ਗੁਰੂਆਂ ਨੇ ਆਪਣੀ ਬਾਣੀ ਵਿੱਚ

ਦੱਸਿਆ ਹੈ। ਜੋ ਪਹਿਲਾਂ ਵਰਤ ਚੁੱਕਾ ਹੈ ਤੇ ਅੱਗੇ ਨੂੰ ਵਰਤਦਾ ਰਹੇਗਾ।

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥**

**ਸੋਰਠਿ ਮ: ੩, ਅੰਗ ੬੩੭**

ਜਦੋਂ ਤੋਂ ਸ੍ਰਿਸ਼ਟੀ ਦੀ ਸਾਜਨਾ ਹੋਈ ਹੈ ਉਸੇ ਸਮੇਂ ਤੋਂ ਪ੍ਰਭੂ ਭਗਤਾਂ ਦੀ ਰਖਵਾਲੀ ਕਰਦਾ ਹੈ। ਇਤਿਹਾਸ ਵਿੱਚ ਵਰਨਣ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਇੱਕ ਦੇਸ਼ ਵਿੱਚ ਗਏ ਤੇ ਜਾਂਦੇ ਹੋਏ ਰਸਤੇ ਵਿੱਚ ਇੱਕ ਬ੍ਰਿਛ ਥੱਲੇ ਆਸਣ ਲਾ ਲਿਆ। ਇੰਨੇ ਵਿੱਚ ਹੀ ਇਸ ਇਲਾਕੇ ਦਾ ਰਾਜਾ ਆਪਣੀ ਪ੍ਰਜਾ ਤੇ ਫੌਜ ਦੇ ਸਮੇਤ ਆ ਗਿਆ ਜਦੋਂ ਨੇੜੇ ਪਹੁੰਚਿਆ ਤੇ ਸਿਪਾਹੀ ਨੂੰ ਇਸ਼ਾਰਾ ਕਰ ਦਿੱਤਾ ਇਨ੍ਹਾਂ ਤਿੰਨ ਪ੍ਰਦੇਸੀਆਂ ਵਿੱਚੋਂ ਇੱਕ ਨੂੰ ਫੜ ਲਉ। ਰਾਜੇ ਦਾ ਹੁਕਮ ਸੁਣਦੇ ਹੀ ਇੱਕ ਸਿਪਾਹੀ ਨੇ ਆ ਕੇ ਬਾਲਾ ਜੀ ਨੂੰ ਹੱਥਕੜੀ ਲਾ ਕੇ ਫੜ ਲਿਆ। ਗੁਰੂ ਨਾਨਕ ਪਾਤਸ਼ਾਹ ਜੀ ਵੀ ਮਰਦਾਨੇ ਸਮੇਤ ਨਾਲ ਹੀ ਹੋ ਤੁਰੇ ਤੇ ਮਰਦਾਨਾ ਰਸਤੇ ਵਿੱਚ ਬਾਲੇ ਨੂੰ ਤਕੀਦ ਕਰ ਰਿਹਾ ਸੀ ਕਿ ਅੱਜ ਤੈਨੂੰ ਇਨ੍ਹਾਂ ਨਹੀਂ ਛੱਡਣਾ, ਪਹਿਲਾਂ ਮੈਨੂੰ ਫੜ ਲਿਆ ਕਰਦੇ ਸੀ ਅੱਜ ਤੇਰੀ ਵਾਰੀ ਹੈ। ਪਰ ਬਾਲਾ ਜੀ ਤਾਂ ਅਡੋਲ ਹੋਇਆ ਨਾਲ ਤੁਰ ਰਿਹਾ ਸੀ ਇਹਨਾਂ ਨੂੰ ਲੈ ਕੇ ਰਾਜਾ ਇੱਕ ਮੰਦਰ ਵਿੱਚ ਜਾ ਪਹੁੰਚਿਆ ਤੇ ਸੇਵਕ ਨੂੰ ਹੁਕਮ ਦਿੱਤਾ "ਮਨੁੱਖ ਨੂੰ ਚੰਗੀ ਤਰ੍ਹਾਂ ਇਸ਼ਨਾਨ ਕਰਵਾ ਦਿਉ ਤਾਂ ਕਿ ਆਪਾਂ ਚੰਡੀ ਮਾਤਾ ਨੂੰ ਇਸ ਦੀ ਬਲੀ ਦੇਈਏ। ਜਿਸ ਤੇ ਮਾਤਾ ਬੜੀ ਪ੍ਰਸੰਨ ਹੋਵੇਗੀ।" ਉਨ੍ਹਾਂ ਹੁਕਮ ਮੰਨ ਕੇ ਬਾਲਾ ਜੀ ਨੂੰ ਇਸ਼ਨਾਨ ਕਰਵਾ ਕੇ ਚੰਗੇ ਬਸਤਰ ਪੁਆ ਕੇ ਚੰਡੀ ਮਾਤਾ ਦੀ ਮੂਰਤੀ ਅੱਗੇ ਲਿਆ ਕੇ ਖੜਾ ਕਰ ਦਿੱਤਾ। ਸਤਿਗੁਰੂ ਜੀ ਵੀ ਉਥੇ ਪਹੁੰਚ ਗਏ ਤੇ ਕੀ ਦੇਖਦੇ ਹਨ ਕਿ ਰਾਜਾ ਆਪਣੇ ਹੱਥ ਵਿੱਚ ਨੰਗੀ ਤਲਵਾਰ ਲੈ ਬਾਲਾ ਜੀ ਕੋਲ ਜਾ ਕੇ ਖੜਾ ਹੈ । ਇਹ ਸਾਹਮਣੇ ਹੋ ਰਹੇ ਜ਼ੁਲਮ ਨੂੰ ਮਰਦਾਨਾ ਦੇਖ ਕੇ ਸਹਾਰ ਨਾ ਸਕਿਆ ਤੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਇਸ ਦੀ ਰਕਸ਼ਾ ਕਰੋ, ਇਹ ਤੁਹਾਡਾ ਸੇਵਕ ਹੈ, ਮੇਰਾ ਸਾਥੀ ਹੈ। ਹਜ਼ੂਰ ਨੇ ਮਰਦਾਨੇ ਨੂੰ ਹੌਂਸਲਾ ਦਿੱਤਾ ਕਿ ਨਿਰੰਕਾਰ ਭਲੀ ਕਰੇਗਾ ਵੇਖ ਉਸ ਦੇ ਰੰਗ ਜਿਸ ਸਮੇਂ ਰਾਜਾ ਬਾਲਾ ਜੀ ਤੇ ਤਲਵਾਰ ਦਾ ਵਾਰ ਕਰਨ ਹੀ ਲੱਗਾ ਉਸ ਵਕਤ ਮੰਦਰ ਵਿੱਚ ਰੌਸ਼ਨੀ ਹੋ ਗਈ। ਚੰਡੀ ਮਾਤਾ ਨੇ ਪ੍ਰਗਟ ਹੋ ਕੇ ਰਾਜੇ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ। ਇਹ ਪ੍ਰਤੱਖ ਦੇਖ

ਕੇ ਸਤਿਗੁਰੂ ਨੇ ਚੰਡੀ ਨੂੰ ਪੁਛਿਆ "ਹੇ ਚੰਡੀ ਰਾਜਾ ਤਾਂ ਤੇਰਾ ਭਗਤ ਸੀ ਤੂੰ ਇਸ ਦੀ ਜਾਨ ਲੈ ਕੇ ਬਾਲੇ ਦੀ ਰੱਖਿਆ ਕਿਉਂ ਕੀਤੀ।"

ਚੰਡੀ ਨੇ ਉਤਰ ਵਿੱਚ ਰਾਜੇ ਨੂੰ ਦੁਸ਼ਟ ਦੱਸਿਆ ਤੇ ਕਿਹਾ ਕਿ ਇਹ ਮੇਰਾ ਭਗਤ ਨਹੀਂ ਸੀ ਤੇ ਪ੍ਰਭੂ ਵਲੋਂ ਮੈਨੂੰ ਹੁਕਮ ਹੇ ਕਿ ਜਿਥੇ ਵੀ ਕੋਈ ਭਗਤਾਂ ਨੂੰ ਦੁੱਖ ਦਿੰਦਾ ਹੈ ਮੈਂ ਉਸ ਦਾ ਨਾਸ਼ ਕਰਦੀ ਹਾਂ।

ਉਪਰਲੇ ਪ੍ਰਸੰਗ ਦਾ ਰੂਪ ਇਥੇ ਕਿਸ਼ਨ ਸਿੰਘ ਤੇ ਆ ਵਰਤਿਆ।
ਨੋਟ- (ਉਪਰੋਕਤ ਪ੍ਰਸੰਗ ਜੀਤਾ ਸਿੰਘ ਦੇ ਭਤੀਜੇ ਪਾਸੋਂ ਪ੍ਰਾਪਤ ਹੋਇਆ।)

# ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥

**ਸਲੋਕ ਸੇਖ ਫਰੀਦ, ਅੰਗ ੧੩੮੧**

ਮਹਾਂਪੁਰਖ ਹੁਕਮ ਵਿੱਚ ਰਹਿਣ ਵਾਲੇ ਹੁੰਦੇ ਹਨ, ਜਿਵੇਂ ਹੁਕਮ ਹੋਇਆ ਤੁਰ ਪਏ, ਹੁਕਮ ਹੋਇਆ ਬਹਿ ਗਏ ਜੇ ਮਿਲ ਗਿਆ ਤਾਂ ਖਾ ਲਿਆ ਨਹੀਂ ਭੁੱਖੇ ਹੀ ਅਨੰਦ ਹਨ। ਗੁਰਵਾਕ ਹੈ:-

**ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥**

**ਸੂਹੀ ਮ: ੪, ਅੰਗ ੭੫੭**

ਅੰਦਰੋਂ ਰੱਬ ਨਾਲ ਅਭੇਦ ਇੱਕ ਰੂਪ ਹੁੰਦੇ ਹਨ। ਪਰ ਕੁਦਰਤ ਉਨ੍ਹਾਂ ਦੇ ਹੁਕਮ ਵਿੱਚ ਹੈ ਜੋ ਚਾਹੁੰਦੇ ਹਨ ਕਰ ਦਿੰਦੇ ਹਨ। ਪਰ ਕਰਦੇ ਉਸ ਪ੍ਰਮੇਸ਼ਰ ਦੀ ਰਜਾ ਨਾਲ ਹੀ ਹਨ। ਉਸ ਪ੍ਰਮੇਸ਼ਰ ਦੇ ਹੁਕਮ ਨੂੰ ਮਹਾਂਪੁਰਖ ਹੀ ਸਮਝ ਸਕਦੇ ਹਨ। ਜਿਵੇਂ ਸੰਗੀਤ ਪੈਦਾ ਕਰਨ ਲਈ ਰਬਾਬਾ ਦੀਆ ਤਾਰਾਂ ਵਜਦੀਆਂ ਹਨ, ਉਸ ਵਿੱਚ ਤਾਰਾਂ ਤਾਂ ਕਈ ਹੁੰਦੀਆ ਹਨ, ਪਰ ਉਹਨਾਂ ਸਭ ਦੀ ਧੁਨ ਤੇ ਤਾਰ ਇਕੋ ਹੀ ਹੁੰਦੀ ਹੈ। ਕਰਦੇ ਉਹੀ ਹਨ ਜੋ ਪ੍ਰਭੂ ਦਾ ਹੁਕਮ ਹੁੰਦਾ ਹੈ। ਮਹਾਂਪੁਰਖ ਇੱਕ ਰਸ, ਇੱਕ ਰੰਗ ਨਿਰੰਕਾਰ ਨੂੰ ਸਿਮਰਦੇ ਹਨ। ਸਤਿਗੁਰੂ ਨੇ ਬਾਣੀ ਵਿੱਚ ਫੁਰਮਾਇਆ ਹੈ।

**ਕਬੀਰਿ ਧਿਆਇਓ ਏ ਰੰਗ॥**

**ਬਸੰਤ ਮ: ੫, ਅੰਗ ੧੧੯੨**

ਜਿਸ ਤਰ੍ਹਾਂ ਕਬੀਰ ਜੀ ਨੇ ਵਾਹਿਗੁਰੂ ਦਾ ਇੱਕ ਰਸ, ਇੱਕ ਰੰਗ ਜਾਪ ਕੀਤਾ। ਰੰਗ ਵਿੱਚ ਭੰਗ ਨਹੀਂ ਪੈਣ ਦਿੱਤਾ। ਕਬੀਰ ਸਾਹਿਬ ਨੂੰ ਹਾਥੀ ਅੱਗੇ ਬੰਨ ਕੇ ਗੰਗਾ ਵਿੱਚ ਸੁਟਿਆ ਪਰ ਰੰਗ ਵਿੱਚ ਭੰਗ ਨਾ ਪੈਣ ਦਿੱਤੀ। ਇਹੋ ਹੀ ਤਾਂ ਸਾਹਿਬ ਦੀ ਚਾਕਰੀ ਹੈ। ਇਹ ਚਾਕਰੀ ਮਹਾਂਪੁਰਖ ਹੀ ਨਿਭਾਉਂਦੇ ਹਨ ਆਪ ਵੀ ਤੇ ਆਪਣੇ ਸੇਵਕਾਂ ਨੂੰ ਵੀ ਇਹੀ ਮਾਰਗ ਦੱਸਦੇ ਹਨ। ਮਹਾਂਪੁਰਖਾਂ ਦਾ ਦਰਜਾ ਇਨ੍ਹਾਂ ਉੱਚਾ ਹੁੰਦੇ ਹੋਏ ਵੀ ਤੇ ਇਤਨੀ ਤਾਕਤ ਦੇ ਮਾਲਕ ਹੁੰਦੇ ਵੀ ਸਾਹਿਬ ਨੇ ਅੰਕਿਤ ਕੀਤਾ ਹੈ:

**ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ॥**

**ਮਾਰੂ ਸੋ: ਮ: ੫, ਅੰਗ ੧੦੭੬**

ਜਿਵੇਂ ਪਿੱਛੇ ਪਾਠਕਾਂ ਨੇ ਪੜ੍ਹ ਲਿਆ ਹੈ ਕਿ ਕਿਸਨ ਸਿੰਘ ਬਾਬਾ ਜੀ ਨੂੰ ਧੂਹ ਕੇ ਸੁੱਟ ਜਾਂਦਾ ਹੈ। ਜਿਵੇਂ ਧੂਹ ਕੇ ਛੱਡ ਗਿਆ ਬਾਬਾ ਜੀ ਉਥੇ ਹੀ ਬੇ-ਪਰਬਾਹ ਬੈਠੇ ਹਨ। ਹੇਠਾਂ ਕੱਪੜਾ ਨਹੀਂ, ਚਰਨਾਂ ਵਿੱਚ ਜੁੱਤੀ ਨਹੀਂ, ਲੱਕ ਨਾਲ ਖੱਦਰ ਦਾ ਦੁਪਟਾ (ਕੱਪੜਾ) ਤਨ ਤੇ ਛੋਟਾ ਜਿਹਾ ਕਮੀਜ਼ ਸਿਰ ਤੇ ਖੱਦਰ ਦੀ ਦਸਤਾਰ ਤੇ ਇੱਕ ਖੱਦਰ ਦੀ ਚਾਦਰ। ਫਿਰ ਵੀ ਦੁਨੀਆਂ ਦੇ ਮਾਲਕ ਜੰਡ ਦੇ ਬ੍ਰਿਛ ਥੱਲੇ ਬਿਰਾਜਮਾਨ ਹਨ। ਇਕੱਲੇ ਹੀ ਦੁਨੀਆਂ ਤੋਂ ਅੱਡ ਹਨ। ਜਿਵੇਂ ਵਾਕ ਹੈ:-

**ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ ॥**
**ਅਠੀ ਵੇਪਰਵਾਹ ਰਹਨਿ ਇਕਤੈ ਰੰਗਿ ॥**
**ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ ॥**
**ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ ॥**
**ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥**

**ਵਾਰ ਮਾਝ ਕੀ ਮ: ੨, ਅੰਗ ੧੪੬**

ਹਰ ਵੇਲੇ ਇੱਕ ਰੰਗ ਵਿੱਚ ਰਹਿਣ ਵਾਲੇ ਇਹ ਪੂਰੇ ਹਨ ਇਨ੍ਹਾਂ ਨੇ ਪੂਰੇ ਨੂੰ ਪ੍ਰਾਪਤ ਕਰ ਲਿਆ। ਇਹ ਉਨ੍ਹਾਂ ਵਿਚੋਂ ਹਨ ਜਿਵੇਂ ਦਰਸ਼ਨ ਰੂਪ ਅਥਾਹ ਵਿਰਲੇ ਪਾਈਅਹਿ। ਜਗਤ ਵਿਚੋਂ ਉਤਮ ਵੀ ਹਨ। ਜਿਸ ਤੇ ਇਹਨਾਂ ਦੀ

ਨਜ਼ਰ ਹੋ ਜਾਏ ਉਹ ਵੀ ਪੂਰਾ ਬਣ ਜਾਂਦਾ ਹੈ। ਇਹਨਾਂ ਦੇ ਪੂਰੇ ਕੀਤੇ ਨੂੰ ਕੋਈ ਘਟਾ ਨਹੀਂ ਸਕਦਾ। ਇਸ ਦਾ ਤੋਲ ਵੀ ਪੂਰਾ ਤੇ ਇਸਦਾ ਬੋਲ ਵੀ ਪੂਰਾ ਤੇ ਇਹ ਆਪ ਵੀ ਪੂਰਾ। ਇਸ ਦੀ ਬਖਸ਼ਿਸ਼ ਵੀ ਪੂਰੀ।

**ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥**
**ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥**

**ਗਉੜੀ ਬਾਵਨ ਅਖਰੀ ਮ: ੫, ਅੰਗ ੨੫੨**

ਜਿਸ ਕੰਮ ਲਈ ਗੁਰੂ ਨਾਨਕ ਦੇਵ ਜੀ ਸੰਸਾਰ ਵਿੱਚ ਆਏ ਤੇ ਆ ਕੇ ਕੀ ਵੇਖਦੇ ਹਨ। ਭਾਈ ਗੁਰਦਾਸ ਜੀ ਦਾ ਕਥਨ ਹੈ।

**ਬਾਬਾ ਦੇਖੈ ਧਿਆਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ॥**
**ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ॥**

ਤਾਂ ਫਿਰ ਆਪ ਨੇ ਸੰਸਾਰ ਦੇ ਜੀਵਾਂ ਨੂੰ ਨਾਮ ਦਾ ਉਪਦੇਸ਼ ਬਖਸ਼ਿਆ। ਜਿਸ ਜਗ੍ਹਾਂ ਤੇ ਆਪ ਨੇ ਚਰਨ ਪਾਏ ਤੇ ਸੰਗਤਾਂ ਨੇ ਆਪਦੇ ਦਰਸ਼ਨ ਕੀਤੇ ਪ੍ਰਮੇਸ਼ਰ ਰੂਪ ਗੁਰੂ ਨਾਨਕ ਦੇ ਦਰਸ਼ਨ ਕਰਕੇ ਸਭ ਦੇ ਮਨ ਸਿਮਰਨ ਦੀ ਲੜੀ ਵਿੱਚ ਪਰੋਏ ਸਭ ਥਾਂ ਤੇ ਘਰ ਅੰਦਰ ਧਰਮਸ਼ਾਲਾ ਵਾਲੀ ਗੱਲ ਬਣ ਗਈ ਗੁਰੂ ਨਾਨਕ ਪਾਤਸ਼ਾਹ ਜੀ ਦੀ ਕ੍ਰਿਪਾ ਨਾਲ ਫਿਰ-

ਗੁਰਵਾਕ ਹੈ:-

**ਬਲਿਓ ਚਰਾਗੁ ਅੰਧ੍ਯਾਰ ਮਹਿ ਸਭ, ਕਲਿ ਉਧਰੀ ਇਕ ਨਾਮ ਧਰਮ ॥**

**ਅੰਗ ੧੩੮੭**

ਅਗਲੀਆਂ ਪਾਤਸ਼ਾਹੀਆਂ ਨੇ ਇਸ ਨਾਮ ਦੇ ਚਿਰਾਗ ਦੀ ਰੌਸ਼ਨੀ ਵਧਾਈ ਅੰਤ ਦਸ਼ਮੇਸ਼ ਪਿਤਾ ਨੇ ਸਿੱਖਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੇ ਲੜ ਲਾ ਕੇ ਹੁਕਮ ਦਿੱਤਾ "ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗਰੰਥ" ਇਸ ਹੁਕਮ ਅੱਗੇ ਕੋਈ ਦਲੀਲ ਜਾਂ ਅਪੀਲ ਨਹੀਂ। ਸਭ ਸਿੱਖਾਂ ਨੇ ਮੰਨਣਾ ਹੈ ਜੋ ਆਪਣੇ ਆਪ ਨੂੰ ਗੁਰੂ ਕਾ ਦਾਸ ਸਮਝਦਾ ਹੈ। ਦਸਾਂ ਹੀ ਪਾਤਸ਼ਾਹੀਆਂ ਨੇ ਆਪਣੇ ਸਮੇਂ ਵਿੱਚ ਗੁਰ ਸਿੱਖਾਂ ਨੂੰ ਮਾਨ ਬਖਸ਼ਿਆਂ, ਨਿਵਾਜਿਆ। ਉਹ ਨਾਮ ਦਾ ਚਿਰਾਗ ਜੋ ਗੁਰੂ ਨਾਨਕ ਦੇਵ ਜੀ ਨੇ ਜਗਾਇਆ ਸੀ। ਮਹਾਂਪੁਰਖਾਂ ਨੇ ਕਾਇਮ ਰੱਖਿਆ। ਸੰਸਾਰੀ ਜੀਵਾਂ ਵੱਲੋਂ ਜੋ ਵੀ ਸਲੂਕ ਕੀਤਾ ਗਿਆ ਪਾਠਕ ਪਿੱਛੇ ਪੜ ਚੁੱਕੇ ਹਨ ਅਤੇ ਅੱਗੇ ਵੀ ਪੜਨਗੇ।

ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੂੰ ਕੁਰਾਹੀਆ ਕਿਹਾ।

ਗੁਰੂ ਅੰਗਦ ਸਾਹਿਬ ਦਾ ਪਲੰਘ ਮੀਂਹ ਦਾ ਬਹਾਨਾ ਕਰਕੇ ਖਡੂਰ ਸਾਹਿਬ ਤੋਂ ਬਾਹਰ ਕੱਢ ਦਿੱਤਾ ਸੀ।

ਗੁਰੂ ਅਮਰਦਾਸ ਜੀ ਉਤੇ ਅਕਬਰ ਦੇ ਦਰਬਾਰ ਵਿੱਚ ਸ਼ਿਕਾਇਤਾਂ ਕਰਨੀਆਂ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ।

ਸਾਰੇ ਹੀ ਇਸ ਵਾਰਤਾ ਨਾਲ ਸੰਬੰਧ ਰੱਖਣ ਵਾਲੇ ਇਸ ਲੜੀ ਵਿੱਚ ਆ ਜਾਂਦੇ ਹਨ। ਜਿਨ੍ਹਾਂ ਨੂੰ ਪਾਤਸ਼ਾਹ ਨੇ ਇਸ ਚਿਰਾਗ ਨੂੰ ਕਾਇਮ ਰੱਖਣ ਲਈ ਹੁਕਮ ਲਾਇਆ ਉਨ੍ਹਾਂ ਨੇ ਆਪਣੀ ਕੁਰਬਾਨੀ ਦੇ ਕੇ ਵੀ ਇਸ ਨਾਮ ਦੇ ਦੀਵੇ ਨੂੰ ਹਵਾ ਦਾ ਬੁੱਲਾ ਨਹੀਂ ਲੱਗਣ ਦਿੱਤਾ। ਇਹ ਉਹਨਾਂ ਵਿਚੋਂ ਹੀ ਇੱਕ ਮਹਾਂਪੁਰਖ ਹਨ। ਜਿਨ੍ਹਾਂ ਬਾਰੇ ਤੁਸੀਂ ਪੜ੍ਹ ਰਹੇ ਹੋ:-

**ਤੇਰਾ ਜਨੁ ਰਾਮ ਰਸਾਇਣਿ ਮਾਤਾ ॥**

**ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ ॥੧॥ ਰਹਾਉ ॥ ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸੁ ਭੋਜਨੁ ਖਾਤਾ ॥**

ਜਿਨਾਂ ਦਾ ਇਹ ਦਰਜਾ ਹੈ ਉਨ੍ਹਾਂ ਦੀ ਸੰਗਤ ਕਰਨ ਦਾ ਕੀ ਫਲ ਹੈ:-

**ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ ॥੧॥**

**ਸਫਲੁ ਜਨਮੁ ਹਰਿ ਜਨ ਕਾ ਉਪਜਿਆ**

**ਜਿਨਿ ਕੀਨੋ ਸਉਤੁ ਬਿਧਾਤਾ ॥**

**ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ ॥**

**ਦੇਵ ਗੰਧਾਰੀ ਮ: ੫, ਅੰਗ ੫੩੨**

ਇਸ ਤਰ੍ਹਾਂ ਦੇ ਮਹਾਂਪੁਰਖ ਧੁਰ ਤੋਂ ਹੀ ਨਿਵਾਜੇ ਹੋਏ ਆਏ ਕਿਸੇ ਬੰਦੇ ਦੇ ਨਿਵਾਜੇ ਨਹੀਂ ਆਏ -

**ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ**

**ਧੁਰਹੁ ਹੁਕਮੁ ਬੁਝਿ ਨੀਸਾਣੁ ॥**

**ਅੰਗ ੯੫੩**

ਇਸੇ ਤਰ੍ਹਾਂ ਬਾਬਾ ਜੀ ਨੇ ਇਹ ਹੁਕਮ ਗਜਾਇਆ ਹੈ। ਇਸ ਦਾ ਵੇਰਵਾ ਇਨ੍ਹਾਂ ਦੇ ਇਤਿਹਾਸ ਵਿਚੋਂ ਮਿਲਦਾ ਹੈ। ਸੰਸਾਰ ਵਿੱਚ ਹੋਰ ਕੌਮਾਂ ਦੇ ਪਰਉਪਕਾਰੀ ਆਏ। ਜਿਨ੍ਹਾਂ ਨੇ ਗਰੀਬਾਂ ਦਾ ਮੁਫਤ ਇਲਾਜ ਕਰਵਾਇਆ, ਕਿਸੇ ਨੇ ਭੁੱਖਿਆਂ ਨੂੰ ਅੰਨ ਦਿੱਤਾ ਨੰਗਿਆਂ ਨੂੰ ਬਸਤਰ ਦਿੱਤੇ, ਆਪਣੀ ਵਡਿਆਈ ਕਰਵਾਉਣ ਲਈ ਰੋਗੀਆਂ ਦੇ ਰੋਗ ਦੂਰ ਕਰਵਾ ਦਿੱਤੇ। ਡਾਕਟਰ ਨੇ ਨੇਤਰਹੀਣਾਂ ਨੂੰ ਨੇਤਰ ਦਿੱਤੇ। ਇੱਕ ਡਾਕਟਰ ਨੇ ਇੱਕ ਅੰਨੇ ਦਾ ਇਲਾਜ ਕੀਤਾ। ਕੁਝ ਸਮੇਂ ਬਾਅਦ ਡਾਕਟਰ ਨੇ ਦੇਖਿਆ ਕਿ ਜਿਸ ਨੂੰ ਮੈਂ ਠੀਕ ਕੀਤਾ ਹੈ ਉਸ ਨੂੰ ਪੁਲੀਸ ਫੜ ਕੇ ਲਿਜਾ ਰਹੀ ਸੀ। ਡਾਕਟਰ ਨੇ ਉਸ ਨੂੰ ਪਛਾਣ ਕੇ ਪੁਛਿਆ "ਕਿ ਪੁਲੀਸ ਤੈਨੂੰ ਕਿਉਂ ਲਿਜਾ ਰਹੀ ਹੈ।" ਸਿਪਾਹੀ ਨੇ ਜਵਾਬ ਦਿੱਤਾ "ਕਿ ਇਹ ਜੇਬ ਕਟਦਾ ਫੜਿਆ ਗਿਆ ਹੈ ਇਹ ਮੁਜ਼ਰਮ ਹੈ" ਉਸ ਡਾਕਟਰ ਨੇ ਜੇਬ ਕੱਟਣ ਵਾਲੇ ਤੋਂ ਪੁਛਿਆ "ਕੀ ਇਹ ਸੱਚ ਹੈ" ਪੜਤਾਲ ਕਰਨ ਤੋਂ ਪਤਾ ਲੱਗਾ ਕਿ ਇਹ ਠੀਕ ਹੈ। ਇਸ ਨਾਲ ਡਾਕਟਰ ਦੇ ਮਨ ਨੂੰ ਬਹੁਤ ਪਛਤਾਵਾ ਹੋਇਆ, ਕਿਉਂ ਜੋ ਮੈਂ ਇਸ ਦੇ ਨੇਤਰ ਠੀਕ ਕੀਤੇ ਤਾਂ ਹੀ ਇਸ ਨੇ ਚੋਰੀ ਕੀਤੀ ਨਹੀਂ ਤਾਂ ਇਹ ਅੰਨਾਂ ਹੀ ਠੀਕ ਸੀ। ਡਾਕਟਰ ਨੇ ਫਿਰ ਵੀ ਇਹੋ ਜਿਹੇ ਕੰਮ ਕਰਦੇ ਆਪਣੇ ਰੋਗੀ ਦੇਖੇ ਤਾਂ ਉਸਨੇ ਮਨ ਵਿੱਚ ਸੋਚਿਆ ਕਿ ਮੈਂ ਇਹੋ ਜਿਹੇ ਪਰਉਪਕਾਰ ਨਾਲੋਂ ਉਂਜ ਹੀ ਚੰਗਾ ਹਾਂ। ਪਰ ਇਹ ਗੁਰੂ ਨਾਨਕ ਦਾ ਘਰ ਹੈ ਜਿਨ੍ਹਾਂ ਕੋੜ੍ਹੀਆਂ ਦੇ ਸਰੀਰਕ ਕੋਹੜ ਦੂਰ ਕਰਕੇ ਉਨ੍ਹਾਂ ਦੇ ਮਨ ਦਾ ਕੋਹੜ ਵੀ ਦੂਰ ਕੀਤਾ ਜਿਵੇਂ ਪ੍ਰਸੰਗ ਹੈ।

ਇਕ ਦਿਨ ਗੁਰੂ ਨਾਨਕ ਦੇਵ ਜੀ ਜਾ ਰਹੇ ਸਨ ਰਾਤ ਦਾ ਸਮਾਂ ਹੋ ਗਿਆ। ਇੱਕ ਪਿੰਡ ਦੇ ਕੋਲ ਪਹੁੰਚੇ, ਪਰ ਕਿਸੇ ਨੇ ਮੁਲਾਕਾਤ ਨਾ ਕੀਤੀ। ਮਰਦਾਨੇ ਨੇ ਬੇਨਤੀ ਕੀਤੀ, "ਮਹਾਰਾਜ ਇਹ ਲੋਕ ਕਿਸ ਤਰ੍ਹਾਂ ਦੇ ਹਨ ਕੋਈ ਬੋਲਦਾ ਹੀ ਨਹੀਂ।" ਸਾਹਿਬ ਨੇ ਕਿਹਾ "ਮਰਦਾਨਿਆਂ ਆਪਣੀ ਪੱਗ ਨੂੰ ਹੱਥ ਪਾ ਲਈ ਕਿਤੇ ਕੋਈ ਲਾਹ ਹੀ ਨਾ ਲਵੇ। ਪਿੰਡ ਵਿਚੋਂ ਲੰਘਦੇ ਲੰਘਦੇ ਕਈ ਆਦਮੀ ਮਿਲੇ ਕਿਸੇ ਨੇ ਰਾਤ ਕੱਟਣ ਲਈ ਬੇਨਤੀ ਨਾ ਕੀਤੀ ਸਗੋਂ ਅੱਗੇ ਚਲੇ ਜਾਣ ਲਈ ਤਾਕੀਦ ਕਰਦੇ ਰਹੇ। ਥੋੜੀ ਹੀ ਦੂਰ ਪਿੰਡ ਦੇ ਬਾਹਰਲੇ

ਹਿੱਸੇ ਵਿੱਚ ਕੁਝ ਆਦਮੀ ਅੱਗ ਬਾਲ ਕੇ ਬੈਠੇ ਸਨ। ਉਹਨਾਂ ਨੂੰ ਪਾਤਸ਼ਾਹ ਨੇ ਪੁੱਛਿਆ "ਅਸੀਂ ਰਾਤ ਰਹਿਣਾ ਹੈ ਇਸ ਪਿੰਡ ਵਿੱਚ ਕੋਈ ਰੱਖ ਸਕਦਾ ਹੈ" ਉਹਨਾਂ ਪੁੱਛਿਆ "ਆਪ ਕੌਣ ਹੋ ਤੇ ਕਿਥੋਂ ਆਏ ਹੋ" ਤਾਂ ਆਪ ਨੇ ਉਤਰ ਵਿੱਚ ਕਿਹਾ "ਪ੍ਰਦੇਸੀ ਹਾਂ"।

ਉਹਨਾਂ ਕਿਹਾ "ਪਿੰਡ ਵਿੱਚ ਕੋਈ ਜਗ੍ਹਾਂ ਨਹੀਂ ਔਹ ਸਾਹਮਣੇ ਝੁੱਗੀ ਵਿੱਚ ਇੱਕ ਫਕੀਰ ਰਹਿੰਦਾ ਹੈ ਉਸ ਕੋਲ ਚਲੇ ਜਾਓ"

ਸਤਿਗੁਰੂ ਮਰਦਾਨੇ ਨੂੰ ਇਸ਼ਾਰਾ ਕਰਕੇ ਝੁੱਗੀ ਵੱਲ ਤੁਰ ਪਏ। ਮਰਦਾਨਾ ਪਿੱਛੇ ਪਿੱਛੇ ਤੁਰਿਆ ਜਾ ਰਿਹਾ ਹੈ ਮਨ ਸੋਚਾਂ ਸੋਚ ਰਿਹਾ ਹੈ ਕਿ ਧਨ ਹੈ ਸਤਿਗੁਰੂ ਤੁਹਾਡੀ ਪਛਾਣ ਵੀ ਕਰਨੀ ਕਿਤਨੀ ਮੁਸ਼ਕਲ ਹੈ। ਗੁਰਵਾਕ ਹੈ:-

**ਜਿਸ ਨੋ ਤੂ ਜਣਾਇਹਿ ਸੋਈ ਜਨੁ ਜਾਣੈ ॥**

**ਅੰਗ ੩੬੫**

ਸੋਚਦੇ ਸੋਚਦੇ ਮਰਦਾਨੇ ਦੇ ਮਨ ਅੰਦਰ ਖਿਆਲ ਦਾ ਉਛਾਲਾ ਆਉਂਦਾ ਹੈ ਕਿ ਸਰਬ ਕਲਾ ਸਮਰੱਥ ਸਤਿਗੁਰੂ ਆਪ ਧੰਨ ਹੋ ਕਿਹੋ ਜਿਹੀ ਆਪ ਦੀ ਲੀਲਾ ਹੈ। ਕੋਈ ਬ੍ਰਿਛ ਹੇਠ ਬੈਠਣ ਲਈ ਜਗ੍ਹਾ ਵੀ ਨਹੀਂ ਦੇ ਰਿਹਾ। ਪਰ ਆਪ ਫਿਰ ਵੀ ਦੁਨੀਆਂ ਦਾ ਭਲਾ ਹੀ ਕਰਦੇ ਜਾ ਰਹੇ ਹੋ। ਨਿਮਾਣਿਆਂ ਨੂੰ ਮਾਣ ਤੇ ਨਿਤਾਣਿਆਂ ਨੂੰ ਤਾਣ ਬਖਸ਼ਦੇ ਜਾ ਰਹੇ ਹੋ। ਦੁਨੀਆਂ ਦੇ ਲੋੜਵੰਦਾਂ ਦੀਆ ਦੁਨਿਆਵੀ ਲੋੜਾਂ ਪੂਰੀਆਂ ਕਰਦੇ ਜਾ ਰਹੇ ਹੋ। ਇਹ ਸੋਚਾਂ ਵਿੱਚ ਹੀ ਮਰਦਾਨਾ ਸਤਿਗੁਰੂ ਦੇ ਪਿੱਛੇ ਪਿੱਛੇ ਤੁਰਿਆ ਜਾਂਦਾ ਹੈ, ਫਕੀਰ ਦੀ ਝੌਂਪੜੀ ਅੱਗੇ ਪਹੁੰਚਦੇ ਹਨ।

ਸਤਿਗੁਰੂ ਨੇ ਫਕੀਰ ਨੂੰ ਆਵਾਜ਼ ਦੇ ਕਿਹਾ "ਹੇ ਫਕੀਰ ਸਾਈਂ ਬੂਹਾ ਖੋਲ।"

ਅੰਦਰੋਂ ਫਕੀਰ ਹੈਰਾਨ ਹੋ ਕੇ ਪੁੱਛਦਾ ਹੈ "ਆਪ ਕੌਣ ਹੋ।" "ਮਨ ਵਿੱਚ ਸੋਚਦਾ ਹੈ" ਭੁਲੇਖਾ ਖਾ ਕੇ ਆ ਗਏ ਹੋਣਗੇ। ਮੇਰੇ ਕੋਲ ਇਸ ਵੇਲੇ ਕੌਣ ਆ ਸਕਦਾ ਹੈ।

ਸਤਿਗੁਰੂ ਜੀ ਨੇ ਫਿਰ ਆਵਾਜ਼ ਦਿੱਤੀ "ਅਸੀਂ ਮੁਸਾਫਿਰ ਹਾਂ ਰਾਤ ਕੱਟਣੀ ਹੈ। ਦਰਵਾਜ਼ਾ ਖੋਲ ਦੇ"।

ਆਵਾਜ਼ ਸੁਣ ਕੇ ਫਕੀਰ ਨੇ ਦਰਵਾਜ਼ਾ ਖੋਲ ਦਿੱਤਾ।

ਸਤਿਗੁਰੂ ਅੱਗੇ ਲੰਘ ਗਏ ਅਤੇ ਮਰਦਾਨਾ ਵੀ ਪਿੱਛੇ ਹੀ ਅੰਦਰ ਚਲਾ ਗਿਆ ਮਰਦਾਨੇ ਨੇ ਨੱਕ ਅੱਗੇ ਕੱਪੜਾ ਕਰਕੇ ਕਿਹਾ ਕਿ ਪਾਤਸ਼ਾਹ ਇਥੇ ਤਾਂ ਬੜੀ ਬਦਬੂ ਆ ਰਹੀ ਹੈ। ਸਾਹਿਬ ਮਰਦਾਨੇ ਨੂੰ ਸੰਬੋਧਨ ਕਰਕੇ ਕਹਿਣ ਲੱਗੇ "ਮਰਦਾਨਿਆਂ ਇਸ ਬਦਬੂ ਨੂੰ ਤਾਂ ਖੁਸ਼ਬੂ ਵਿੱਚ ਬਦਲਣਾ ਹੈ, ਰਬਾਬ ਖੋਲ ਕੀਰਤਨ ਸ਼ੁਰੂ ਕਰੀਏ।

ਮਰਦਾਨੇ ਨੇ ਨਾ ਚਾਹੁੰਦੇ ਹੋਏ ਵੀ ਰਬਾਬ ਖੋਲ ਲਿਆ ਤੇ ਸਾਹਿਬ ਨੇ ਆਪ ਹੀ ਬਾਣੀ ਦਾ ਉਚਾਰਨ ਸ਼ੁਰੂ ਕਰ ਦਿੱਤਾ। ਸ਼ਬਦ ਉਚਾਰਨ ਕੀਤਾ:-

**ਜੀਉ ਤਪਤੁ ਹੈ ਬਾਰੋ ਬਾਰ ॥**

**ਤਪਿ ਤਪਿ ਖਪੈ ਬਹੁਤੁ ਬੇਕਾਰ ॥**

**ਅੰਗ ੬੬੧**

ਜਿਵੇਂ ਜਿਵੇਂ ਸ਼ਬਦ ਦੀ ਸਰੋਤ ਕੋਹੜੀ ਦੇ ਕੰਨਾਂ ਵਿੱਚ ਪੈਂਦੀ ਗਈ ਹਾਏ ਹਾਏ ਕਰਨ ਵਾਲੇ ਦੁਖੀ ਦਾ ਮਨ ਸ਼ਾਂਤ ਹੁੰਦਾ ਗਿਆ। ਸ਼ਬਦ ਦਾ ਭੋਗ ਪੈਣ ਦੀ ਦੇਰ ਹੀ ਸੀ ਕਿ ਬਦਬੂ, ਖੁਸ਼ਬੂ ਵਿੱਚ ਬਦਲ ਚੁੱਕੀ ਸੀ ਅਤੇ ਕੋਹੜੀ ਦਾ ਮੱਥਾ ਸਤਿਗੁਰੂ ਦੇ ਚਰਨਾਂ ਤੇ ਟਿਕਿਆ ਹੋਇਆ ਸੀ। ਸਤਿਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਤੇ ਮੁਬਾਰਕ ਹੱਥ ਕੋਹੜੀ ਦੇ ਸਿਰ ਤੇ ਟਿਕ ਗਿਆ ਸੀ ਤੇ ਕੋਹੜੀ ਨੂੰ ਨਿਹਾਲ ਕਰੀ ਜਾ ਰਿਹਾ ਸੀ।

ਇਸੇ ਤਰ੍ਹਾਂ ਬਾਬਾ ਜੀ ਵੀ ਦੁਨੀਆਂ ਦੇ ਜੀਵਾਂ ਤੇ ਪਰਉਪਕਾਰ ਕਰਦੇ ਰਹੇ।

ਦੁਨੀਆਂ ਦੇ ਨਾਸਤਿਕ ਮਨੁੱਖਾਂ ਵਲੋਂ ਬੇਅਦਬੀਆਂ ਹੋਣ ਤੇ ਵੀ ਲੋਕਾਂ ਦਾ ਭਲਾ ਹੀ ਕਰਦੇ ਰਹੇ। ਕਿਸੇ ਪ੍ਰਾਣੀ ਨੂੰ ਨਿਰਾਸ਼ ਨਹੀਂ ਮੋੜਿਆ ਸਭ ਦੀਆਂ ਲੋੜ ਅਨੁਸਾਰ ਆਸਾਂ ਪੂਰੀਆਂ ਕਰਦੇ ਰਹੇ।

## ਚਿੰਤ ਅਚਿੰਤਾ ਸਗਲੀ ਗਈ ॥
## ਪ੍ਰਭ ਨਾਨਕ ਨਾਨਕ ਨਾਨਕ ਮਈ ॥

**ਅੰਗ ੧੧੫੭**

ਇਕ ਦਿਨ ਅਚਾਨਕ ਠਾਕਰਾ ਸਿੰਘ ਨੂੰ ਬਾਬਾ ਜੀ ਦੇ ਦਰਸ਼ਨ ਹੋ ਗਏ ਤੇ ਉਸ ਦੇ ਮਨ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ। ਖੁਸ਼ੀ ਨਾਲ ਮਨ ਝੂਮ ਉਠਿਆ ਤੇ ਭੱਜਾ-ਭੱਜਾ ਘਰ ਵੱਲ ਆਇਆ। ਬੜੀ ਹੀ ਖੁਸ਼ੀ ਦੇ ਅੰਦਾਜ ਵਿੱਚ ਆਪਣੀ ਪਤਨੀ ਨੂੰ ਕਿਹਾ "ਬਾਬਾ ਜੀ ਦੇ ਦਰਸ਼ਨ ਹੋ ਗਏ ਹਨ। ਛੇਤੀ ਕਰ ਉਹਨਾਂ ਲਈ ਦੁੱਧ ਤਿਆਰ ਕਰਕੇ ਪਰੌਂਠੇ ਵੀ ਲਾਹ ਦੇ ਤਾਂ ਕਿ ਮੈਂ ਉਹਨਾਂ ਕੋਲ ਲੈ ਕੇ ਜਲਦੀ ਜਾਵਾਂ।

ਘਰ ਵਾਲੀ ਨੇ ਪੁਛਿਆ "ਕਿਥੇ ਹਨ ਸ਼ਹਿਨਸ਼ਾਹ"

"ਰੂੰਮੀ ਵਾਲੇ ਖੇਤਾਂ ਵਿਚ" ਠਾਕਰਾ ਸਿੰਘ ਨੇ ਉੱਤਰ ਦਿੱਤਾ।

"ਤੁਹਾਨੂੰ ਕਿਵੇਂ ਪਤਾ ਲੱਗਾ"

"ਅੱਜ ਸਵੇਰੇ ਜਦੋਂ ਮੈਂ ਖੇਤਾਂ ਵੱਲ ਜਾ ਰਿਹਾ ਸੀ ਤਾਂ ਰਾਹ ਵਿੱਚ ਮੈਨੂੰ ਇੱਕ ਫਕੀਰ ਮਿਲਿਆ। ਮੈਂ ਨਮਸਕਾਰ ਕੀਤੀ ਤੇ ਪੁੱਛਿਆ, "ਹਜ਼ੂਰ ਕੋਈ ਮੇਰੇ ਜੋਗੀ ਸੇਵਾ ਦਸੋ।" ਫਕੀਰ ਸਾਈਂ ਨੇ ਜਵਾਬ ਦਿੱਤਾ "ਮੈਨੂੰ ਤਾਂ ਕੁਝ ਨਹੀਂ ਚਾਹੀਦਾ। ਔਹ ਛੱਪੜ ਦੇ ਕੋਲ ਸਮਰੱਥ ਗੁਰੂ ਬੈਠਾ ਹੈ ਜੇ ਸੇਵਾ ਕਰਨ ਦਾ ਉਤਸ਼ਾਹ ਹੈ ਤਾਂ ਉਹਨਾਂ ਪਾਸ ਚਲਿਆ ਜਾਹ, ਪੂਰਨ ਸੰਤ ਹਨ।"

ਇਹ ਕਹਿ ਕੇ ਉਸਨੇ ਆਪਣੀ ਵਾਰਤਾ ਸ਼ੁਰੂ ਕੀਤੀ ਕਿ ਕੱਲ੍ਹ ਮੈਂ ਉਹਨਾਂ ਸੰਤਾਂ ਕੋਲ ਗਿਆ ਸੀ। ਮੈਂ ਜਾ ਕੇ ਨਮਸ਼ਕਾਰ ਕੀਤੀ ਤੇ ਕੋਲ ਬੈਠ ਗਿਆ। ਮੈਂ ਉਨ੍ਹਾਂ ਦੇ ਬਚਨ ਸੁਣਦਾ ਰਿਹਾ, ਪਰ ਚੇਹਰੇ ਵੱਲ ਨਾ ਦੇਖ ਸਕਿਆ ਕਿਉਂਕਿ ਚੇਹਰੇ ਦਾ ਜਲਾਲ ਹੀ ਇਨ੍ਹਾਂ ਸੀ ਸਿਰ ਨੀਵਾਂ ਹੋ ਜਾਂਦਾ ਸੀ। ਉਨ੍ਹਾਂ ਨੇ ਮੇਰੇ ਮਨ ਵਿੱਚ ਜੋ ਸ਼ੰਕਾਂਵਾਂ (ਭੁਲੇਖਾ) ਸੀ ਉਹ ਆਪਣੀ ਪੂਰਨ ਸਮਰੱਥਾ ਨਾਲ ਦੂਰ ਕਰ ਦਿੱਤੀਆਂ। ਮੇਰਾ ਚੰਚਲ ਮਨ ਨਿਹਾਲ ਹੋ ਗਿਆ। ਮੈਂ ਉਹਨਾਂ ਪਾਸ

ਸੇਵਾ ਕਰਨ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਕਿਹਾ ਤੇਰਾ ਕੰਮ ਹੋ ਗਿਆ ਹੈ ਤੂੰ ਹੁਣ ਜਾ ਸਕਦਾ ਹੈਂ।"

"ਉਸ ਫਕੀਰ ਦੀ ਵਾਰਤਾ ਸੁਣ ਕੇ ਮੈਂ ਉਸ ਪਾਸੇ ਵੱਲ ਗਿਆ, ਨੇੜੇ ਪਹੁੰਚ ਕੇ ਪਤਾ ਲੱਗਾ ਕਿ ਇਹ ਤਾਂ ਬਾਬਾ ਜੀ ਹੀ ਹਨ। ਮੈਂ ਚਰਨਾਂ ਵਿੱਚ ਆਪਣਾ ਸਿਰ ਝੁਕਾ ਦਿੱਤਾ ਤੇ ਆਪਣੇ ਮਨ ਦਾ ਵਿਰਲਾਪ ਉਨ੍ਹਾਂ ਅੱਗੇ ਖੋਲ੍ਹ ਕੇ ਰੱਖ ਦਿੱਤਾ। ਥੋੜ੍ਹੀ ਦੇਰ ਬਚਨ ਸੁਨਣ ਤੋਂ ਬਾਅਦ ਮੈਂ ਘਰ ਆਉਣ ਲਈ ਆਗਿਆ ਲੈ ਆਇਆ ਹਾਂ। ਸੋ ਛੇਤੀ ਇਹ ਰਾਸ਼ਨ ਤਿਆਰ ਕਰਦੇ ਤਾਂ ਕਿ ਮੈਂ ਆਪਣੇ ਸਮਰੱਥ ਗੁਰੂ ਕੋਲ ਪਹੁੰਚ ਕੇ ਦਰਸ਼ਨਾਂ ਦੀ ਭੁੱਖ ਦੂਰ ਕਰ ਸਕਾਂ।"

ਪਤਨੀ ਨੇ ਰਾਸ਼ਨ ਤਿਆਰ ਕਰ ਦਿੱਤਾ ਅਤੇ ਆਪ ਇੱਕ ਪਰੌਂਠਾ ਸਤਿਕਾਰ ਨਾਲ ਕੱਪੜੇ ਵਿੱਚ ਲੈ ਕੇ, ਦੁੱਧ ਬਰਤਨ ਵਿੱਚ ਪਾ ਕੇ ਘੜਾ ਪਾਣੀ ਦਾ ਚੁੱਕ ਕੇ ਬਾਬਾ ਜੀ ਪਾਸ ਆ ਪਹੁੰਚਿਆ ਤੇ ਆਕੇ ਸੀਸ ਨਿਵਾਇਆ। ਘੜਾ ਪਾਣੀ ਦਾ ਲਾਹ ਕੇ ਆਪ ਖੜਾ ਹੋ ਗਿਆ। ਰਾਸ਼ਨ ਅੱਗੇ ਵਧਾ ਕੇ ਕਹਿਣ ਲੱਗਾ ਪ੍ਰਸ਼ਾਦ ਛੱਕ ਲਉ। ਬਾਬਾ ਜੀ ਨੇ ਪੁੱਛਿਆ "ਇਹ ਕੀ ਹੈ?"

"ਬਰਤਨ ਵਿੱਚ ਦੁੱਧ ਤੇ ਪਰੌਂਠਾ ਹੈ, ਮਹਾਰਾਜ", ਠਾਕਰਾ ਸਿੰਘ ਨੇ ਕਿਹਾ। ਲੋੜ ਅਨੁਸਾਰ ਬਾਬਾ ਜੀ ਨੇ ਪ੍ਰਸ਼ਾਦ ਛੱਕ ਲਿਆ ਤੇ ਹੱਥ ਸਾਫ ਕਰਕੇ ਠਾਕਰਾ ਸਿੰਘ ਨੂੰ ਪੁੱਛਣ ਲੱਗੇ "ਠਾਕਰਾ ਸਿੰਘ ਸਾਡੇ ਚਲੇ ਜਾਣ ਤੋਂ ਬਾਅਦ ਤੇਰੇ ਨਾਲ ਕੀ-ਕੀ ਬੀਤੀ।"

ਠਾਕਰਾ ਸਿੰਘ ਨੇ ਬੀਤੀ ਨੂੰ ਮਨ ਵਿੱਚ ਲਿਆ ਕੇ ਠੰਡਾ ਹਉਂਕਾ ਲੈ ਵਿਥਿਆ ਸ਼ੁਰੂ ਕੀਤੀ। ਪਾਤਸ਼ਾਹ ਆਪ ਜਦੋਂ ਚਲੇ ਗਏ ਮਨ ਨੇ ਬੜਾ ਵਿਰਲਾਪ ਕੀਤਾ। ਦਿਲ ਬੁਝ ਗਿਆ ਸੀ, ਮਨ ਵਿੱਚ ਕਈ ਤਰ੍ਹਾਂ ਦੇ ਖਿਆਲ ਆ ਰਹੇ ਸਨ। ਫਿਰ ਇੱਕ ਦਿਨ ਤੁਹਾਡਾ ਕੀਤਾ ਹੋਇਆ ਬਚਨ ਮੇਰੇ ਮਨ ਵਿੱਚ ਆਇਆ ਕਿ "ਠਾਕਰਾ ਸਿੰਘ ਤੈਨੂੰ ਕਿਸੇ ਸਮੇਂ ਫਿਰ ਮਿਲਾਂਗੇ।"

ਇਹੀ ਧਾਰਨਾ ਮਨ ਵਿੱਚ ਲੈ ਕੇ ਮੈਂ ਆਸਾਂ ਦਾ ਮਹਿਲ ਉਸਾਰਦਾ ਰਿਹਾ ਕਿ ਕਿਤੇ ਤਾਂ ਦਰਸ਼ਨ ਹੋਣਗੇ। ਪਰ ਪਹਿਲਾਂ ਆਪ ਬਚਨ ਕਰਦੇ ਹੁੰਦੇ ਸੀ ਕਿ "ਠਾਕਰਾ ਸਿੰਘ ਤੇਰਾ ਮੇਰਾ ਪਿਛਲੇ ਜਨਮ ਦਾ ਸੰਬੰਧ ਹੈ।"

ਫਿਰ ਮਨ ਪਾਪੀ ਵਿੱਚ ਖਿਆਲ ਆਉਂਦਾ "ਕਿਤੇ ਅਗਲੇ ਜਨਮ ਵਿੱਚ ਹੀ ਨਾ ਕਹਿ ਗਏ ਹੋਣ। ਸੋ ਅੱਜ ਮੇਰੇ ਮਨ ਦੇ ਉਤਰਾਅ ਚੜ੍ਹਾਅ ਖਤਮ ਹੋ ਗਏ ਹਨ ਤੇ ਮਨ ਨੂੰ ਸ਼ਾਂਤੀ ਮਿਲੀ ਹੈ।"

ਇਹ ਸੁਣ ਬਾਬਾ ਜੀ ਨੇ ਬਚਨ ਕੀਤਾ "ਠਾਕਰਾ ਸਿੰਘ, ਤੇਰੀ ਸੇਵਾ ਪ੍ਰਵਾਨ ਹੈ ਅਸੀਂ ਤਾਂ ਇਸ ਤਰ੍ਹਾਂ ਹੀ ਆਉਂਦੇ ਜਾਂਦੇ ਰਹਾਂਗੇ। ਤੇਰਾ ਅਗਲੇ ਜਨਮ ਦਾ ਜੋ ਖਿਆਲ ਹੈ, ਉਹ ਛੱਡਦੇ। ਹੁਣ ਤੂੰ ਜਨਮ ਮਰਨ ਤੋਂ ਰਹਿਤ ਹੋ ਗਿਆ ਹੈ।"

**ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥**

**ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ ਰਹਾਉ ॥**

**ਅੰਗ ੨੦੧**

ਠਾਕਰਾ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ "ਮਹਾਰਾਜ! ਜੇ ਤੁਠੇ ਹੋ ਤਾਂ ਮੇਰਾ ਕੀ ਮੇਰੀ ਔਲਾਦ ਦਾ ਵੀ ਆਪਣੇ ਚਰਨਾਂ ਵਿੱਚ ਨਿਵਾਸ ਕਰ ਦਿਓ, ਇਨ੍ਹਾਂ ਦਾ ਜੰਮਨ ਮਰਨ ਕੱਟ ਦਿਓ" ਬਾਬਾ ਜੀ ਨੇ ਬਚਨ ਕੀਤਾ "ਚੰਗਾ ਜਿਵੇਂ ਤੇਰੀ ਖੁਸ਼ੀ ਹੈ ਹੋ ਜਾਵੇਗਾ" ਸੋ ਇਵੇਂ ਹੀ ਹੋਇਆ। ਠਾਕਰਾ ਸਿੰਘ ਦੇ ਦੋ ਸਪੁੱਤਰ ਸਨ ਵੱਡਾ ਸੁੰਦਰ ਤੇ ਛੋਟਾ ਰਾਮ ਸਿੰਘ ਵੀ ਜਨਮ ਮਰਨ ਤੋਂ ਰਹਿਤ ਹੋ ਗਏ। ਅਗਲੀ ਪੀੜ੍ਹੀ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੀ।

ਦਾਤੇ ਜੀ ਦਾਨ ਕੇ ਸ਼੍ਰੀ ਮਹਾਂ ਹਰਨਾਮ ਸਿੰਘ
ਉਪਮਾ ਬੇ-ਅੰਤ ਕੈਸੇ ਕਹੇ ਏਕ ਰਸਨਾ
ਹੋਇਕੈ ਪ੍ਰਸੰਨ ਕਿ ਪਲ ਮੈਂ ਨਿਹਾਲ ਕੀਓ
ਤੇਰੇ ਜੈਸਾ ਹੋਰ ਨਾ ਜਗਤ ਮੇ ਦਰਸ਼ਨਾ
ਸੇਵਾ ਕਰੀ ਏਕ ਨੇ ਅਨੇਕ ਕੁਲ ਤਾਰ ਦੀਨੀ
ਜਨਮ ਮਰਨ ਸਦਾ ਰਾਖੀਏ ਕ੍ਰਿਪਾ ਨਿਧਾਨ
ਕ੍ਰਿਪਾ ਦ੍ਰਿਸ਼ਟ ਦੇਖੋ ਹਾਥ ਮਾਥ ਕੋ ਸਪਰਸਨਾ

"ਮਹਾਰਾਜ ਆਪ ਇਥੇ ਕਿੰਨੇ ਸਮੇਂ ਤੋਂ ਬੈਠੇ ਹੋ" ਠਾਕਰਾ ਸਿੰਘ ਨੇ ਪੁੱਛਿਆ।

"ਤੇਰੇ ਘਰ ਵਿਚੋਂ ਜਾਣ ਤੋਂ ਬਾਅਦ ਪਿੰਡ ਦੇ ਛਿਪਦੇ ਵੱਲ ਜਿਹੜੇ ਉੱਚੇ ਰੇਤ ਦੇ ਟਿੱਬੇ ਹਨ ਉਨ੍ਹਾਂ ਦੇ ਵਿਚਕਾਰ ਰਹਿ ਕੇ ਕੁਝ ਸਮਾਂ ਬਤੀਤ ਕੀਤਾ। ਉਸ ਤੋਂ ਬਾਅਦ "ਉਹ ਸਾਹਮਣੇ (ਕਿਸ਼ਨ ਸਿੰਘ ਦੇ ਖੇਤ ਵਾਲੇ ਥੜੇ ਵੱਲ ਇਸ਼ਾਰਾ ਕਰਕੇ) ਰਹੇ। ਉਥੋਂ ਖੇਤ ਵਾਲੇ ਨੇ ਸਾਨੂੰ ਖਿੱਚ ਕੇ ਇਥੇ ਛੱਡ ਦਿੱਤਾ ਸੀ। "ਉਸ ਤੋਂ ਬਾਅਦ ਇੱਕ ਫਕੀਰ ਰਾਤ ਰਹਿ ਕੇ ਗਿਆ ਸੀ।

ਠਾਕਰਾ ਸਿੰਘ ਨੇ ਕਿਹਾ "ਉਸ ਫਕੀਰ ਨੇ ਹੀ ਮੈਨੂੰ ਆਪ ਜੀ ਬਾਰੇ ਦੱਸਿਆ ਸੀ। ਫਿਰ ਬੇਨਤੀ ਕੀਤੀ ਪਾਤਸ਼ਾਹ ਸਰਦੀ ਦਾ ਮੌਸਮ ਆ ਗਿਆ ਹੈ ਆਪ ਦੇ ਰਹਿਣ ਲਈ ਕੋਈ ਉਸਾਰੀ ਕਰ ਦਈਏ।"

ਹਜ਼ੂਰ ਨੇ ਬਚਨ ਕੀਤਾ "ਠਾਕਰਾ ਸਿੰਘ ਜਗ੍ਹਾ ਆਪ ਹੀ ਬਣ ਜਾਏਗੀ ਤੂੰ ਆਪ ਹੀ ਕਦੇ ਕਦੇ ਮਿਲ ਜਾਇਆ ਕਰ।"

ਹਜ਼ੂਰ ਆਪ ਇਨ੍ਹੀ ਤਾਕਤ ਦੇ ਮਾਲਕ ਹੋ ਕੇ ਵੀ ਦੁਨੀਆਂ ਵਿੱਚ ਇਉਂ ਵਿਚਰ ਰਹੇ ਹੋ। ਇਤਨੀ ਵੱਢੀ ਸਮਰੱਥਾ ਤੇ ਪਰਦਾ ਕਿਉਂ ਪਾ ਕੇ ਰੱਖਿਆ ਹੈ।

ਬਾਬਾ ਜੀ ਨੇ ਹੱਸ ਕੇ ਬਚਨ ਕੀਤਾ "ਅਜੇ ਸਮਾਂ ਨਹੀਂ ਹੈ। ਦੁਨਿਆਵੀਂ ਮਨੁੱਖਾਂ ਨੂੰ ਕਿਸੇ ਵੀ ਚੀਜ ਦੀ ਲੋੜ ਹੋਵੇਗੀ। ਪ੍ਰਮੇਸ਼ਰ ਦੇ ਹੁਕਮ ਨਾਲ ਦਿੰਦੇ ਰਹਾਂਗੇ। ਸਾਨੂੰ ਤਾਂ ਇਸੇ ਤਰ੍ਹਾਂ ਹੀ ਰਹਿਣ ਦਾ ਹੁਕਮ ਹੈ ਲੋੜਮੰਦ ਨੂੰ ਨਿਰੰਕਾਰ ਆਪ ਹੀ ਪਛਾਣ ਕਰਨ ਦੀ ਬੁਧੀ ਬਖਸ਼ੇਗਾ।

ਬਾਬਾ ਜੀ ਦੇ ਬਚਨ ਦੀ ਪ੍ਰੜੋਤਾ ਬਾਣੀ ਵਿੱਚ ਵੀ ਅੰਕਿਤ ਕੀਤੀ ਹੋਈ ਹੈ:

**ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ ॥੧॥**
**ਬਾਹਰਿ ਸੂਤੁ ਸਗਲ ਸਿਉ ਮਉਲਾ ॥**
**ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥੧॥ ਰਹਾਉ ॥**

**ਅੰਗ ੩੮੪**

ਧੰਨ ਹਨ ਇਸ ਤਰ੍ਹਾਂ ਦੇ ਮਹਾਂਪੁਰਖ।

"ਬਾਬਾ ਜੀ ਸਵੇਰੇ ਆਪ ਲਈ ਕੀ ਹਾਜਰ ਕਰਾਂ "।

ਬਾਬਾ ਜੀ ਨੇ ਬਚਨ ਕੀਤਾ, "ਥੋੜ੍ਹਾ ਜਿਹਾ ਦੁੱਧ ਹੀ ਲੈ ਕੇ ਆਉਣਾ।" ਠਾਕਰਾ ਸਿੰਘ ਸਿਰ ਝੁਕਾ ਕੇ ਘਰ ਵੱਲ ਨੂੰ ਚਲ ਪਿਆ। ਇਸ ਤਰ੍ਹਾਂ ਇਥੇ

ਵੀ ਸੇਵਾ ਕਰਦਾ ਰਿਹਾ।

ਇਥੇ ਬਾਬਾ ਜੀ ਕੋਈ ਦਸ ਸਾਲ ਤੱਕ ਰਹੇ। ਇਥੇ ਬਾਬਾ ਜੀ ਦੇ ਪ੍ਰੇਮੀ ਆਉਂਦੇ ਰਹੇ। ਉਨ੍ਹਾਂ ਬਾਰੇ ਜਿੰਨ੍ਹਾਂ ਕੁ ਲੇਖਕ ਨੂੰ ਵੇਰਵਾ ਮਿਲਿਆ ਹੈ ਉਹ ਅੱਗੇ ਅੰਕਿਤ ਕੀਤਾ ਜਾਵੇਗਾ। ਦਸ ਸਾਲ ਤੱਕ ਰਹਿਣ ਦੇ ਸਮੇਂ ਵੇਰਵਾ ਸੰਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਤੋਂ ਪਤਾ ਲੱਗਾ ਹੈ।

## ਅਪਨੀ ਸੇਵਾ ਆਪਿ ਕਰਾਈ
## ਗੁਰਮਤਿ ਅੰਤਰਿ ਜਾਗੀ ॥

ਬਾਬਾ ਜੀ ਦੇ ਇਥੇ ਆਉਣ ਤੋਂ ਥੋੜ੍ਹੇ ਹੀ ਦਿਨਾਂ ਬਾਅਦ ਇੱਕ ਮਿਸਤਰੀ ਗੱਜਣ ਸਿੰਘ ਨੂੰ ਦਰਸ਼ਨ ਹੋਏ। ਜਿਸ ਦਾ ਖੇਤ ਬਾਬਾ ਜੀ ਦੇ ਆਸਣ ਕੋਲ ਹੀ ਸੀ ਇਹ ਮਿਸਤਰੀ ਰਾਮ ਸਿੰਘ ਪਿੰਡ ਭੁੱਚੋ ਕਲਾਂ ਦਾ ਵਸਨੀਕ ਸੀ। ਜਿੰਨ੍ਹਾਂ ਦੇ ਪਰਿਵਾਰ ਦਾ ਕੁਝ ਹਿੱਸਾ ਬੀਬੀ ਵਾਲਾ ਪਿੰਡ ਵੀ ਚਲਾ ਗਿਆ ਹੈ ਤੇ ਕੁਝ ਇਥੇ ਹੀ ਰਹਿ ਗਿਆ। ਦਰਸ਼ਨ ਕਰਕੇ ਕੋਲ ਬੈਠ ਗਿਆ ਤੇ ਬਾਬਾ ਜੀ ਨੇ ਪਿੰਡ ਤੇ ਨਾਮ ਆਦਿ ਪੁਛਿਆ ਕਿਉਂਕਿ ਪਹਿਲਾਂ ਆਪ ਪਿੰਡ ਜਾਤ, ਗੋਤ, ਨਾਮ ਆਦਿ ਜ਼ਰੂਰ ਪੁਛਦੇ ਸਨ।

ਗੱਜਣ ਸਿੰਘ ਨੇ ਆਪਣਾ ਸਾਰਾ ਵੇਰਵਾ ਦੇ ਕੇ ਬੇਨਤੀ ਕੀਤੀ, ਮਹਾਰਾਜ! ਆਪ ਮੇਰੇ ਲਈ ਕੋਈ ਸੇਵਾ ਬਖਸ਼ੋ"

ਤਾਂ ਬਾਬਾ ਜੀ ਨੇ ਬਚਨ ਕੀਤਾ 'ਕਿ ਕਿਸੇ ਚੀਜ਼ ਦੀ ਲੋੜ ਨਹੀਂ ਸਭ ਸ਼ੁਧ ਹੈ।"

ਫਿਰ ਪ੍ਰੇਮੀ ਜਨ ਨੇ ਕਿਹਾ "ਪਾਤਸ਼ਾਹ! ਸਰਦੀ ਦੀ ਰੁੱਤ ਆ ਰਹੀ ਹੈ, ਆਪ ਦੇ ਬੈਠਣ ਲਈ ਕੋਈ ਜਗ੍ਹਾ ਨਹੀਂ ਬਣੀ ਹੋਈ, ਜੇ ਹੁਕਮ ਹੋਵੇ ਤਾਂ ਛੋਟੀ ਕੁਟੀਆ ਹੀ ਬਣਾ ਦਿੰਦਾ ਹਾਂ।"

ਬਾਬਾ ਜੀ ਨੇ ਫੁਰਮਾਇਆ "ਚੰਗਾ ਜੇ ਚਾਹੁੰਦਾ ਹੀ ਹੈ ਤਾਂ ਇੱਕ ਛੋਟਾ ਜਿਹਾ ਟੋਆ ਪੁੱਟ ਕੇ ਉਪਰ ਕਾਨੇ ਪਾ ਦੇਵੀ"

ਫਿਰ ਆਪ ਨੇ ਮਿਸਤਰੀ ਗੱਜਣ ਸਿੰਘ ਨੂੰ ਥਾਂ ਦੱਸ ਕੇ ਮਿਣਤੀ ਦੇ ਕੇ

ਇੱਛਾ ਮੁਤਾਬਕ ਟੋਆ ਕਰਵਾ ਲਿਆ ਤੇ ਕਾਨੇ ਲਿਆ ਕੇ ਪਾਉਣ ਲਈ ਤਾਕੀਦ ਕਰ ਦਿੱਤੀ। ਅਗਲੇ ਦਿਨ ਗੱਜਣ ਸਿੰਘ ਨੇ ਕਾਨੇ ਲਿਆ ਕੇ ਛੱਤ ਪਾ ਦਿੱਤੀ। ਆਪ ਜੀ ਨੇ ਕਹਿ ਦਿੱਤਾ "ਸ਼ੁਧ ਹੈ"। ਗੱਜਣ ਸਿੰਘ ਨੇ ਕਿਹਾ "ਮਹਾਰਾਜ! ਇਹ ਮੇਰੀ ਜ਼ਮੀਨ ਹੈ ਤੁਸੀਂ ਇਥੇ ਜਿੰਨੀ ਦੇਰ ਰਹਿਣਾ ਹੈ ਰਹੋ, ਕੋਈ ਰੁਕਾਵਟ ਨਹੀਂ ਆਵੇਗੀ।"

ਇਸ ਥਾਂ ਉਤੇ ਠਾਕਰਾ ਸਿੰਘ ਹੀ ਆ ਕੇ ਜਲ ਪਾਣੀ ਅਤੇ ਪ੍ਰਸ਼ਾਦ ਆਦਿ ਦੀ ਸੇਵਾ ਕਰਦਾ ਰਿਹਾ।ਇਹ ਜਗਾ ਬੇ ਅਬਾਦ ਹੋਣ ਕਰਕੇ ਇਥੇ ਪਸ਼ੂ ਚਰਾਨ ਵਾਲਿਆਂ ਦੀ ਆਵਜਾਈ ਬਣੀ ਰਹਿੰਦੀ ਸੀ। ਇਥੇ ਕਾਫੀ ਸਮਾਂ ਪਸ਼ੂ ਚਰਾਨ ਵਾਲੇ ਬੱਚਿਆਂ ਨਾਲ ਖੇਡਦੇ ਰਹਿੰਦੇ ਸਨ। ਜਿਸ ਤਰ੍ਹਾਂ ਪੁਰਾਣਾ ਇਤਿਹਾਸ ਹੈ।

ਇਕ ਵਾਰੀ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਵਿਖੇ ਬੱਚਿਆਂ ਨਾਲ ਖੇਡ ਰਹੇ ਸਨ ਤਾਂ ਹਮਾਯੂ ਆਇਆ ਸੀ। ਕਿਉਂਕਿ ਉਸਦੇ ਕੋਲੋਂ ਰਾਜ ਗੱਦੀ ਚਲੀ ਗਈ ਸੀ। ਉਸਦੇ ਮਨ ਵਿੱਚ ਖਿਆਲ ਆਇਆ ਕਿ ਮੇਰੇ ਪਿਤਾ ਨੂੰ ਗੁਰੂ ਨਾਨਕ ਦੇਵ ਜੀ ਨੇ ਰਾਜ ਭਾਗ ਬਖਸ਼ਿਆ ਸੀ, ਮੈਂ ਵੀ ਉਨ੍ਹਾਂ ਦੇ ਕੋਲ ਹੀ ਬੇਨਤੀ ਕਰਕੇ ਦੇਖਾਂ। ਇਸ ਖਿਆਲ ਨਾਲ ਪੰਜਾਬ ਆ ਕੇ ਸਤਿਗੁਰੂ ਜੀ ਦੀ ਭਾਲ ਕਰਨ ਲੱਗਾ ਕਿਸੇ ਨੇ ਸਰੋਤ ਦਿੱਤੀ ਕਿ ਆਪ ਤਾਂ ਜੋਤੀ ਜੋਤ ਸਮਾਂ ਗਏ ਹਨ। ਉਨ੍ਹਾਂ ਦੀ ਗੱਦੀ ਤੇ ਜਾਨਸ਼ੀਨ ਸ੍ਰੀ ਗੁਰੂ ਅੰਗਦ ਦੇਵ ਜੀ ਹਨ। ਜਦੋਂ ਉਹ ਪਤਾ ਕਰਦਾ ਕਰਦਾ ਪਹੁੰਚਿਆ ਤਾਂ ਗੁਰੂ ਅੰਗਦ ਦੇਵ ਜੀ ਬੱਚਿਆਂ ਨਾਲ ਖੇਡਦੇ ਰਹੇ ਤੇ ਹਮਾਯੂ ਵੱਲ ਕੋਈ ਧਿਆਨ ਨਾ ਦਿੱਤਾ ਤੇ ਉਹ ਕਾਫੀ ਦੇਰ ਖੜਾ ਰਿਹਾ। ਉਹ ਗੁੱਸੇ ਵਿੱਚ ਆ ਕੇ ਤਲਵਾਰ ਮਿਆਨ ਵਿਚੋਂ ਕੱਢਣ ਲੱਗਾ ਸੀ, ਮਨ ਵਿੱਚ ਇਹ ਸੋਚ ਕੇ ਕਿ ਮੈਂ ਬਾਦਸ਼ਾਹ ਹਾਂ, ਇਹ ਮੇਰੇ ਵੱਲ ਵੇਖਦੇ ਨਹੀਂ। ਗੁਰੂ ਸਾਹਿਬ ਨੇ ਫੁਰਮਾਇਆ "ਤੇਰੇ ਪਾਸੋਂ ਇਹ ਤਲਵਾਰ ਜਿਥੇ ਚਲਾਉਣੀ ਸੀ ਚਲਾ ਨਾ ਸਕਿਆ ਇਥੇ ਚਲਾ ਕੇ ਕੀ ਕਰੇਂਗਾ"। ਉਹ ਚਰਨਾਂ ਤੇ ਡਿੱਗ ਪਿਆ ਤੇ ਮਾਫੀ ਮੰਗੀ ਅਤੇ ਬੇਨਤੀ ਕੀਤੀ।

"ਪਾਤਸ਼ਾਹ, ਇਸ ਘਰ ਵਲੋਂ ਬਖਸ਼ਿਆ ਹੋਇਆ ਰਾਜ ਭਾਗ ਖੁੱਸ ਗਿਆ ਹੈ। ਸੋ ਕਿਰਪਾ ਕਰੋ।

ਤਾਂ ਸਤਿਗੁਰੂ ਜੀ ਨੇ ਕਿਹਾ "ਗੁਰੂ ਨਾਨਕ ਦੇਵ ਜੀ ਦਾ ਬਚਨ ਤਾਂ

ਅਟੱਲ ਹੈ। ਪਰ ਹੁਣ ਜੇ ਤੂੰ ਆ ਕੇ ਚੁਪ ਚਾਪ ਖੜ੍ਹਾ ਰਹਿੰਦਾ ਤਾਂ ਰਾਜ ਇਸੇ ਸਮੇਂ ਵਾਪਿਸ ਮਿਲ ਜਾਣਾ ਸੀ। ਪਰ ਹੁਣ ਬੇਅਦਬੀ ਕਰਕੇ ਬਾਰਾਂ ਸਾਲ ਪਿੱਛੇ ਪੈ ਗਿਆ ਹੈ। ਸੋ ਤੈਨੂੰ ਬਾਰਾਂ ਸਾਲ ਉਡੀਕ ਕਰਨੀ ਪਵੇਗੀ।

ਜਿਵੇਂ ਬਾਣੀ ਵਿੱਚ ਫੁਰਮਾਣ ਹੈ:

**ਹਰਿ ਕਾ ਚਿਹਨੁ ਸੋਈ ਹਰਿ ਜਨ ਕਾ**

**ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥**

**ਅੰਗ ੧੨੬੪**

ਵਾਕ ਅਨੁਸਾਰ ਬਾਬਾ ਜੀ ਵੀ ਬੱਚਿਆਂ ਨਾਲ ਖੇਡਦੇ ਖੇਡਦੇ ਕਈ ਕੌਤਕ ਖੇਡਦੇ ਰਹੇ, ਜੋ ਅੱਗੇ ਦਰਸਾਏ ਜਾਣਗੇ। ਉਨ੍ਹਾਂ ਬੱਚਿਆਂ ਨੂੰ ਕਹਿਣਾ "ਕੀ ਖਾਣਾ ਚਾਹੁੰਦੇ ਹੋ?"

ਮਹਾਰਾਜ ਕੁਝ ਵੀ ਖਵਾ ਦਿਓ। ਕਈ ਵਾਰ ਤਾਂ ਪੈਸੇ ਦੇ ਕੇ ਪਿੰਡ ਵਿੱਚ ਚੀਜ਼ ਲੈਣ ਭੇਜ ਦੇਣਾ ਤੇ ਕਦੇ ਆਪਣੇ ਕੋਲੋਂ ਹੀ ਦੇਣਾ। ਇਸ ਪ੍ਰਕਾਰ ਖੇਡਦੇ ਰਹਿਣਾ। ਆਪ ਵੀ ਪ੍ਰਸੰਨ ਰਹਿਣਾ ਤੇ ਬੱਚਿਆਂ ਨੂੰ ਵੀ ਪ੍ਰਸੰਨ ਰਖਣਾ। ਇਨ੍ਹਾਂ ਖੇਡਣ ਵਾਲੇ ਬੱਚਿਆਂ ਵਿੱਚ ਇੱਕ ਛੁਪੀ ਹੋਈ ਸ਼ਖਸ਼ੀਅਤ ਸੰਤ ਬਹਾਲ ਦਾਸ ਜੀ ਦੀ ਸੀ। ਜਿਨ੍ਹਾਂ ਬਾਬਾ ਜੀ ਦੇ ਕੌਤਕ ਦੇਖੇ ਤੇ ਮਨ ਵਿੱਚ ਸੇਵਾ ਭਾਵ ਦਾ ਫੁਰਨਾ ਬਣਦਾ ਗਿਆ। ਜਿਵੇਂ ਨਿਤ ਨਵੇਂ ਕੌਤਕ ਦੇਖਣੇ ਮਨ ਦ੍ਰਿੜ ਹੁੰਦਾ ਗਿਆ ਕਿ ਇਹ ਰੱਬੀ ਸ਼ਕਤੀ ਦੇ ਮਾਲਕ ਹਨ। ਫਿਰ ਕੀ ਸੀ ਮਨ ਪ੍ਰੇਰਿਆ ਗਿਆ, ਭੁੱਲ ਗਿਆ ਸੰਸਾਰ ਤੇ ਲੱਗ ਗਿਆ ਮਨ ਉਸ ਸੱਚੇ ਦੇ ਦਰ ਵਿਚ।

ਨੋਟ – ਇਹ ਸਾਖੀ ਸ੍ਰ. ਹਜ਼ੂਰਾ ਸਿੰਘ ਮਿਸਤਰੀ ਭੁੱਚੋਂ ਕਲਾਂ ਤੋਂ ਪ੍ਰਾਪਤ ਹੋਈ।

# ਸੰਤ ਬਹਾਲ ਦਾਸ ਦੇ ਮਨ ਅੰਦਰ ਫੁਰਨਾ ਬਨਣਾ

ਇਨ੍ਹਾਂ ਦਾ ਜਨਮ ਪਿੰਡ ਰੋੜੀ (ਰੋੜੀ ਢੱਢਾਲ) ਜ਼ਿਲ੍ਹਾ ਬਠਿੰਡਾ ਵਿੱਚ ਹੋਇਆ। ੧੯੦੧ ਬਿਕ੍ਰਮੀ ਦੇ ਅੱਲ ਪੈਂਦੀ ਸੀ (ਹਾਕੂ ਲਾਲੂ ਕੇ) ਪਿਤਾ ਜੀ ਦਾ ਨਾਮ ਸ. ਦੁਲਾ ਸਿੰਘ ਸੀ। ਆਪ ਤਿੰਨ ਭਾਈ ਸਨ। ਵੱਡੇ ਦਾ ਨਾਮ ਸ੍ਰੀ ਗੁਰਮੁਖ ਸਿੰਘ ਛੋਟੇ ਬਹਾਲ ਦਾਸ ਤੇ ਸਭ ਤੋਂ ਛੋਟੇ ਸਾਈ ਦਾਸ ਸੀ।

ਬਹਾਲ ਦਾਸ ਨੇ ਨੌਂ ਸਾਲ ਦੀ ਆਯੂ ਵਿਚਂ ਮਾਤਾ ਜੀ ਤੋਂ ਆਗਿਆ ਲੈ ਕੇ ਡੂੰਬਵਾਲੀ (ਨਾਲੀ ਦੇ ਉੱਪਰ) ਪਿੰਡ ਵਿੱਚ ਚਲੇ ਗਏ। ਇਹ ਪਰਿਵਾਰ ਉਦਾਸੀ ਸੰਤਾਂ ਦਾ ਸੇਵਕ ਤੇ ਖੇਤੀਬਾੜੀ ਦੀ ਕਿਰਤ ਕਰਨ ਵਾਲਾ ਸੀ। ਉਦਾਸੀ ਸੰਤਾਂ ਦਾ ਸੇਵਕ ਹੋਣ ਕਰਕੇ ਹੀ ਆਪ ਜੀ ਦਾ ਨਾਮ ਸੰਤਾਂ ਨੇ ਬਹਾਲ ਦਾਸ ਜੀ ਰੱਖਿਆ। ਡੂੰਬਵਾਲੀ ਆਪ ਇੱਕ ਸਾਧੂਆਂ ਦੇ ਟੋਲੇ ਨਾਲ ਰਲ ਗਏ। ਇਥੇ ਬਹਾਲ ਦਾਸ ਜੀ ਚਾਰ ਸਾਲ ਪਿੰਡ ਵਿੱਚ ਸਾਧੂਆਂ ਦੀ ਸੇਵਾ ਕਰਦੇ ਰਹੇ। ਉਸ ਤੋਂ ਬਾਅਦ ਪਿੰਡ ਭੈਣੀ ਬਾਘਾ (ਮਾਨਸਾ ਜ਼ਿਲ੍ਹੇ) ਵਿੱਚ ਕੁਟੀਆ ਵਾਲੀ ਢਾਬ ਤੇ ਸਾਧੂਆਂ ਦੀ ਸੇਵਾ ਕਰਦੇ ਰਹੇ। ਹੁਣ ਵੀ ਇਸ ਥਾਂ ਸਾਧੂ ਮੌਜੂਦ ਹਨ। ਇਥੇ ਇਨ੍ਹਾਂ ਦੀ ਮਦਦ ਵਿੱਚ ਅਤਰਾ ਮੱਲ ਤੇ ਰੂਪ ਚੰਦ ਸੇਠ ਰਸਦ ਦੀ ਸੇਵਾ ਕਰਦੇ ਸਨ। ਇਸ ਥਾਂ ਆਪ ਨੇ ਪੰਜ ਸਾਲ ਬਿਤਾਏ। ਇਥੋਂ ਹੀ ਆਪ ਸੇਮੇ ਚਲੇ ਗਏ।

ਇਸ ਉਪਰੋਕਤ ਲਿਖਤ ਦਾ ਵੇਰਵਾ ਪਿੰਡ ਭੈਣੀ ਬਾਘ ਦੇ ਸ. ਬਲਵੰਤ ਸਿੰਘ ਮਾਨ ਜੀ ਪਾਸੋਂ ਮਿਲਿਆ।

ਬਾਬਾ ਜੀ ਪਹਿਲਾ ਜਿਸ ਪਿੰਡ ਰਹੇ ਸੀ, ਉਸ ਵਿੱਚ ਸੰਤ ਬਹਾਲ ਦਾਸ ਜੀ ਦੀ ਭੈਣ ਜੀ ਰਹਿੰਦੇ ਸਨ। ਜੋ ਕਿ ਵਿਧਵਾ ਹੋਣ ਕਰਕੇ ਆਪ ਜੀ ਨੂੰ ਉਨ੍ਹਾਂ ਦੀ ਸਹਾਇਤਾ ਲਈ ਛੱਡਿਆ ਹੋਇਆ ਸੀ। ਆਪ ਜੀ ਪਸ਼ੂਆਂ ਨੂੰ ਚਰਾਂਦ ਵਿੱਚ ਚਾਰਨ ਲੈ ਕੇ ਆਉਂਦੇ। ਇਸ ਬਹਾਨੇ ਨਾਲ ਹੀ ਇੱਕ ਸੰਯੋਗ ਹੁੰਦਾ ਹੈ, ਬੁਤ ਤੇ ਰੂਹ ਦਾ, ਇੱਕ ਸੰਤ ਤੇ ਸੇਵਕ ਦਾ, ਇੱਕ ਦਾਤੇ ਤੇ ਮੰਗਤੇ ਦਾ।

ਕਈ ਆਦਮੀ ਤਾਂ ਇਹੋ ਜਿਹੇ ਮਹਾਂਪੁਰਸ਼ਾ ਦੀ ਛਤਰ ਛਾਇਆ ਥੱਲੇ

ਰਹਿ ਕੇ ਵੀ ਕੁਝ ਪ੍ਰਾਪਤ ਨਹੀਂ ਕਰ ਸਕਦਾ। ਕਿਉਂਕਿ ਉਨ੍ਹਾਂ ਦਾ ਮਨ ਨਹੀਂ ਟਿਕਦਾ ਤੇ ਆਪਣੇ ਗੁਰੂ ਦੀ ਰਮਜ ਗੁਰੂ ਦੇ ਇਸ਼ਾਰੇ ਨੂੰ ਨਹੀਂ ਸਮਝਦਾ ਹੈ। ਫਿਰ ਇਹ ਕੁਝ ਦੇਖ ਕੇ ਉਨ੍ਹਾਂ ਤੇ ਕੀਤੇ ਤੇ ਫੁੱਲ ਚੜ੍ਹਾਉਂਦਾ ਹੈ ਤੇ ਸਦਾ ਲਈ ਉਨ੍ਹਾਂ ਦਾ ਹੀ ਹੋ ਜਾਂਦਾ ਹੈ। ਮਹਾਂਪੁਰਖ ਦੀ ਕਰਨੀ ਦਾ ਅਸਰ ਹੋ ਜਾਂਦਾ ਹੈ। ਐਸੇ ਪੁਰਸ਼ ਨੂੰ ਜਗਿਆਸੂ ਕਿਹਾ ਹੈ ਜੋ ਵਿਰਲੇ ਹੀ ਮਿਲਦੇ ਹਨ।

ਜਿਵੇਂ ਫੁਰਮਾਨ ਹੈ:-

**ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥**

**ਸਲੋਕ ਵਾਰਾਂ ਤੇ ਵਧੀਕ, ਅੰਗ ੧੪੧੧**

ਆਪ ਜੀ ਨੂੰ ਪਹਿਲਾਂ ਕੀਤੀ ਸੇਵਾ ਸਦਕਾ ਹੀ ਬਾਬਾ ਜੀ ਨੂੰ ਸਮਝਣ ਵਿੱਚ ਕੋਈ ਤਕਲੀਫ ਨਹੀਂ ਹੋਈ। ਸੰਤ ਬਹਾਲ ਦਾਸ ਜੀ ਦੀ ਭਾਵਨਾ ਵਧਦੀ ਗਈ। ਆਪ ਨੇ ਨਿੱਤ ਨਵੇਂ ਨਵੇਂ ਕੌਤਕ ਦੇਖਣੇ। ਇਹ ਕੌਤਕ ਉਨ੍ਹਾਂ ਆਪਣੇ ਮੁੱਖ ਤੋਂ ਹੀ ਲੇਖਕ ਦੇ ਮਾਤਾ ਪਿਤਾ ਜੀ ਨੂੰ ਸੁਣਾਏ ਜੋ ਕਿ ਬਾਬਾ ਜੀ ਦੇ ਹਜੂਰੀ ਸੇਵਕ ਸਨ।

ਸੰਤ ਬਹਾਲ ਦਾਸ ਜੀ ਦੀ ਜਬਾਨੀ ਬਚਨ ਸਨ -

ਗਰਮੀ ਦਾ ਮੌਸਮ ਸੀ ਅਸੀਂ ਸਾਰੇ ਰੋਜ਼ ਦੀ ਤਰ੍ਹਾਂ ਆਪਦੇ ਕੋਲ ਆਪਣੇ ਪਸ਼ੂਆਂ ਨੂੰ ਚਰਾਂਦਾ ਵਿੱਚ ਲੈ ਆਏ। ਪਸ਼ੂ ਅਸੀਂ ਚਰਾਂਦੇ ਛੱਡ ਦਿੱਤੇ ਤੇ ਆਪ ਬਾਬਾ ਜੀ ਪਾਸ ਆ ਗਏ। ਬਾਬਾ ਜੀ ਸਾਨੂੰ ਦੇਖ ਕੇ ਪ੍ਰਸੰਨ ਹੋਏ ਤੇ ਕਹਿਣ ਲੱਗੇ "ਆਉ ਬੱਚਿਓ, ਆਪਾਂ ਖੇਡਣ ਲਗੀਏ ਤੇ ਸਾਰਾ ਦਿਨ ਖੇਡਾਂ ਖੇਡਦੇ ਰਹਾਂਗੇ।" ਅਸੀਂ ਕਿਹਾ, "ਬਾਬਾ ਜੀ ਅਸੀਂ ਤਾਂ ਅੱਜ ਆਪਣੇ ਨਾਲ ਜੋ ਰੋਟੀ ਬੰਨ੍ਹ ਕੇ ਲਿਆਉਂਦੇ ਸੀ ਭੁੱਲ ਆਏ ਹਾਂ, ਤੇ ਸਾਨੂੰ ਭੁੱਖ ਲੱਗੇਗੀ। ਅਸੀਂ ਥੋੜ੍ਹੀ ਦੇਰ ਨੂੰ ਘਰ ਮੁੜ ਜਾਣਾ ਹੈ।"

ਆਪ ਜੀ ਨੇ ਕਿਹਾ "ਜੇ ਤੁਹਾਨੂੰ ਇਥੇ ਹੀ ਕੁਝ ਖਵਾ ਦੇਈਏ" ਤਾਂ ਅਸੀਂ ਝੁਰਮੁਟ ਪਾ ਲਿਆ ਤੇ "ਲਿਆਉ ਜੀ, ਲਿਆਉ ਜੀ"। ਆਪ ਜੀ ਨੇ ਇੱਕ ਰੁਪਿਆ ਕੱਢ ਕੇ ਦਿੱਤਾ ਤੇ ਕਿਹਾ -

"ਇਹ ਰੁਪਏ ਦੀਆਂ ਰਿਉੜੀਆਂ ਲਿਆਓ। ਇਸ ਵਿਚੋਂ ਕੋਈ ਪੈਸਾ ਮੋੜ ਕੇ ਨਹੀਂ ਲਿਆਉਣਾ।

ਇਕ ਮੁੰਡਾ ਇਹ ਰੁਪਿਆ ਲੈ ਕੇ ਪਿੰਡ ਵੱਲ ਚਲਾ ਗਿਆ ਤੇ ਜਾ ਕੇ ਅੱਠ ਆਨੇ ਦੀਆਂ ਰਿਉੜੀਆਂ ਖਰੀਦ ਲਈਆਂ ਤੇ ਅੱਠ ਆਨੇ ਆਪਣੇ ਜੇਬ ਵਿੱਚ ਪਾ ਲਏ।

ਰਿਉੜੀਆਂ ਲੈ ਕੇ ਆਏ ਮੁੰਡੇ ਕੋਲੋਂ ਰਿਉੜੀਆਂ ਲੈ ਬਾਬਾ ਜੀ ਨੇ ਕਿਹਾ "ਹੁਣ ਬਹਿ ਜਾਉ ਸਾਰੇ ਇੱਕ ਪੰਗਤ (ਲਾਈਨ) ਬਣਾ ਕੇ।"

ਇਹ ਸੁਣ ਅਸੀਂ ਸਾਰੇ ਲਾਈਨ ਵਿੱਚ ਬਹਿ ਗਏ ਤੇ ਰਿਉੜੀਆਂ ਵੰਡਣੀਆਂ ਸ਼ੁਰੂ ਕਰ ਦਿੱਤੀਆਂ। ਹੋਰ ਜੋ ਵੀ ਕੋਈ ਆਇਆ ਸਭ ਨੂੰ ਰਿਉੜੀਆਂ ਰੱਜ ਕੇ ਖੁਆਇਆਂ ਪਰ ਧੰਨ ਉਨ੍ਹਾਂ ਦੀ ਲੀਲਾ ਰਿਉੜੀਆਂ ਉਨੀਆਂ ਹੀ ਪਈਆਂ ਸਨ। ਜਦੋਂ ਸਾਰੇ ਪ੍ਰਸੰਨ ਹੋ ਗਏ ਤਾਂ ਰਿਉੜੀਆਂ ਲਿਆਉਣ ਵਾਲੇ ਨੂੰ ਬੁਲਾ ਲਿਆ ਤੇ ਕਿਹਾ "ਲਿਆ ਬਈ ਅੱਠ ਆਨੇ ਮੋੜ ਜੋ ਤੂੰ ਆਪਣੀ ਜੇਬ ਵਿੱਚ ਪਾ ਲਏ ਹਨ।"

ਉਸ ਨੇ ਚੁੱਪ ਚਾਪ ਸ਼ਰਮਿੰਦਾ ਹੁੰਦੇ ਅਠਿਆਨੀਂ ਦੇ ਦਿੱਤੀ। ਉਸ ਨੂੰ ਬਾਬਾ ਜੀ ਅੱਗੇ ਤੋਂ ਇਸ ਤਰ੍ਹਾਂ ਨਾ ਕਰਨ ਦੀ ਤਾਕੀਦ ਕਰ ਦਿੱਤੀ।

ਦੁਪਹਿਰ ਦਾ ਸਮਾਂ ਹੋ ਗਿਆ। ਅਸੀਂ ਗਰਮੀ ਨਾਲ ਵਿਆਕੁਲ ਹੋਣ ਲੱਗ ਪਏ। ਗਰਮੀ ਤੋਂ ਬਚਣ ਲਈ ਬਾਬਾ ਜੀ ਦੇ ਕੋਲ ਬ੍ਰਿਛ ਹੇਠ ਆ ਕੇ ਇੱਕਠੇ ਹੋ ਗਏ। ਸਾਡੇ ਪਸ਼ੂ ਵੀ ਦਰਖਤਾਂ ਹੇਠਾਂ ਆਪਣੇ ਆਪ ਨੂੰ ਛੁਪਾਉਣ ਲੱਗੇ।

ਬਾਬਾ ਜੀ ਨੇ ਸਾਨੂੰ ਆਪਣੇ ਆਸਣ ਕੋਲ ਬੁਲਾ ਲਿਆ ਤੇ ਪੁੱਛਣ ਲੱਗੇ "ਕਿਉਂ ਮੁਰਝਾਏ ਹੋ।"

ਸਾਰਿਆਂ ਨੇ ਜਵਾਬ ਦਿੱਤਾ "ਮਹਾਰਾਜ ਗਰਮੀ ਬਹੁਤ ਹੈ"

"ਅੱਛਾ! ਚੰਗਾ ਗਾਓ ਫਿਰ ਗੀਤ" ਰੱਬਾ ਰੱਬਾ ਮੀਂਹ ਵਰਸਾਹ ਫਿਰ ਸਾਨੂੰ ਗਰਮੀ ਤੋਂ ਬਚਾ।

ਬਹਾਲ ਦਾਸ ਜੀ ਦੱਸਦੇ ਹਨ ਕਿ ਅਸੀਂ ਗਾਉਂਦੇ ਚਲੇ ਗਏ। ਥੋੜ੍ਹੀ ਹੀ ਦੇਰ ਬਾਅਦ ਇੱਕ ਛੋਟਾ ਜਿਹਾ ਬੱਦਲ ਆ ਗਿਆ ਅਤੇ ਬਾਰਸ਼ ਸ਼ੁਰੂ ਹੋ ਗਈ। ਗਰਮੀ ਦੂਰ ਹੋ ਗਈ ਅਤੇ ਅਸੀਂ ਸਾਰੇ ਨਹਾਉਂਦੇ ਰਹੇ।

"ਦੇਖਿਆ ਤੁਹਾਡੇ ਗੀਤ ਤੇ ਖੁਸ਼ ਹੋ ਕੇ ਰੱਬ ਨੇ ਮੀਂਹ ਪਾ ਦਿੱਤਾ ਹੈ।"

ਸੰਤ ਬਹਾਲ ਦਾਸ ਜੀ ਦੱਸਦੇ ਸਨ "ਕਿ ਇਹ ਕੌਤਕ ਪ੍ਰਤੱਖ ਦੇਖਕੇ ਮੇਰੇ ਮਨ ਦੀ ਅਵੱਸਥਾ ਹੀ ਬਦਲ ਗਈ। ਮਨ ਵਿੱਚ ਪੂਰਨ ਵਿਸ਼ਵਾਸ ਹੋ ਗਿਆ ਕਿ ਇਹ ਪੂਰਨ ਹਨ।"

ਫਿਰ ਮੌਸਮ ਸਾਫ ਹੋਣ ਤੇ ਆਪ ਸਾਡੇ ਨਾਲ ਖੇਡਦੇ ਰਹੇ।

ਸੰਤ ਬਹਾਲ ਦਾਸ ਜੀ ਦੱਸਦੇ ਹਨ :-

ਇਕ ਦਿਨ ਕੁਝ ਆਜੜੀ ਆਪਣੀਆਂ ਬੱਕਰੀਆਂ ਚਰਾਂਦੇ ਲੈ ਆਏ ਆਪ ਪ੍ਰਸੰਨ ਹੋਇਆ ਨੇ ਕਿਹਾ "ਆਉ ਤੁਹਾਨੂੰ ਦੱਸੀਏ" ਇੱਕ ਆਜੜੀ ਨੇ ਕਿਹਾ "ਮੇਰੀਆਂ ਬੱਕਰੀਆਂ ਕਿੰਨੀਆਂ ਤੇ ਕਿਹੜੀਆਂ ਹਨ। ਇਨ੍ਹਾਂ ਵਿਚੋਂ ਕਿਹੜੀਆਂ ਕਿਹੜੀਆਂ ਸੂਣ ਵਾਲੀਆਂ ਹਨ।

ਆਪ ਨੇ ਇੱਕ ਸੋਟੀ ਲਈ ਤੇ ਹੱਸਦੇ ਹੋਏ ਬੱਕਰੀਆਂ ਵਿੱਚ ਚਲੇ ਗਏ। ਇੱਕ ਇੱਕ ਤੇ ਸੋਟੀ ਲਾ ਕੇ ਦੱਸਿਆ ਕਿ ਇਹ ਤੇਰੀਆਂ ਹਨ ਤੇ ਬਾਕੀ ਲੋਕਾਂ ਦੀਆਂ ਚਰਾਨ ਲਈ ਲੈ ਕੇ ਆਇਆ ਹੈ। ਗਿਣਤੀ ਕਰਕੇ ਦੱਸ ਦਿੱਤੀਆਂ ਇੰਨੀਆਂ ਸੂਣ ਵਾਲੀਆਂ ਹਨ। ਚਰਾਨ ਵਾਲੀਆਂ ਦੇ ਪੈਸੇ ਲੈਂਦਾ ਹੈ।

ਫਿਰ ਆਜੜੀ ਨੇ ਕਿਹਾ "ਇਹ ਸੂਣਗੀਆਂ ਕਦੋ।"

ਆਪ ਨੇ ਕਿਹਾ "ਪਹਿਲੀ ਗੱਲ ਤੇ ਤੈਨੂੰ ਯਕੀਨ ਨਹੀਂ ਆਇਆ। ਇਸ ਕਰਕੇ ਤੇਰੀਆਂ ਤਿੰਨ ਬੱਕਰੀਆਂ ਤਾਂ ਅੱਜ ਇਥੇ ਹੀ ਸੂਣਗੀਆਂ ਤੇ ਬਾਕੀ ਬੱਚੇ ਸੁੱਟ ਦੇਣਗੀਆਂ।"

ਆਜੜੀ ਨੇ ਫਿਰ ਕਿਹਾ "ਕਿ ਇਹ ਤਾਂ ਅੱਜੇ ਵੀਹ ਦਿਨ ਨਹੀਂ ਸੂਣਗੀਆਂ ਮੇਰੇ ਹਿਸਾਬ ਨਾਲ।" ਗੁੱਸੇ ਦੇ ਅੰਦਾਜ ਵਿੱਚ ਬੋਲਿਆ "ਤੁਸੀਂ ਕੀ ਪੈਗੰਬਰ ਹੋ?"

ਬਾਬਾ ਜੀ ਨੇ ਫਿਰ ਕੋਈ ਬਚਨ ਨਾ ਕੀਤਾ ਤੇ ਚੁੱਪ ਕਰ ਗਏ। ਦੁਪਹਿਰ ਤੋਂ ਬਾਅਦ ਤਿੰਨ ਬੱਕਰਿਆਂ ਸੂਅ ਪਈਆਂ। ਆਜੜੀ ਮਨ ਵਿੱਚ ਕੁਝ ਵਿਸ਼ਵਾਸ਼ ਕਰਕੇ ਡਰਦਾ ਡਰਦਾ ਬਾਬਾ ਜੀ ਕੋਲ ਆ ਕੇ ਕਹਿਣ ਲੱਗਾ "ਜੀ ਤੁਹਾਡਾ ਕਿਹਾ ਤਾਂ ਸੱਚ ਹੈ।"

ਬਾਬਾ ਜੀ ਨੇ ਫਿਰ ਕੋਈ ਬਚਨ ਨਾ ਕੀਤਾ। ਉਹ ਉਠ ਕੇ ਚਲਾ ਗਿਆ। ਸ਼ਾਮ ਨੂੰ ਘਰ ਵੱਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਹੀ ਕੁਝ ਬੱਕਰੀਆਂ ਬੀਮਾਰ ਹੋ ਗਈਆਂ। ਰਾਤ ਦਾ ਸਮਾਂ ਹੋਇਆ ਤਾਂ ਬੱਕਰੀਆਂ ਨੇ ਬੱਚੇ ਸੁੱਟ ਦਿੱਤੇ ਤੇ ਫਿਰ ਹੋਸ਼ ਆਈ ਕਿ ਮਹਾਂਪੁਰਖਾ ਦਾ ਬਚਨ ਸੱਚ ਹੋ ਗਿਆ ਹੈ।

ਸਵੇਰੇ ਹੁੰਦਿਆਂ ਹੀ ਆਪਣੇ ਕੁਝ ਸਾਥੀਆਂ ਨੂੰ ਨਾਲ ਲੈ ਕੇ ਬਾਬਾ ਜੀ ਕੋਲ ਆ ਗਿਆ। ਰੋ ਕੇ ਆਪਣੀ ਸਾਰੀ ਵਿਥਿਆ ਸੁਨਾਉਣ ਲੱਗ ਪਿਆ ਤੇ ਮਾਫੀ ਮੰਗੀ। "ਮਹਾਰਾਜ ਬਖਸ਼ੋ ਮੈਨੂੰ।"

ਆਪ ਨੇ ਬਚਨ ਕੀਤਾ। "ਚੰਗਾ ਜੋ ਹੋਣਾ ਸੀ ਹੋ ਗਿਆ ਪਰ ਤੇਰੀਆਂ ਬੱਕਰੀਆਂ ਬਹੁਤ ਦੁੱਧ ਦੇਣਗੀਆਂ ਅਤੇ ਸਾਰਾ ਘਾਟਾ ਦੁੱਧ ਨਾਲ ਪੂਰਾ ਕਰ ਦੇਣਗੀਆਂ।"

ਫਿਰ ਸੰਤ ਬਹਾਲ ਦਾਸ ਜੀ ਦੱਸਦੇ ਹਨ ਕਿ ਇਹ ਬਚਨ ਸੱਚ ਹੋਇਆ ਬੱਕਰੀਆਂ ਨੇ ਦੁੱਧ ਕਾਫੀ ਵੱਧ ਦਿੱਤਾ।

ਕੁਝ ਦਿਨਾਂ ਪਿੱਛੋਂ ਇਹ ਆਜੜੀ ਫਿਰ ਆ ਗਿਆ ਤੇ ਬਾਬਾ ਜੀ ਅੱਗੇ ਬੇਨਤੀ ਕੀਤੀ "ਮਹਾਰਾਜ ਆਪ ਇਥੇ ਇਕੱਲੇ ਹੋ ਭੋਜਨ ਤੁਹਾਨੂੰ ਕੌਣ ਦਿੰਦਾ ਹੈ ?"

ਆਪ ਨੇ ਬਚਨ ਕੀਤਾ " ਉਹ ਮਾਲਕ ਦਿੰਦਾ ਹੈ। ਜੇ ਦੇ ਦੇਵੇ ਤਾਂ ਖਾ ਲੈਂਦੇ ਹਾਂ ਜੇ ਨਾ ਦੇਵੇ ਤਾਂ ਭੁੱਖੇ ਹੀ ਕੱਟ ਲਈਦਾ।"

**ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ ॥**

**ਆਸਾ ਦੀ ਵਾਰ ਮ: ੪, ਅੰਗ ੪੭੩**

ਆਜੜੀ ਨੇ ਬੇਨਤੀ ਕੀਤੀ "ਪਾਤਸ਼ਾਹ ਮੈਂ ਜਾਤ ਦਾ ਮੁਸਲਮਾਨ ਹਾਂ, ਹੱਥਾਂ ਨਾਲ ਆਪ ਦੀ ਸੇਵਾ ਨਹੀਂ ਕਰ ਸਕਦਾ। ਸੋ ਤੁਸੀਂ ਜੇ ਮਨਜ਼ੂਰ ਕਰੋ ਤਾਂ ਮੇਰੀਆਂ ਇਹ ਦੋ ਜਾਂ ਤਿੰਨ ਬੱਕਰੀਆਂ ਚੋਅ ਲਿਆ ਕਰੋ।"

ਹੱਸ ਕੇ ਫੁਰਮਾਇਆ "ਪੈਸੇ ਕਿੰਨੇ ਲਵੇਗਾ।"

"ਫਿਰ ਸੇਵਾ ਕੀ ਹੋਈ ਪਾਤਸ਼ਾਹ" ਆਜੜੀ ਨੇ ਤਰਲਾ ਕੀਤਾ।

“ਹਿਸਾਬ ਤਾਂ ਜ਼ਰੂਰ ਹੋਵੇਗਾ।”

“ਚੰਗਾ ਮਹਾਰਾਜ ਜਿਵੇਂ ਤੁਹਾਡੀ ਮਰਜ਼ੀ ਹੋਵੇ।”

ਉਸ ਤੋ ਬਾਅਦ ਬਾਬਾ ਜੀ ਰੋਜ਼ ਲੋੜ ਅਨੁਸਾਰ ਦੁੱਧ ਕੱਢ ਲੈਂਦੇ ਸਨ। ਜਦੋਂ ਦਿਲ ਕਰਨਾ ਹਿਸਾਬ ਕਰਕੇ ਪੈਸੇ ਦੇ ਦੇਣੇ। ਇਸ ਤਰ੍ਹਾਂ ਸਮਾਂ ਲੰਘਦਾ ਗਿਆ ਮੌਸਮ ਬਾਰਸ਼ ਦਾ ਆ ਗਿਆ। ਇਸ ਮਹੀਨੇ ਵਿੱਚ ਬੱਕਰੀਆਂ ਦੁੱਧ ਦੇਣ ਲੱਗ ਜਾਂਦੀਆਂ ਹਨ।”

ਬਾਬਾ ਜੀ ਨੇ ਬਚਨ ਕੀਤਾ “ਜਿਹੜੀਆਂ ਦਾ ਦੁੱਧ ਅਸੀਂ ਪੀਂਦੇ ਹਾਂ ਉਨ੍ਹਾਂ ਨੂੰ ਅੱਗੇ ਲਿਆ।”

ਉਹ ਦੋ ਬੱਕਰੀਆਂ ਜਿੰਨ੍ਹਾਂ ਦਾ ਦੁੱਧ ਬਾਬਾ ਜੀ ਪੀਂਦੇ ਸਨ ਫੜ ਕੇ ਲੈ ਆਇਆ। ਬਾਬਾ ਜੀ ਨੇ ਮੇਹਰ ਦੀ ਨਿਗਾਹ ਫੇਰੀ ਤੇ ਬਚਨ ਕੀਤਾ “ਇਹ ਬੱਕਰੀਆਂ ਦਾ ਦੁੱਧ ਨਹੀਂ ਘਟਦਾ। ਇਹ ਲੋੜ ਤੋਂ ਵੱਧ ਦੁੱਧ ਦੇਣਗੀਆਂ।

ਸੋ ਮਹਾਂਪੁਰਖਾਂ ਦਾ ਬਚਨ ਬਿਰਥਾ ਨਹੀਂ ਜਾਂਦਾ। ਬੱਕਰੀਆਂ ਨੇ ਦੁੱਧ ਇੰਨ੍ਹਾਂ ਦਿੱਤਾ ਕਿ ਬਾਬਾ ਜੀ ਵੀ ਪੀਂਦੇ ਰਹੇ ਤੇ ਆਜੜੀ ਵੀ ਵਰਤਦਾ ਰਿਹਾ।

ਇਸ ਤਰ੍ਹਾਂ ਦੇ ਕਾਰਨਾਮੇ ਸੰਤ ਬਹਾਲ ਦਾਸ ਜੀ ਨੇ ਸੇਵਾ ਵਿੱਚ ਲੱਗਣ ਤੋਂ ਪਹਿਲਾਂ ਦੇਖੇ। ਫਿਰ ਕੀ ਸੀ, ਮਨ ਪ੍ਰੇਰਿਆ ਗਿਆ, ਸੇਵਾ ਭਾਰ ਨੇ ਉਬਾਲਾ ਖਾਧਾ, ਇਰਾਦਾ ਪੱਕਾ ਹੋ ਗਿਆ ਕਿ ਹੁਣ ਇਨ੍ਹਾਂ ਦੀ ਹੀ ਸੇਵਾ ਕਰਾਂਗਾ।

ਇਸੇ ਤਰ੍ਹਾਂ ਸੰਤ ਬਹਾਲ ਦਾਸ ਜੀ ਨੇ ਸੇਵਾ ਵਿੱਚ ਲੈਣ ਤੋਂ ਬਾਅਦ ਉਨ੍ਹਾਂ ਦੇ ਨਾਲ ਬਾਬਾ ਜੀ ਨੇ ਜੋ ਬਚਨ ਕੀਤੇ ਉਨ੍ਹਾਂ ਦਾ ਵੇਰਵਾ ਅੱਗੇ ਦਰਜ ਕੀਤਾ ਜਾਵੇਗਾ। ਪ੍ਰਮੇਸ਼ਵਰ ਦੀ ਜਿਸ ਸਮੇਂ ਕਿਰਪਾ ਹੁੰਦੀ ਹੈ, ਆਦਮੀ ਦੇ ਮਨ ਨੂੰ ਸਤਿਗੁਰੂ ਆਪ ਹੀ ਪ੍ਰੇਰਦਾ ਹੈ। ਸੰਤ ਬਹਾਲ ਦਾਸ ਜੀ ਦਾ ਮਨ ਬਹੁਤ ਪ੍ਰੇਰਿਆ ਫਿਰ ਇਤਨੀ ਸੇਵਾ ਕੀਤੀ–

ਜਿਵੇਂ ਫੁਰਮਾਨ ਹੈ :–

**ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥**
**ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥**

**ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥**
**ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥**

**(ਸੋਰਠਿ ਵਾਰ ਮ: ੩, ਅੰਗ ੬੪੭)**

ਨੋਟ– ਇਹ ਪ੍ਰਸੰਗ ਸ: ਝੰਡਾ ਸਿੰਘ ਸੇਮਾ ਤੋਂ ਮਿਲਿਆ। ਝੰਡਾ ਸਿੰਘ ਦੇ ਦਾਦਾ ਜੀ ਤੇ ਪਿਤਾ ਜੀ ਸੇਵਾ ਵਿੱਚ ਰਹਿੰਦੇ ਸਨ।

**ਸੋ ਸੇਵਕੁ ਜੋ ਲਾਇਆ ਸੇਵ ॥**

**ਭੈਰਉ ਕਬੀਰ, ਅੰਗ ੧੧੫੯**

ਜਿਸ ਤਰ੍ਹਾਂ ਦੁਨਿਆਵੀ ਵਿਦਿਆ ਪ੍ਰਾਪਤ ਕਰਨ ਲਈ ਕਈ ਕਈ ਇਮਤਿਹਾਨ ਪਾਸ ਕਰਨੇ ਪੈਂਦੇ ਹਨ। ਇਸ ਤਰ੍ਹਾਂ ਹੀ ਮਹਾਂਪੁਰਖ ਤੋਂ ਵੀ ਕੁਝ ਪ੍ਰਾਪਤ ਕਰਨ ਲਈ ਬੜੇ ਕਠਨ ਇਮਤਿਹਾਨ ਵਿਚੋਂ ਲੰਘਣਾ ਪੈਂਦਾ ਹੈ। ਯੂਨੀਵਰਸਿਟੀ ਦੇ ਜਾਂ ਬੋਰਡ ਦੇ ਸਵਾਲ ਦਾ ਬਹੁਤ ਵਿਦਿਆਰਥੀ ਹੱਲ ਕਰਕੇ ਪਾਸ ਹੋ ਜਾਂਦੇ ਹਨ। ਪਰ ਸੱਚੇ ਗੁਰੂ ਦੀ ਉਸਤਤ ਕਰਨ ਵਾਲੇ ਮਹਾਂਪੁਰਖਾਂ ਦੇ ਪ੍ਰਸ਼ਨਾਂ ਦਾ ਕੋਈ ਵਿਰਲਾ ਹੀ ਜਵਾਬ ਲਿਖ ਸਕਦਾ ਹੈ। ਕੋਈ ਪੂਰਬਲੇ ਕਰਮਾਂ ਵਾਲਾ ਹੀ ਇਹ ਸਮਝ ਸਕਦਾ ਹੈ। ਫਿਰ ਜਿਹੜਾ ਸਮਝ ਜਾਏ ਉਹ ਉਸ ਸੱਚੇ ਦੇ ਦਰਬਾਰ ਵਿੱਚ ਜਾ ਪਹੁੰਚਦਾ ਹੈ ਜਿਥੇ "ਸੱਚ ਖੰਡ ਵਸੈ ਨਿਰੰਕਾਰੁ ॥"

ਸੋ ਇਸੇ ਤਰ੍ਹਾਂ ਸੰਤ ਬਹਾਲ ਦਾਸ ਜੀ ਆਪਣੇ ਪੂਰਨ ਸਤਿਗੁਰੂ ਨੂੰ ਪਾ ਗਏ ਤੇ ਫਿਰ ਪਾਸ ਹੋ ਗਏ ਤੇ ਜਾ ਮਿਲੇ ਗੁਰੂ ਨਾਨਕ ਨੂੰ। ਜਿਸ ਨੇ ਆਪਾ ਹੀ ਮਿਟਾ ਦਿੱਤਾ ਉਹ ਗੁਰੂ ਨਾਨਕ ਦਾ ਬਣ ਗਿਆ ।

ਜਿਵੇਂ ਗੁਰਬਾਣੀ ਫੁਰਮਾਨ ਹੈ :–

**ਕਹੁ ਨਾਨਕ ਆਪੁ ਮਿਟਾਇਆ ॥ ਸਭੁ ਪਾਰਬ੍ਰਹਮੁ ਨਦਰੀ ਆਇਆ ॥**

**ਅੰਗ ੬੨੮**

ਪਾਰਬ੍ਰਹਮ ਨਦਰਿ ਕਿਸ ਨੂੰ ਆਉਂਦਾ, ਜੋ ਆਪਣਾ ਸਭ ਕੁਝ ਗੁਰੂ ਨੂੰ ਦੇ ਦਿੰਦਾ ਹੈ। ਸੋ ਇਸ ਤਰ੍ਹਾਂ ਬਹਾਲ ਦਾਸ ਜੀ 'ਤੇ ਕ੍ਰਿਪਾ ਹੁੰਦੀ ਹੈ।

ਹਰ ਰੋਜ਼ ਦੀ ਤਰ੍ਹਾਂ ਸੇਮਾ ਪਿੰਡ ਦੇ ਮੁੰਡੇ ਇਕੱਠੇ ਹੋ ਕੇ ਆਪਣੇ ਪਸ਼ੂਆਂ ਨੂੰ ਚਰਾਨ ਲਈ ਇਸ ਝਿੜੀ (ਝਿੜੀ ਉਸਨੂੰ ਕਹਿੰਦੇ ਹਨ ਜੋ ਜ਼ਮੀਨ ਵਾਹੀ ਯੋਗ ਨਾ ਹੋਵੇ ਝਾੜ ਆਦਿ ਹੋਣ) 'ਚ ਲੈ ਆਏ।

ਸੰਤ ਬਹਾਲ ਦਾਸ ਜੀ ਵੀ ਉਨ੍ਹਾਂ ਵਿਚੋਂ ਇੱਕ ਸਨ। ਬਾਬਾ ਜੀ ਨੇ ਸੰਤ ਬਹਾਲ ਦਾਸ ਜੀ ਨੂੰ ਦੂਜਿਆਂ ਤੋਂ ਵੱਖ ਕਰਕੇ ਇੱਕ ਪਾਸੇ ਬਿਠਾ ਲਿਆ। ਆਪ ਨੇ ਪਿਆਰ ਨਾਲ ਪੁੱਛਿਆ:-

"ਤੇਰਾ ਕੀ ਨਾਮ ਹੈ"

"ਮਹਾਰਾਜ, ਮੇਰਾ ਨਾਮ ਬਹਾਲ ਦਾਸ ਹੈ" ਸੰਤਾਂ ਨੇ ਉੱਤਰ ਦਿੱਤਾ :

"ਤੇਰਾ ਪਿੰਡ ਕਿਹੜਾ ਹੈ" ਬਾਬਾ ਜੀ ਨੇ ਪੁੱਛਿਆ।

"ਜੀ ਪਿੰਡ ਤਾਂ ਮੇਰਾ ਰੋੜੀ ਢੰਡਾਲ ਹੈ। ਪਰ ਮੈਂ ਸੇਮੇ ਪਿੰਡ ਆਪਣੀ ਭੈਣ ਜੀ ਕੋਲ ਰਹਿੰਦਾ ਕਿਉਂਕਿ ਮੇਰੀ ਭੈਣ ਵਿਧਵਾ ਹੈ। ਉਨ੍ਹਾਂ ਦੀ ਮਦਦ ਲਈ ਮਾਤਾ ਪਿਤਾ ਜੀ ਨੇ ਇਥੇ ਭੇਜ ਦਿੱਤਾ ਹੈ। ਇਹ ਜੋ ਪਸ਼ੂ ਮੈਂ ਚਰਾਂਦਾ ਹਾਂ ਮੇਰੀ ਭੈਣ ਦੇ ਹਨ।

"ਚੰਗਾ ਹੁਣ ਫੇਰ ਜਾ ਕੇ ਆਪਣੇ ਪਸ਼ੂਆਂ ਦੀ ਸੰਭਾਲ ਕਰ।"

ਬਾਬਾ ਜੀ ਨੇ ਫੁਰਮਾਇਆ।

(ਸੰਤ ਬਹਾਲ ਦਾਸ ਜੀ ਆਪ ਦੱਸਦੇ ਰਹੇ ਸਨ ਕਿ ਮੇਰਾ ਉਸ ਸਮੇਂ ਬਾਬਾ ਜੀ ਪਾਸੋਂ ਜਾਣ ਲਈ ਮਨ ਨਹੀਂ ਕਰਦਾ ਸੀ।)

ਬਾਬਾ ਜੀ ਦਾ ਹੁਕਮ ਮੰਨ ਕੇ ਬਹਾਲ ਦਾਸ ਜੀ ਉਥੋਂ ਤੁਰ ਗਏ। ਪਸ਼ੂਆਂ ਨੂੰ ਚਰਾਂਦੇ ਹੋਏ ਹੌਲੀ ਹੌਲੀ ਘਰ ਪਹੁੰਚ ਗਏ। ਸਰੀਰ ਤਾਂ ਘਰ ਚਲਾ ਗਿਆ ਸੀ ਪਰ ਮਨ ਉਥੇ ਹੀ ਰਹਿ ਗਿਆ ਸੀ, ਬਾਬਾ ਜੀ ਦੇ ਚਰਨਾਂ ਵਿਚ। ਰਾਤ ਬੜੀ ਮੁਸ਼ਕਲ ਨਾਲ ਕੱਟੀ। ਸਾਰੀ ਰਾਤ ਮਨ ਵਿੱਚ ਖਿਆਲ ਆਈ ਜਾਵੇ ਕਿ ਕਿਸ ਸਮੇਂ ਰਾਤ ਖ਼ਤਮ ਹੋਵੇ ਤੇ ਦਿਨ ਚੜ੍ਹੇ ਤੇ ਮੈਂ ਪਸ਼ੂ ਲੈ ਕੇ ਜਾਵਾਂ।

ਜੇ ਸਾਥੀਆਂ ਨੇ ਪਸ਼ੂ ਕਿਸੇ ਹੋਰ ਪਾਸੇ ਲੈ ਜਾਣੇ ਤਾਂ ਆਪ ਨੇ ਉਨ੍ਹਾਂ ਨੂੰ ਪ੍ਰੇਰ ਕੇ ਉਥੇ ਹੀ ਲੈ ਆਉਣਾ ਜਿਥੇ ਬਾਬਾ ਜੀ ਬੈਠੇ ਸਨ। ਬਾਬਾ ਜੀ ਕੋਲ ਪਹੁੰਚ ਕੇ ਨਮਸ਼ਕਾਰ ਕਰਨੀ ਤੇ ਕੋਲ ਬੈਠ ਕੇ ਦਰਸ਼ਨ ਕਰਕੇ ਮਨ ਦੀ ਭੁੱਖ ਦੂਰ ਕਰਨੀ। ਜਿਸ ਸਮੇਂ ਸੰਤ ਬਹਾਲ ਦਾਸ ਜੀ ਨੇ ਆਉਣਾ ਤਾਂ ਬਾਬਾ ਜੀ ਨੇ ਜ਼ਰੂਰ ਪੁੱਛਣਾ "ਆ ਗਿਐ ਬਈ ਬਹਾਲ ਦਾਸ।"

ਸੰਤ ਬਹਾਲ ਦਾਸ ਜੀ ਨੇ ਸਿਰ ਝੁਕਾ ਕੇ "ਹਾਂ ਜੀ" ਵਿੱਚ ਉੱਤਰ ਦੇਣਾ।

ਥੋੜ੍ਹੀ ਦੇਰ ਬਾਅਦ ਬਾਬਾ ਜੀ ਨੇ ਬਚਨ ਕਰਨਾ।

"ਹੁਣ ਚਲਾ ਜਾ"

ਫਿਰ ਬਹਾਲ ਦਾਸ ਜੀ ਨੇ ਘਰ ਆ ਜਾਣਾ। ਆਪ ਨੇ ਤਾਂ ਆ ਜਾਣਾ ਪਰ ਬਿਰਤੀ ਉਥੇ ਹੀ ਰਹਿਣੀ। ਸਾਥੀਆਂ ਨੇ ਪਸ਼ੂ ਚਾਰ ਕੇ ਜਦੋਂ ਸ਼ਾਮ ਨੂੰ ਘਰ ਆਉਣਾ ਤਾਂ ਰੋਟੀ ਆਦਿ ਛੱਕ ਕੇ ਪੈ ਜਾਣਾ ਜਾਂ ਕਿਤੇ ਇਕੱਠੇ ਬੈਠ ਕੇ ਗੱਪਾਂ ਆਦਿ ਮਾਰਨ ਲੱਗ ਜਾਣਾ। ਜਿਵੇਂ ਕਿ ਆਮ ਪਿੰਡਾਂ ਵਿੱਚ ਰਿਵਾਜ਼ ਹੁੰਦਾ ਹੈ। ਪਰ ਸੰਤ ਬਹਾਲ ਦਾਸ ਜੀ ਨੂੰ ਸ਼ਾਮ ਵੇਲੇ ਜਦੋਂ ਵੀ ਖਾਣਾ ਖਾਣ ਤੋਂ ਬਾਅਦ ਸਮਾਂ ਮਿਲਣਾ ਰੂੰਮੀ ਵੱਲ ਨੂੰ ਚਲ ਪੈਣਾ ਤੇ ਬਾਬਾ ਜੀ ਕੋਲ ਪਹੁੰਚ ਜਾਣਾ। ਕਾਫੀ ਦੇਰ ਦਰਸ਼ਨ ਕਰਨ ਤੋਂ ਬਾਅਦ ਤੇ ਕੁਝ ਬਚਨ ਸੁਨਣ ਤੋਂ ਬਾਅਦ ਘਰ ਮੁੜ ਆਉਣਾ। ਇਸ ਤਰ੍ਹਾਂ ਰੋਜ਼ ਆਉਂਦੇ ਰਹਿਣਾ। ਇੱਕ ਦਿਨ ਸੰਤ ਬਹਾਲ ਦਾਸ ਜੀ ਨੂੰ ਬੁਖਾਰ ਹੋ ਗਿਆ। ਅਗਲੇ ਦਿਨ ਉਨ੍ਹਾਂ ਦੇ ਸਾਥੀ ਪਸ਼ੂ ਲੈ ਕੇ ਆ ਗਏ। ਸੰਤ ਬਹਾਲ ਦਾਸ ਜੀ ਦੇ ਪਸ਼ੂ ਵੀ ਚਾਰਨ ਲਈ ਨਾਲ ਹੀ ਲੈ ਗਏ। ਬਾਬਾ ਜੀ ਨੇ ਨਿਗਾਹ ਫੇਰਕੇ ਉਨ੍ਹਾਂ ਦੇ ਸਾਥੀਆਂ ਤੋਂ ਪੁੱਛਿਆ:-

"ਅੱਜ ਤੁਹਾਡੇ ਵਿੱਚ ਬਹਾਲ ਦਾਸ ਨਜ਼ਰ ਨਹੀਂ ਆਉਂਦਾ"

ਇਕ ਨੇ ਉੱਤਰ ਦਿੱਤਾ "ਬਾਬਾ ਜੀ ਉਸ ਨੂੰ ਤਾਂ ਬੁਖਾਰ ਹੋ ਗਿਆ ਹੈ।"

ਇਹ ਬਚਨ ਕਰਕੇ ਬਾਬਾ ਜੀ ਕੁਝ ਸਮੇਂ ਲਈ ਚੁਪ ਰਹੇ ਫਿਰ ਰੋਜ਼ ਵਾਂਗ ਪੁੱਛਣ ਲੱਗੇ।

"ਅੱਜ ਕੀ ਖਾਉਂਗੇ।"

ਉਨ੍ਹਾਂ ਕਿਹਾ "ਮਹਾਰਾਜ ਕੱਲ੍ਹ ਨੂੰ ਦੀਵਾਲੀ ਹੈ ਸੋ ਮਠਿਆਈ ਖਵਾ ਦੇਣਾ। ਮਠਿਆਈ ਸਾਡੇ ਪਿੰਡ ਹੀ ਪੱਕੇਗੀ।"

"ਕੱਲ੍ਹ ਦੀ ਗੱਲ ਕੱਲ ਤੇ ਛੱਡੋ ਅੱਜ ਵੀ ਕੁਝ ਖਾ ਲਉ"।

ਬਾਬਾ ਜੀ ਨੇ ਬਚਨ ਕੀਤਾ।

ਫਿਰ ਉਨ੍ਹਾਂ ਨੇ ਮੁੰਡਿਆਂ ਨੂੰ ਦੋ ਰੁਪਏ ਦੇ ਦਿੱਤੇ ਤੇ ਕਹਿਣ ਲੱਗੇ "ਮਠਿਆਈ ਅੱਜ ਹੀ ਲੈ ਆਉ।"

ਇਕ ਮੁੰਡਾ ਪਿੰਡ ਜਾ ਕੇ ਮਠਿਆਈ ਲੈ ਆਇਆ। ਬਾਬਾ ਜੀ ਨੇ

ਸਾਰਿਆਂ ਨੂੰ ਆਪਣੇ ਹੱਥਾਂ ਨਾਲ ਮਠਿਆਈ ਵੰਡੀ ਤੇ ਇੱਕ ਹਿੱਸਾ ਬਾਬਾ ਜੀ ਨੇ ਰੱਖ ਲਿਆ। ਜਦੋਂ ਸਭ ਨੇ ਮਠਿਆਈ ਖਾ ਲਈ ਤੇ ਇੱਕ ਨੂੰ ਹੁਕਮ ਦਿੱਤਾ "ਬਹਾਲ ਦਾਸ ਦਾ ਹਿੱਸਾ ਉਸਨੂੰ ਘਰ ਦੇ ਕੇ ਆ।"

ਮੁੰਡਾ ਮਠਿਆਈ ਲੈ ਕੇ ਬਹਾਲ ਦਾਸ ਜੀ ਕੋਲ ਪਹੁੰਚ ਗਿਆ ਤੇ ਕਹਿਣ ਲੱਗਾ "ਬਾਬਾ ਜੀ ਨੇ ਤੇਰੇ ਖਾਣ ਲਈ ਦਿੱਤੀ ਹੈ।"

ਇਹ ਸੁਣ ਕੇ ਬਹਾਲ ਦਾਸ ਜੀ ਨੇ ਮਠਿਆਈ ਲੈ ਕੇ ਥੋੜ੍ਹੀ ਜਿਹੀ ਖਾ ਲਈ। ਮਠਿਆਈ ਖਾਣ ਦੀ ਦੇਰ ਹੀ ਸੀ ਕਿ ਬੁਖਾਰ ਲਹਿ ਗਿਆ। ਉਸ ਸਮੇਂ ਮੰਜੇ ਤੋਂ ਖੜੇ ਹੋ ਗਏ ਅਤੇ ਰੂੰਮੀ ਵੱਲ ਨੂੰ ਤੁਰ ਪਏ।

ਬਾਬਾ ਜੀ ਕੋਲ ਪਹੁੰਚ ਕੇ ਸੀਸ ਨਿਵਾਇਆ ।

ਅੱਗੋਂ ਬਾਬਾ ਜੀ ਹੱਸ ਕੇ ਕਹਿਣ ਲੱਗੇ "ਬੁਖਾਰ ਲਹਿ ਗਿਆ ਹੈ, ਬਹਾਲ ਦਾਸ"। "ਹਾਂ ਮਹਾਰਾਜ" ਅਤੇ ਨੇੜੇ ਹੋ ਕੇ ਬਹਿ ਗਏ। ਬਾਬਾ ਜੀ ਨੇ ਬਚਨ ਕੀਤਾ। "ਸਾਡੀ ਸੇਵਾ ਕਰ ਸਕਦਾ ਹੈਂ?"

"ਜੋ ਹੁਕਮ ਹੋਵੇ ਹਜ਼ੂਰ" ਬਹਾਲ ਦਾਸ ਨੇ ਕਿਹਾ।

"ਲਿਆ ਫਿਰ ਪਾਣੀ ਭਰ ਕੇ ਇਸ਼ਨਾਨ ਕਰੀਏ, "ਬਾਬਾ ਜੀ ਨੇ ਫੁਰਮਾਇਆ।

ਬਹਾਲ ਦਾਸ ਜੀ ਪਾਣੀ ਲੈ ਆਏ। ਬਾਬਾ ਜੀ ਇਸ਼ਨਾਨ ਕਰਨ ਲੱਗ ਪਏ। ਬਾਬਾ ਜੀ ਇਸ਼ਨਾਨ ਕਰਕੇ ਪ੍ਰਸੰਨ ਹੋ ਗਏ ਅਤੇ ਕਹਿਣ ਲੱਗੇ "ਸਾਨੂੰ ਰੋਜ਼ ਇਸ਼ਨਾਨ ਕਰਵਾਇਆ ਕਰ।"

ਇਸ ਤਰ੍ਹਾਂ ਬਹਾਲ ਦਾਸ ਜੀ ਹਰ ਰੋਜ਼ ਇਸ਼ਨਾਨ ਕਰਾਉਣ ਲੱਗ ਪਏ। ਹਰ ਰੋਜ਼ ਜਾਣਾ, ਪਾਣੀ ਭਰ ਕੇ ਲਿਆਉਣਾ ਤੇ ਫਿਰ ਬਾਬਾ ਜੀ ਦੇ ਚਰਨਾਂ ਤੇ ਹੱਥ ਫੇਰਦੇ ਰਹਿਣਾ। ਇਉਂ ਬਾਬਾ ਜੀ ਨਾਲ ਨੇੜਤਾ ਵਧਦੀ ਗਈ। ਇਸ਼ਨਾਨ ਕਰ ਲੈਣ ਤੋਂ ਬਾਅਦ ਬਾਬਾ ਜੀ ਦੇ ਮਿੱਠੇ ਮਿੱਠੇ ਬਚਨ ਵੀ ਸੁਣਦੇ ਰਹਿਣਾ।

ਇਕ ਦਿਨ ਬਹਾਲ ਦਾਸ ਜੀ ਆਪਣੇ ਨਗਰ ਰੋੜੀ (ਚੰਡਾਲ) ਚਲੇ ਗਏ। ਜਦੋਂ ਇਸ਼ਨਾਨ ਕਰਵਾਉਣ ਦਾ ਸਮਾਂ ਆਇਆ ਤਾਂ ਬਹਾਲ ਦਾਸ ਜੀ ਅਗਲੇ ਦਿਨ ਹੀ ਮੁੜ ਆਏ। ਘਰ ਜਾਣ ਤੋਂ ਪਹਿਲਾਂ ਸਿੱਧੇ ਬਾਬਾ

ਜੀ ਪਾਸ ਆਏ ਕਿਉਂਕਿ ਪਿਆਰ ਵਾਲੇ ਆਪਣੀ ਮੰਜ਼ਿਲ ਨੂੰ ਹੀ ਦੌੜਦੇ ਹਨ।

ਜਿਵੇਂ ਭਾਈ ਵੀਰ ਸਿੰਘ ਨੇ ਲਿਖਿਆ ਹੈ :

**ਸੀਨੇ ਖਿੱਚ ਜਿਨਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ।**
**ਨਿਹੁ ਵਾਲੇ ਨੈਨਾਂ ਦੀ ਨੀਂਦਰ, ਦਿਨੇ ਰਾਤ ਪਏ ਵਹਿੰਦੇ।**
**ਇਕੋ ਲਗਨ ਲੱਗੀ ਲਈ ਜਾਂਦੀ, ਹੈ ਟੋਰ ਅਨੰਦ ਉਨ੍ਹਾਂ ਦੀ,**
**ਵਸਲੋਂ ਉਰੇ ਮਕਾਮ ਨਾ ਕੋਈ, ਸੋ ਚਾਲ ਪਏ ਨਿਤ ਰਹਿੰਦੇ।**

ਬਾਬਾ ਜੀ ਸੰਤ ਬਹਾਲ ਦਾਸ ਜੀ ਦਾ ਪਿਆਰ ਦੇਖ ਕੇ ਬਹੁਤ ਪ੍ਰਸੰਨ ਹੋਏ। ਆਪ ਨੇ ਕਾਫੀ ਦੇਰ ਸੰਤ ਬਹਾਲ ਦਾਸ ਜੀ ਨੂੰ ਆਪਣੇ ਕੋਲ ਬਿਠਾਈ ਰੱਖਿਆ।

ਇਹ ਆਮ ਕਹਾਵਤ ਹੈ ਕਿ ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ। ਤਾੜੀ ਦੋਨਾਂ ਹੱਥਾਂ ਨਾਲ ਹੀ ਵੱਜਦੀ ਹੈ। ਦਿਲਾਂ ਨੂੰ ਦਿਲਾਂ ਦੀ ਰਾਹ ਹੁੰਦੀ ਹੈ। ਪਿਆਰ ਇੱਕ ਤਰਫੋਂ ਨਹੀਂ ਕੀਤਾ ਜਾਂਦਾ। ਜੇ ਦੋਨਾਂ ਤਰਫੋਂ ਹੀ ਹੋਵੇ ਫਿਰ ਹੀ ਸੱਚਾ ਪਿਆਰ ਹੈ। ਰੂਹ ਤੇ ਬੁਤ ਦਾ ਵੀ ਪਿਆਰ ਹੈ। ਪਰ ਆਖਰ ਸਮੇਂ ਰੂਹ ਵੀ ਬੁਤ ਨੂੰ ਛੱਡ ਜਾਂਦੀ ਹੈ। ਪਿਆਰ ਧਨ ਦਾ ਵੀ, ਇਸਤਰੀ ਨਾਲ, ਬੱਚਿਆਂ ਨਾਲ, ਜ਼ਮੀਨ ਦਾ, ਮਿੱਤਰ ਨਾਲ, ਪ੍ਰੀਤ ਆਪਣੇ ਘਰ ਨਾਲ ਵੀ, ਪਰ ਇਹ ਸਭ ਝੂਠੀਆਂ ਹਨ।

ਜਿਵੇਂ ਨੌਂਵੇ ਪਾਤਸ਼ਾਹ ਦਾ ਫੁਰਮਾਨ ਹੈ:-

**ਜਗਤ ਮੈ ਝੂਠੀ ਦੇਖੀ ਪ੍ਰੀਤਿ ॥**

**ਅੰਗ ੫੩੬**

ਦੁਨੀਆਦਾਰ ਤਾਂ ਪਿਆਰ ਕਰਦਾ ਹੈ ਦੁਨਿਆਵੀ ਚੀਜ਼ਾਂ ਨਾਲ ਪਰ ਮਹਾਂਪੁਰਖ ਦਾ ਪਿਆਰ ਹੁੰਦਾ ਹੈ ਉਸ ਸੱਚੇ ਨਾਲ ਜੋ ਹਮੇਸ਼ਾ ਅਤੁੱਟ ਹੁੰਦਾ ਹੈ, ਜਿਸ ਪਿਆਰ ਦੇ ਅੰਦਰ ਅੰਗਿਆਰ ਨਹੀਂ ਆਉਂਦੇ।

ਦੁਨਿਆਵੀ ਪਿਆਰ ਤਾਂ ਆਦਮੀ ਲਈ ਕਈ ਵਾਰ ਦੁਖਦਾਈ ਸਿੱਧ ਹੁੰਦੇ ਹਨ। ਇਨ੍ਹਾਂ ਪਿਆਰਾਂ ਵਿੱਚ ਖਟਾਈਆਂ ਆ ਜਾਂਦੀਆਂ ਹਨ। ਕਹਿੰਦੇ ਹਨ "ਦੂਰ ਦੇ ਢੋਲ ਸੁਹਾਵਣੇ ਹਨ" ਨੇੜੇ ਰਹਿ ਕੇ ਕੁੜੱਤਣ ਵਿੱਚ ਆ ਜਾਂਦੇ ਹਨ ਕਿਉਂ ਜੋ ਇਹ ਝੂਠ ਹੁੰਦੇ ਹਨ। ਪਰ ਜੇ ਹੋਵੇ ਸੱਚਾ ਪਿਆਰ ਉਹ ਨੇੜੇ ਆਉਣ ਨਾਲ ਹੋਰ ਵੀ ਵਧਦਾ ਹੈ ਜੇ ਕਿਤੇ ਇੱਕ ਦਿਨ ਦਾ ਵੀ ਵਿਛੋੜਾ

ਹੋ ਜਾਏ ਤਾਂ ਉਸ ਵੇਲੇ ਮਨ ਦੀ ਹਾਲਤ ਇਹ ਹੁੰਦੀ ਹੈ।

ਜਿਵੇਂ ਫਰੀਦ ਜੀ ਫੁਰਮਾਨ ਕਰਦੇ ਹਨ :-

**ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥**
**ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥**

**ਸਲੋਕ ਫਰੀਦ, ਅੰਗ ੧੩੭੯**

ਜਿਸ ਦਾ ਅਸਲੀ ਨਿਹੁ ਪ੍ਰਮੇਸ਼ਰ ਨਾਲ ਹੁੰਦਾ ਹੈ ਉਸ ਦੀ ਅਵਸਥਾ ਹੀ ਇਸ ਤਰ੍ਹਾਂ ਬਣਦੀ ਹੈ ਜਿਸਨੇ ਕਦੇ ਸੱਚੇ ਗੁਰੂ ਦੀ ਪ੍ਰੀਤ ਦਾ ਸੁਆਦ ਨਹੀਂ ਚੱਖਿਆ ਉਹ ਕੀ ਜਾਣੈ। ਕਈ ਮਹਾਂਪੁਰਖਾਂ ਦੇ ਚਰਨਾਂ ਵਿੱਚ ਆਉਂਦੇ ਹਨ ਜਿਹੋ ਜਿਹੇ ਆਉਂਦੇ ਹਨ ਖਾਲੀ ਝੋਲੀਆਂ ਹੀ ਜਾਂਦੇ ਹਨ ਕਿਉਂ ਜੋ ਪਿਆਰ ਤੇ ਪ੍ਰੀਤ ਨਹੀਂ ਹੁੰਦੀ, ਉਹ ਤਾਂ ਮੰਗਣ ਆਉਂਦੇ ਹਨ। ਆਪਣੀਆਂ ਲੋੜਾਂ ਪੂਰੀਆ ਕਰਨ ਆਉਂਦੇ ਹਨ। ਕੋਈ ਪੁੱਤਰ ਮੰਗਦਾ ਹੈ, ਕੋਈ ਧਨ ਮੰਗੇਗਾ, ਕੋਈ ਪਦਾਰਥ ਮੰਗੇਗਾ। ਪਰ ਅਸਲੀ ਮੰਗਣ ਵਾਲੀ ਚੀਜ਼ ਤਾਂ ਕੋਈ ਵਿਰਲਾ ਹੀ ਮੰਗੇਗਾ, ਜੇ ਸੋਝੀ ਹੋਵੇ ਤਾਂ ਫਿਰ ਸੱਚੇ ਦਾ ਜੇ ਪਿਆਰ ਮਿਲ ਜਾਵੇ ਤਾਂ ਭਵ ਸਾਗਰ ਤੋਂ ਪਾਰ ਹੋ ਜਾਂਦਾ,

ਜਿਵੇਂ ਫੁਰਮਾਨ ਹੈ :-

**ਮਾਗਨਿ ਮਾਗ ਤ ਏਕਹਿ ਮਾਗ ॥**
**ਨਾਨਕ ਜਾ ਤੇ ਪਰਹਿ ਪਰਾਗ ॥**

ਇਹ ਸੱਚਾ ਪਿਆਰ ਤਾਂ ਉਹ ਹੀ ਪਾਏਗਾ ਜਿਹੜਾ ਮਹਾਂਪੁਰਖਾਂ ਦੇ ਬਚਨਾਂ ਤੇ ਫੁੱਲ ਚੜ੍ਹਾਏਗਾ। ਮਹਾਂਪੁਰਖ ਤਾਕੀਦ ਕਰਦੇ ਹਨ ਕਿ ਬਾਣੀ ਪੜ੍ਹਨ ਨਾਲ ਹੀ ਸੱਚੇ ਦਾ ਪਿਆਰ ਮਿਲਦਾ ਹੈ। ਬਾਬਾ ਆਨੰਦ ਸਿੰਘ ਜੀ ਬਚਨ ਕਰਿਆ ਕਰਦੇ ਸਨ। ਕੋਈ ਕੋਠੇ ਤੇ ਖੜ੍ਹਾ ਹੈ ਉਸਨੂੰ ਕੋਈ ਮਿਲਣ ਆ ਗਿਆ। ਤਾਂ ਕੋਠੇ ਤੇ ਖੜੇ ਨੇ ਕਹਿ ਦਿੱਤਾ "ਸੱਜੇ ਪਾਸੇ ਪੌੜੀਆਂ ਹਨ ਚੜ੍ਹ ਕੇ ਉੱਪਰ ਆ ਜਾ।"

ਉਹ ਪੌੜੀਆਂ ਚੜ੍ਹ ਕੇ ਉੱਪਰ ਚਲਾ ਗਿਆ ਤੇ ਜਾ ਮਿਲਿਆ।

ਕਿਸ ਨੂੰ ਜਾ ਮਿਲਿਆ: ਜਿਸ ਨੇ ਬਾਣੀ ਕੀਤੀ ਸੀ।

ਰਾਹ ਦੱਸਿਆ ਸੀ ਆਪ ਨੂੰ ਮਿਲਣ ਦਾ। ਸੋ ਇਸ ਤਰ੍ਹਾਂ ਗੁਰੂ ਨਾਨਕ

ਦੇਵ ਜੀ ਨੇ ਬਾਣੀ ਰਚੀ ਹੈ ਆਪ ਨੂੰ ਮਿਲਣ ਲਈ।

ਆਪ ਨਾਲ ਪਿਆਰ ਪਾਉਣ ਲਈ। ਸੋ ਜੇ ਸੱਚਾ ਪਿਆਰ ਪਾਉਣਾ ਹੈ ਤਾਂ ਪਾ ਪ੍ਰਮੇਸ਼ਵਰ ਨਾਲ ਜਿਸ ਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਫੜ ਸਕਦੀ। ਬਾਣੀ ਪੜ੍ਹ ਤੇ ਮਹਾਂਪੁਰਖਾਂ ਦੀ ਸੰਗਤ ਕਰ, ਇਹੀ ਹੈ ਪ੍ਰਭੂ ਨਾਲ ਸੱਚਾ ਪਿਆਰ, ਬਾਕੀ ਸਭ ਕੂੜੇ ਹਨ। ਗੁਰਮੁਖਿ ਪ੍ਰੇਰਣਾ ਕਰੇਗਾ ਸਾਧ ਸੰਗਤ ਕਰਨ ਦੀ, ਪਰ ਮਨਮੁਖ ਮਾੜੇ ਕੰਮ ਕਰਨ ਲਈ ਪ੍ਰੇਰੇਗਾ। ਇਹ ਸੱਚਾ ਪਿਆਰ ਤਾਂ ਹੀ ਹੋਵੇਗਾ ਜੇ ਗੁਰੂ ਆਪ ਕ੍ਰਿਪਾ ਕਰੇ। ਸਤਿਗੁਰੂ ਮਨ ਮੁਖਿ ਦੇ ਮਨ ਦੀ ਅਵਸਥਾ ਬਦਲੇ ਫਿਰ ਉਸਨੂੰ ਗੁਰਮੁਖਿ ਬਣਦਿਆਂ ਦੇਰ ਨਹੀਂ ਲੱਗਦੀ। ਫਿਰ ਹੀ ਮਨੁੱਖ ਅੰਦਰ ਫੁਰਨਾ ਬਣਦਾ ਹੈ ਕਿ ਮੈਂ ਇਨ੍ਹਾਂ ਲੋਕਾਂ ਦੀ ਕੂੜ ਦੀ ਦੋਸਤੀ ਗ੍ਰਹਿਣ ਨਹੀਂ ਕਰਨੀ। ਜਿਸ ਤਰ੍ਹਾਂ ਨਿਮਨ ਲਿਖਤ ਫੁਰਮਾਨ ਹੈ ਲੇਖਕ ਨੇ ਉਸ ਤੋਂ ਸਿਖਿਆ ਲੈ ਕੇ ਉਪਰੰਤ ਪੰਗਤੀਆਂ ਲਿਖੀਆਂ ਹਨ।

**ਸਜਣ ਮਿਲੇ ਸਜਣਾ ਜਿਨ ਸਤਿਗੁਰ ਨਾਲਿ ਪਿਆਰੁ ॥**
**ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ ॥**
**ਮਨ ਹੀ ਤੇ ਮਨੁ ਮਾਨਿਆ ਗੁਰ ਕੈ ਸਬਦਿ ਅਪਾਰਿ ॥**
**ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ ॥**

**ਵਡਹੰਸ ਕੀ ਵਾਰ ਮ: ੩, ਅੰਗ ੫੯੭**

ਉਪਰੋਕਤ ਪੰਗਤੀਆਂ ਗੁਰਮੁਖਿ ਦੀ ਅਵਸਥਾ ਦਾ ਪ੍ਰਤੀਕ ਹਨ। ਹੇਠ ਲਿਖੀਆਂ ਪੰਗਤੀਆਂ ਦਰਸਾਉਂਦੀਆਂ ਹਨ ਮਨਮੁਖਿ ਦੀ ਅਵਸਥਾ।

**ਇਕਨਾ ਦਰਸ਼ਨ ਕੀ ਪਰਤੀਤਿ ਨ ਆਈਆ**
**ਸਬਦਿ ਨਾ ਕਰਹਿ ਵੀਚਾਰੁ॥**
**ਵਿਛੜਿਆ ਕਾ ਕਿਆ ਵਿਛੁੜੈ ਜਿਨਾ ਦੂਜੈ ਭਾਇ ਪਿਆਰੁ॥**
**ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ॥**
**ਇਸੁ ਪਰੀਤੀ ਤੁਟਦੀ ਵਿਲਮ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ॥**

ਫਿਰ ਗੁਰੂ ਸਾਹਿਬ ਨੇ ਸੱਚਾ ਪਿਆਰ ਕਰਨ ਵਾਲਿਆਂ ਦੀ ਹਾਲਤ ਦਾ ਵਰਨਣ ਕੀਤਾ ਹੈ ਜੋ ਆਪਣੇ ਮਨ ਨੂੰ ਸਦਾ ਕੂੜੀ ਦੋਸਤੀ ਤੋਂ ਵਰਜਦੇ ਹਨ।

**ਜਿਨਾ ਅੰਦਰਿ ਸੱਚੇ ਕਾ ਭਉ ਨਾਹੀ ਨਾਮਿ ਨਾ ਕਰਹਿ ਪਿਆਰੁ ॥**

**ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ**
**ਜਿ ਆਪਿ ਭੁਲਾਏ ਕਰਤਾਰਿ ॥**

**ਅੰਗ ੫੮੭**

ਜਿਸ ਸਮੇਂ ਤੋਂ ਸ੍ਰਿਸ਼ਟੀ ਦੀ ਸਿਰਜਨਾ ਹੋਈ ਹੈ। ਪਿਆਰ ਮਨੁੱਖ ਦੀ ਜ਼ਰੂਰੀ ਮਾਨਸਿਕ ਖੁਰਾਕ ਬਣ ਗਈ ਹੈ। ਪਿਆਰ ਮਨੁੱਖਤਾ ਵਿੱਚ ਹੀ ਨਹੀਂ ਪਸ਼ੂ, ਪੰਛੀਆਂ, ਕੀੜੇ ਪਤੰਗਿਆਂ ਵਿੱਚ ਵੀ ਹੈ। ਉਨ੍ਹਾਂ ਦੀ ਬੋਲੀ ਮਨੁੱਖ ਨਹੀਂ ਸਮਝ ਸਕਦਾ ਹੈ। ਜਿਵੇਂ ਭਾਈ ਗੁਰਦਾਸ ਜੀ ਨੇ ਕੁਝ ਪੰਛੀਆਂ ਤੇ ਜਾਨਵਰਾਂ ਦਾ ਪਿਆਰ ਦਰਸਾਇਆ ਹੈ:-

**ਸਲਿਲ ਨਿਵਾਸ ਜੈਸੇ ਮੀਨ ਕੀ ਨਾ ਘਟੈ ਰੁਚਿ,**
**ਦੀਪਕ ਪ੍ਰਗਾਸ ਘਟੈ ਪ੍ਰੀਤ ਨਾ ਪਤੰਗ ਕੀ।**
**ਕੁਸਮ ਸੁਬਾਸ ਜੈਸੋ ਤ੍ਰਿਪਤ ਨ ਮੁਧਪ ਕਉ,**
**ਉਡਤ ਅਕਾਸ ਆਸ ਘਟੈ ਨਾ ਬਿਹੰਗ ਕੀ।**
**ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ,**
**ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ।**
**ਤੈਸੇ ਪ੍ਰਿਆ ਪ੍ਰੇਮ ਰਸ ਰਸਕ ਰਸਾਲ ਸੰਤ,**
**ਘਟਤ ਨਾ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ ॥**

**ਭਾਈ ਗੁਰਦਾਸ ਜੀ**

ਪਾਣੀ ਵਿੱਚ ਰਹਿ ਕੇ ਮੱਛੀ ਪ੍ਰਸੰਨ ਹੁੰਦੀ ਹੈ ਤੇ ਪਾਣੀ ਵੱਧ ਜਾਵੇ ਤਾਂ ਹੋਰ ਵੀ ਖੁਸ਼ ਹੁੰਦੀ ਹੈ। ਉਡ ਰਹੇ ਪਤੰਗੇ ਨੂੰ ਦੀਪਕ ਮਿਲ ਜਾਵੇ, ਉਹ ਵਾਪਸ ਨਹੀਂ ਆਉਂਦਾ। ਦੀਪਕ ਨਾਲ ਲੱਗ ਕੇ ਹੀ ਜਾਨ ਦੇ ਦਿੰਦਾ ਹੈ। ਭੌਰ ਫੁਲਾਂ ਦਾ ਆਸ਼ਕ ਹੈ ਇੱਕ ਤੋਂ ਉਡੇਗਾ ਦੂਜੇ ਤੇ ਬੈਠ ਜਾਏਗਾ। ਉਡਣ ਵਾਲੇ ਪੰਛੀ ਦਾ ਉਡਣ ਨਾਲ ਪਿਆਰ ਹੈ, ਉਹ ਜਿੰਨਾ ਉੱਚਾ ਅਕਾਸ਼ ਵਿੱਚ ਉਡ ਸਕੇ ਉਨ੍ਹਾਂ ਹੀ ਖੁਸ਼ ਹੋਵੇਗਾ। ਸੌਣ ਦੇ ਮਹੀਨੇ ਬਾਰਿਸ਼ ਪੈਂਦੀ ਹੈ, ਬੱਦਲ ਗਰਜਦਾ ਹੈ, ਮੋਰ, ਬੰਬੀਹਾ ਗੀਤ ਗਾਉਂਦਾ ਹੈ।

ਇਸੇ ਤਰ੍ਹਾਂ ਹੀ ਸੰਤ ਜਨ ਨਾਮ ਜਪਦੇ ਹਨ ਜਿਵੇਂ ਜਿਵੇਂ ਰਸ ਆਉਂਦਾ ਹੈ, ਫਿਰ ਅਨੰਦ ਹੋ ਜਾਂਦੇ ਹਨ। ਸਿਰਫ ਜ਼ਬਾਨ ਨਾਲ ਹੀ ਨਹੀਂ ਜਾਪ ਕਰਦੇ,

ਉਨ੍ਹਾਂ ਦਾ ਅੰਗ ਅੰਗ, ਰੋਮ ਰੋਮ ਆਪਣੇ ਪਿਆਰੇ ਦਾ ਸ਼ੁਕਰਾਨਾ ਕਰਦਾ ਹੈ। ਉਨ੍ਹਾਂ ਦੇ ਮਨ ਦੀ ਇਹ ਹਾਲਤ ਹੋ ਜਾਂਦੀ ਹੈ।

ਜਿਵੇਂ ਫੁਰਮਾਨ ਹੈ:-

**ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥**

**ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥**

**ਗੂਜਰੀ ਵਾਰ ਮਃ ੫, ਅੰਗ ੫੧੭**

ਜਿਸ ਸਮੇਂ ਉਪਰੋਕਤ ਫੁਰਮਾਨ ਦੀ ਤਰ੍ਹਾਂ ਜਗਿਆਸੂ ਦੀ ਅਵਸਥਾ ਹੋ ਜਾਂਦੀ ਹੈ। ਫਿਰ ਉਹ ਪੂਰਨ ਪਦਵੀ ਦਾ ਹੱਕਦਾਰ ਹੋ ਜਾਂਦਾ ਹੈ।

ਇਸ ਹਾਲਤ ਵਿਚੋਂ ਹੁਣ ਸੰਤ ਬਹਾਲ ਦਾਸ ਜੀ ਲੰਘ ਰਹੇ ਸਨ। ਘਰ ਚਲੇ ਜਾਣਾ, ਉਥੇ ਦਿਲ ਨਾ ਲਗਣਾ, ਫਿਰ ਆ ਜਾਣਾ ਬਾਬਾ ਜੀ ਪਾਸ। ਮਨ ਅੰਦਰ ਸੇਵਾ ਕਰਨ ਦਾ ਪੂਰਨ ਇਰਾਦਾ ਬਣ ਗਿਆ ਸੀ।

ਇਕ ਦਿਨ ਬਹਾਲ ਦਾਸ ਜੀ ਨੇ ਕਿਹਾ "ਮਹਾਰਾਜ ਮੈਨੂੰ ਇਹੋ ਜਿਹੀ ਸੇਵਾ ਦਿਉ ਤਾਂ ਕਿ ਮੈਨੂੰ ਤੁਹਾਡੇ ਕੋਲੋਂ ਵਿਛੋੜਾ ਨਾ ਮਿਲੇ।"

ਬਾਬਾ ਜੀ ਨੇ ਬਚਨ ਕੀਤਾ "ਬਹਾਲ ਦਾਸ ਇਸ ਤਰ੍ਹਾਂ ਦੀ ਸੇਵਾ ਨਿਭਾਉਣੀ ਔਖੀ ਹੈ। ਪੂਰਨ ਸੇਵਾ ਲਈ ਆਪਣਾ ਆਪ ਗੁਆਉਣਾ ਪੈਂਦਾ ਹੈ।

ਫੁਰਮਾਨ ਹੈ :-

**ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥**

**ਅੰਗ ੬੪੯**

ਇਕ ਤੇਰੀ ਉਮਰ ਛੋਟੀ ਹੈ ਬਾਕੀ ਤੇਰੀ ਭੈਣ ਦੇ ਘਰ ਦੀ ਜਿੰਮੇਂਵਾਰੀ ਦਾ ਭਾਰ ਕੁਝ ਤੇਰੇ ਮੋਢਿਆਂ ਉਪਰ ਹੈ। ਦੋਵਾਂ ਪਾਸਿਆਂ ਦੀ ਜਿੰਮੇਂਵਾਰੀ ਦੀ ਪੰਡ (ਗਠੜੀ) ਬਹੁਤ ਭਾਰੀ ਹੋ ਜਾਵੇਗੀ। ਇਨ੍ਹਾਂ ਭਾਰ ਇਤਨੀ ਛੋਟੀ ਆਯੂ ਵਿੱਚ ਉਠਾਣਾ ਬੜਾ ਕਠਿਨ ਹੈ। ਜੇ ਚੁੱਕਣ ਦੇ ਕਾਬਲ ਹੋ ਸਕਦਾ ਹੈ ਤਾਂ ਇੱਕ ਹੀ ਜਿੰਮੇਵਾਰੀ ਸੰਭਾਲ ਲੈ"

ਇਹ ਬਚਨ ਸੁਣ ਕੇ ਬਹਾਲ ਦਾਸ ਜੀ ਘਰ ਵਲ ਤੁਰ ਪਏ। ਰਸਤੇ ਵਿੱਚ ਕਈ ਤਰ੍ਹਾਂ ਦੇ ਵਿਚਾਰ ਮਨ ਵਿੱਚ ਆਉਂਦੇ ਰਹੇ ਪਰ ਆਖਿਰ ਇਕਤਰਫਾ

ਫੈਸਲਾ ਕਰ ਹੀ ਲਿਆ ਕਿ ਬਾਬਾ ਜੀ ਦੀ ਸੇਵਾ ਕਰਾਂਗਾ। ਜਦੋਂ ਚੰਗੇ ਭਾਗ ਹੋਣ ਤਾਂ ਮਨ ਆਪ ਹੀ ਪ੍ਰੇਰਿਆ ਜਾਂਦਾ ਹੈ। ਘਰ ਪਹੁੰਚ ਕੇ ਰਾਤ ਨੂੰ ਭੈਣ ਜੀ ਅੱਗੇ ਬੇਨਤੀ ਕੀਤੀ "ਕੀ ਭੈਣ ਜੀ ਜੇ ਤੁਸੀਂ ਨਰਾਜ਼ ਨਾ ਹੋਵੋ ਤਾਂ ਮੈਂ ਬਾਬਾ ਜੀ ਦੀ ਸੇਵਾ ਵਿੱਚ ਚਲਾ ਜਾਵਾਂ।"

ਭੈਣ ਜੀ ਦੇ ਹਿਰਦੇ ਅੰਦਰ ਖੁਸ਼ੀ ਹੀ ਲਹਿਰ ਦੌੜ ਗਈ ਤੇ ਝੱਟ ਪੱਟ ਆਗਿਆ ਦੇ ਦਿੱਤੀ।

ਜਿਸ ਤਰ੍ਹਾਂ ਚੰਨ ਚੜਨ ਵੇਲੇ ਦੀ ਚਕੋਰ ਦਾ ਹਿਰਦਾ ਪ੍ਰਸੰਨ ਹੋ ਜਾਂਦਾ ਹੈ ਉਸ ਹੀ ਤਰ੍ਹਾਂ ਬਹਾਲ ਦਾਸ ਜੀ ਦਾ ਮਨ ਆਗਿਆ ਮਿਲਣ ਤੋਂ ਬਾਅਦ ਖੁਸ਼ ਹੋ ਗਿਆ। ਉਸ ਵੇਲੇ ਹੀ ਜਾਣ ਲਈ ਦਿਲ ਕਰ ਰਿਹਾ ਸੀ। ਪਰ ਰਾਤ ਅੱਧੀ ਹੀ ਹੋਈ ਸੀ ਨੀਂਦ ਆਉਂਦੀ ਨਹੀਂ ਸੀ। ਪ੍ਰੇਮ ਇੱਕ ਐਸੀ ਚੀਜ਼ ਹੈ ਜਿਸ ਨਾਲ ਸਾਰੀ ਭੁੱਖ, ਤ੍ਰੇਹ, ਨੀਂਦ ਆਦਿ ਖਤਮ ਹੋ ਜਾਂਦੀ ਹੈ। ਜਦੋਂ ਫਿਰ ਆਪਣੇ ਆਪ ਤੇ ਕਾਬੂ ਨਾ ਰਿਹਾ, ਅੱਧੀ ਰਾਤ ਹੀ ਰੂੰਮੀ ਵੱਲ ਨੂੰ ਤੁਰ ਪਏ। ਰਸਤੇ ਵਿੱਚ ਬਾਰਿਸ਼ ਸ਼ੁਰੂ ਹੋ ਗਈ। ਪਰ ਇਹੋ ਜਿਹੀ ਹਾਲਤ ਵਿੱਚ ਪ੍ਰੇਮੀ ਜਨ ਸਾਰੀਆਂ ਦੁਖ ਤਕਲੀਫਾਂ ਤੋਂ ਬੇਪਰਵਾਹ ਹੋ ਜਾਂਦਾ ਹੈ।

ਬਾਬਾ ਅਨੰਦ ਸਿੰਘ ਜੀ ਬਚਨ ਕਰਿਆ ਕਰਦੇ ਸਨ "ਉਹ ਪ੍ਰੇਮ ਹੀ ਕੀ ਹੋਇਆ ਜਿਸ ਨੇ ਸਰੀਰ ਵਲੋਂ ਬੇਪ੍ਰਵਾਹ ਨਾ ਕੀਤਾ।"

**ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥**
**ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥**
**ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥**
**ਜਾਇ ਮਿਲਾ ਤਿਨਾਂ ਸਜਣਾ ਤੁਟਉ ਨਾਹੀ ਨੇਹੁ ॥੨੫॥**

**ਸਲੋਕ ਫਰੀਦ, ਅੰਗ ੧੩੭੯**

ਸਰਦੀ ਦੇ ਮੌਸਮ ਦੀ ਬਾਰਿਸ਼ ਪੈ ਰਹੀ ਹੈ, ਹਵਾ ਵੀ ਬਹੁਤ ਤੇਜ਼ ਰਫਤਾਰ ਨਾਲ ਚਲਦੀ ਹੈ। ਪਰ ਆਪ ਅਡੋਲ ਤੁਰੇ ਜਾ ਰਹੇ ਹਨ।

**ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥੧੩॥**
**ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥**

**ਸੂਹੀ ਮਃ ੪, ਅੰਗ ੭੫੭**

ਪ੍ਰੇਮੀ ਬੰਦਿਆਂ ਨੂੰ ਇਹੋ ਜਿਹੇ ਝੱਖੜਾਂ ਦੀ ਪ੍ਰਵਾਹ ਹੀ ਨਹੀਂ ਹੁੰਦੀ ਉਹ ਤਾਂ ਉਸੇ ਚਾਲ ਨਾਲ ਹੀ ਚਲਦੇ ਜਾਂਦੇ ਹਨ। ਸੋ ਇਸੇ ਤਰ੍ਹਾਂ ਬਹਾਲ ਦਾਸ ਤੁਰਦੇ ਬਾਬਾ ਜੀ ਦੀ ਕੁਟੀਆ ਕੋਲ ਪਹੁੰਚ ਗਏ ਰਾਤ ਕਾਫੀ ਬਾਕੀ ਸੀ ਆਪ ਚੁੱਪ ਚਾਪ ਬਾਹਰਲੇ ਪਾਸੇ ਬੈਠ ਗਏ। ਮੀਂਹ ਪੈਂਦਾ ਰਿਹਾ ਆਪ ਘਬਰਾਏ ਨਹੀਂ। ਪਹੁ ਫੁਟੀ ਤਾਂ ਬਾਬਾ ਜੀ ਬਾਹਰ ਆਏ। ਬਾਬਾ ਜੀ ਇਨ੍ਹਾਂ ਨੂੰ ਦੇਖ ਕੇ ਪੁੱਛਣ ਲੱਗੇ "ਬਹਾਲ ਦਾਸ ਕਿਸ ਵੇਲੇ ਦਾ ਆਇਆ ਹੋਇਆ ਹੈ?"

ਆਪ ਨੇ ਉੱਤਰ ਦਿੱਤਾ "ਮਹਾਰਾਜ ਅੱਧੀ ਰਾਤ ਦਾ, ਮੀਂਹ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਬਾਅਦ।"

"ਬਾਰਸ਼ ਪੈਂਦੀ ਵਿੱਚ ਇਥੇ ਹੀ ਬੈਠਾ ਰਿਹਾ?" ਹਜ਼ੂਰ ਨੇ ਬਚਨ ਕੀਤਾ।
"ਹਾਂ ਜੀ"

ਬਾਬਾ ਜੀ ਨੇ ਉਠਾ ਕੇ ਆਪਣੀ ਗਲਵਕੜੀ ਵਿੱਚ ਲੈ ਲਿਆ ਤੇ ਖੁਸ਼ ਹੋ ਕੇ ਕਿਹਾ "ਹੁਣ ਤੂੰ ਸੇਵਾ ਕਰ ਸਕਦਾ ਹੈ।"

ਬਹਾਲ ਦਾਸ ਜੀ ਮਾਤਾ ਪਿਤਾ, ਭੈਣ ਭਰਾ ਤੇ ਘਰ ਆਦਿ ਤਿਆਗ ਕੇ ਸੇਵਾ ਵਿੱਚ ਜੁੱਟ ਗਏ। ਜਿਨ੍ਹਾਂ ਆਪਣੇ ਸਰੀਰ ਦੀ ਪਰਵਾਹ ਨਾ ਕੀਤੀ, ਉਨ੍ਹਾਂ ਨੂੰ ਹੋਰ ਕਿਸੇ ਦੀ ਕੀ ਪ੍ਰਵਾਹ ਹੈ। ਜਿਵੇਂ-

**ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ ॥**

**ਸਾਰੰਗ ਮ: ੫, ਅੰਗ ੧੨੩੦**

ਇਹ ਸੰਤ ਬਹਾਲ ਦਾਸ ਜੀ ਦੀ ਪਹਿਲੀ ਪ੍ਰੀਖਿਆ ਹੀ ਸੀ ਜਿਸ ਵਿਚੋਂ ਆਪ ਪਾਸ ਹੋਏ ਪਰ ਅਜੇ ਤਾਂ ਬਹੁਤ ਸਖਤ ਇਮਤਿਹਾਨ ਲੈਣੇ ਬਾਕੀ ਹਨ। ਫਿਰ ਅਸਲੀ ਸੇਵਾ ਦੀ ਦਾਤ ਬਖਸ਼ਣੀ ਹੈ।

ਨੋਟ :- ਇਹ ਪ੍ਰਸੰਗ ਸੰਤ ਬਹਾਲ ਦਾਸ ਜੀ ਨੇ ਲੇਖਕ ਦੇ ਮਾਤਾ ਪਿਤਾ ਜੀ ਨੂੰ ਆਪਣੇ ਮੁੱਖ ਤੋਂ ਦੱਸੇ ਸਨ।

# ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥

**ਰਾਮਕਲੀ ਵਾਰ ਮ: ੩, ਅੰਗ ੯੫੨**

ਜਿਹੜੇ ਮਨੁੱਖ ਮਹਾਂਪੁਰਖਾਂ ਦੀ ਅਸਲੀਅਤ ਨੂੰ ਪਛਾਣ ਲੈਣ ਉਹ ਤਾਂ ਲੋਕ ਪ੍ਰਲੋਕ ਦਾ ਸੁਖ ਪਾ ਲੈਂਦੇ ਹਨ। ਕਈਆਂ ਦੀ ਬੁਧੀ ਇਨੀ ਮਲੀਨ ਹੁੰਦੀ ਹੈ ਕਿ ਉਹ ਕੋਲ ਰਹਿ ਕੇ ਪ੍ਰਤੱਖ ਦੇਖ ਕੇ ਵੀ ਬੇਖਬਰ ਰਹਿੰਦੇ ਹਨ। ਇਹ ਸਭ ਲੀਲਾ ਪ੍ਰਮੇਸ਼ਰ ਦੀ ਆਪਣੀ ਹੀ ਹੈ।

**ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥**

**ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥**

**ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ ॥**

**ਮਾਝ ਮ: ੫, ਅੰਗ ੯੭**

ਇਥੇ ਰਹਿੰਦਿਆਂ ਬਾਬਾ ਜੀ ਕਦੇ ਲੋਕਾਂ ਦੀ ਤਰ੍ਹਾਂ ਮਨ ਪਰਚਾਵਾ ਕਰਨ ਲੱਗ ਜਾਂਦੇ। ਸੇਮਾ ਪਿੰਡ ਦੇ ਕਈ ਪ੍ਰੇਮੀਆਂ ਨਾਲ ਘੋਲ ਕਰਨ ਲੱਗ ਜਾਂਦਾ। ਉਨ੍ਹਾਂ ਦੀ ਪਿੱਠ ਲਾ ਦੇਣੀ ਅਤੇ ਫਿਰ ਬੜੇ ਪ੍ਰਸੰਨ ਹੋਣਾ। ਇਸ ਤਰ੍ਹਾਂ ਦੇ ਵੇਰਵੇ ਬ੍ਰਿਧ ਝੰਡਾ ਸਿੰਘ ਤੋਂ ਮਿਲੇ ਹਨ।

ਇਕ ਦਿਨ ਬਿਸ਼ਨ ਸਿੰਘ ਪ੍ਰੇਮੀ ਬਾਬਾ ਜੀ ਕੋਲ ਆ ਗਿਆ। ਬਾਬਾ ਜੀ ਨੇ ਸਿਹਤ ਚੰਗੀ ਦੇਖ ਕੇ ਹੱਸ ਕੇ ਕਿਹਾ "ਆ ਬਿਸ਼ਨ ਸਿੰਘ ਘੋਲ ਕਰੀਏ" ਉਸ ਨੂੰ ਕੀ ਪਤਾ ਸੀ ਕਿ ਇਹ ਘੁੱਲਣ ਵਾਲੇ ਅੰਦਰੋਂ ਕੀ ਹਨ। ਉਹ ਘੁੱਲਣ ਲੱਗ ਪਿਆ, ਬਾਬਾ ਜੀ ਨੇ ਉਸ ਦੀ ਪਿੱਠ ਲਾ ਦਿੱਤੀ। ਬਿਸ਼ਨ ਸਿੰਘ ਨੂੰ "ਖੈਬਰ" ਕਹਿੰਦੇ ਸਨ।

ਅਗਲੇ ਦਿਨ ਉਹ ਆਪਣੇ ਸਾਥੀ ਕਾਕੜ ਸਿੰਘ ਨੂੰ ਲੈ ਆਇਆ। ਬਾਬਾ ਜੀ ਨੂੰ ਕਹਿਣ ਲੱਗਾ।

"ਅੱਜ ਸੰਤ ਜੀ ਇਸ ਨਾਲ ਘੋਲ ਕਰੋ।"

ਬਾਬਾ ਜੀ ਨੇ ਹੱਸ ਕੇ ਕਿਹਾ "ਆਜਾ ਬਈ।"

ਬਾਬਾ ਜੀ ਨੇ ਉਸ ਨੂੰ ਵੀ ਢਾਹ ਲਿਆ। ਉਹ ਸ਼ਰਮਿੰਦੇ ਹੁੰਦੇ ਘਰ ਮੁੜ ਗਏ। ਦੂਜੇ ਦਿਨ ਦੋਨਾਂ ਨੇ ਆਪਸ ਵਿੱਚ ਇਰਾਦਾ ਕੀਤਾ। ਆਪਾ ਕਿਸੇ ਸਕੀਮ ਅਧੀਨ ਕਰੀਏ ਕਿਉਂਕਿ ਬਾਬਾ ਜੀ ਇਸ ਤਰ੍ਹਾਂ ਇਕੱਲੇ ਇਕੱਲੇ ਤੋਂ ਤਕੜੇ ਹਨ। ਸਕੀਮ ਬਣਾਈ ਆਪਾਂ ਦੋਨੋਂ ਹੀ ਇਕੱਠੇ ਘੋਲ ਕਰਾਂਗੇ ਤੇ ਚੁੱਕ ਕੇ ਸੇਮਾ ਪਿੰਡ ਵਿੱਚ ਲੈ ਆਵਾਂਗੇ।

ਕੁਝ ਦਿਨਾਂ ਬਾਅਦ ਬਾਬਾ ਜੀ ਕੋਲ ਚਲੇ ਗਏ। ਬਾਬਾ ਜੀ ਨੂੰ ਘੁੱਲਣ ਲਈ ਕਹਿਣ ਲੱਗੇ।

ਬਿਸ਼ਨ ਸਿੰਘ ਨੇ ਕਿਹਾ "ਅੱਜ ਅਸੀਂ ਦੋਨੋਂ ਇੱਕ ਪਾਸੇ ਅਤੇ ਤੁਸੀਂ ਇਕੱਲੇ। ਜੇ ਅਸੀਂ ਢਾਹ ਲਿਆ ਤਾਂ ਸੇਮੇ ਲੈ ਜਾਵਾਂਗੇ।"

ਬਾਬਾ ਜੀ ਨੇ ਬਚਨ ਕੀਤਾ "ਮੈਂ ਘੋਲ ਕਰਾਂਗਾ ਪਰ ਤੁਸੀਂ ਮੈਨੂੰ ਸੇਮੇ ਨਾ ਲੈ ਜਾਣਾ ਕਿਉਂਕਿ ਮੇਰਾ ਪ੍ਰਣ ਕੀਤਾ ਹੈ ਕਿ ਸੇਮੇ ਪਿੰਡ ਨਹੀਂ ਜਾਣਾ।"

ਇਸ ਤੋਂ ਬਾਅਦ ਬਾਬਾ ਜੀ ਨਾਲ ਘੋਲ ਕਰਨ ਲੱਗ ਪਏ। ਉਹ ਦੋ ਤੇ ਬਾਬਾ ਜੀ ਇਕੱਲੇ। ਜਦੋਂ ਬਾਬਾ ਜੀ ਥੱਕ ਗਏ ਕਹਿਣ ਲੱਗੇ "ਬਸ ਬਈ ਹੁਣ ਨਹੀਂ ਘੁਲਣਾ।"

ਪਰ ਉਹ ਅਨਜਾਣ ਕੀ ਜਾਨਣ ਕਿ ਇਹ ਸਾਡੇ ਨਾਲ ਕਿਸ ਤਰ੍ਹਾਂ ਦੇ ਲਾਡ ਕਰ ਰਹੇ ਹਨ। ਬਿਸ਼ਨ ਸਿੰਘ ਨੇ ਬਾਬਾ ਜੀ ਨੂੰ ਆਪਣੀ ਪਿੱਠ ਤੇ ਚੁੱਕ ਲਿਆ ਤੇ ਕਹਿਣ ਲੱਗੇ "ਸੇਮੇ ਲੈ ਕੇ ਜਾਣਾ ਹੈ ਆਪ ਨੂੰ।"

ਆਪ ਨੇ ਫਿਰ ਵਰਜਿਆ "ਮੈਂ ਨਹੀਂ ਜਾਣਾ ਮੇਰਾ ਪ੍ਰਣ ਹੈ।" ਜਦੋਂ ਉਸ ਨੇ ਜਿੱਦ ਕੀਤੀ, ਨਾ ਛੱਡਿਆ ਤਾਂ ਆਪਦੇ ਮੁਖੜੇ ਤੋਂ ਸੁਭਾਵਿਕ ਹੀ ਇਹ ਸ਼ਬਦ ਨਿਕਲ ਗਏ।

"ਤੇਰੀਆਂ ਜੜ੍ਹਾਂ ਪੱਟੀਆਂ ਜਾਣ ਛੱਡਦੇ।"

ਉਸ ਨੇ ਛੱਡ ਦਿੱਤਾ ਅਤੇ ਬੇਖਬਰ ਹੋਇਆ ਹੀ ਘਰ ਚਲਿਆ ਗਿਆ। ਮਨ ਵਿੱਚ ਵਿਚਾਰ ਨਾ ਆਈ ਕਿ ਇਹ ਕੀ ਬਚਨ ਹੋ ਗਿਆ। ਫੇਰ ਕੀ, ਉਹੀ ਹੋਇਆ ਜੋ ਮਹਾਂਪੁਰਖਾਂ ਦਾ ਬਚਨ ਸੀ। ਬਿਸ਼ਨ ਸਿੰਘ ਦੇ ਦੋ ਲੜਕੇ ਸਨ। ਦੋਨੋਂ ਹੀ ਲੜਕੇ ਕੁਝ ਸਮਾਂ ਪਾ ਕੇ ਸਵਰਗਵਾਸ ਹੋ ਗਏ। ਹੁਣ ਬਿਸ਼ਨ

ਸਿੰਘ ਦੀ ਕੋਈ ਜੜ੍ਹ ਨਹੀਂ ਹੈ। ਜੜ੍ਹ ਦੇ ਨਾਲ ਹੀ ਬੂਟਾ ਹੁੰਦਾ ਹੈ।

ਸੋ ਮਹਾਂਪੁਰਖਾਂ ਦਾ ਸੁਭਾਵਿਕ ਹੀ ਨਿਕਲਿਆ ਬਚਨ ਵੀ ਬੇਅਰਥਾ ਨਹੀਂ ਜਾਂਦਾ। ਇਹਨਾਂ ਤੋਂ ਡਰ ਕੇ ਰਹਿਣਾ ਚਾਹੀਦਾ ਹੈ। ਦੋ ਧਾਰੀ ਤਲਵਾਰ ਜੋ ਹੋਈ, ਪਤਾ ਨਹੀਂ ਕਿਹੜੇ ਪਾਸੇ ਚਲ ਜਾਵੇ।

## ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥

**ਗੁਰਸਿਖਾਂ ਗੁਰਸਿਖ ਸੇਵ ਕਮਾਵਣੀ॥**
**ਚਾਰਿ ਪਦਾਰਥਿ ਭਿਖ ਫਕੀਰਾਂ ਪਾਵਣੀ॥**
**ਲੇਖ ਅਲੇਖ ਅਲਿਖ ਬਾਣੀ ਗਾਵਣੀ॥**
**ਭਾਇ ਭਗਤਿ ਰਸ ਇਖ ਅਮਿਉ ਚੁਆਵਣੀ॥**
**ਤੁਲਿ ਨ ਭੂਤ ਭਵਿਖ ਨ ਕੀਮਤਿ ਪਾਵਣੀ॥**
**ਗੁਰਮੁਖਿ ਮਾਰਗ ਵਿਖ ਲਵੈ ਨਾ ਲਾਵਣੀ॥**

**ਭਾਈ ਗੁਰਦਾਸ ਜੀ ਵਾਰ ੧੪ ਪਉੜੀ ੧੭॥**

**ਇੰਦ੍ਰ ਪੁਰੀ ਲਖ ਰਾਜ, ਨੀਰ ਭਰਾਵਣੀ।**
**ਲਖ ਸੁਰਗ ਸਿਰਤਾਜ ਗਲਾ ਪੀਹਾਵਣੀ।**
**ਰਿਧਿ ਸਿਧਿ ਨਿਧਿ ਲਖ ਸਾਜ, ਚੁਲਿ ਝੁਕਾਵਣੀ॥**
**ਸਾਧ ਗਰੀਬ ਨਿਵਾਜ, ਗਰੀਬੀ ਆਵਣੀ॥**
**ਅਨਹਦ ਸਬਦਿ ਅਗਾਜ, ਬਾਣੀ ਗਾਵਣੀ॥**

**ਭਾਈ ਗੁਰਦਾਸ ਜੀ ਵਾਰ੧੪ ਪਉੜੀ ੧੮**

ਬੱਚੇ ਨੂੰ ਸਕੂਲ ਵਿੱਚ ਦਾਖਲਾ ਮਿਲ ਜਾਂਦਾ ਹੈ। ਫਿਰ ਉਹ ਆਪਣੇ ਉਸਤਾਦ ਤੋਂ ਕੁਝ ਸਿਖਿਆ ਲੈਂਦਾ ਹੈ। ਜੇ ਉਸਤਾਦ ਦੀ ਦੱਸੀ ਹੋਈ ਗੱਲ ਤੇ ਅਮਲ ਕਰਦਾ ਰਹੇ ਤਾਂ ਪੜ੍ਹਾਈ ਵਿੱਚ ਸਫਲ ਹੋ ਜਾਂਦਾ ਹੈ ਨਹੀਂ ਤਾਂ ਵਿਚੋਂ ਹੀ ਛੱਡ ਜਾਂਦਾ ਹੈ।

ਇਸੇ ਹੀ ਤਰ੍ਹਾਂ ਬਹਾਲ ਦਾਸ ਜੀ ਦੀ ਪੜ੍ਹਾਈ ਸ਼ੁਰੂ ਹੋਣ ਲੱਗੀ। ਬਾਬਾ ਜੀ ਨੇ ਸੇਵਾ ਵਿੱਚ ਹਾਜਰ ਕਰ ਲੈਣ ਉਪਰੰਤ ਕੁਝ ਜਿੰਮੇਵਾਰੀ ਦੀ ਪੋਟਲੀ ਬੰਨ ਕੇ ਸਿਰ ਤੇ ਰੱਖ ਦਿੱਤੀ ਹੈ। ਮਹਾਂਪੁਰਖਾਂ ਦੇ ਪ੍ਰਸ਼ਨ ਪੇਪਰ ਹੋਰ ਹੀ ਕਿਸਮ

ਦੇ ਹੁੰਦੇ ਹਨ। ਹੁਕਮ ਹੋਇਆ ਗੋਬਿੰਦਪੁਰਾ ਬੀਬੀ ਵਾਲਾ, ਕੱਚੀ ਭੁੱਚੋ ਅਤੇ ਮਹਿਣਾ ਪਿੰਡ ਵਿੱਚ ਆਟਾ ਮੰਗਣਾ ਹੈ। ਸੇਮਾ ਪਿੰਡ ਵਿਚੋਂ ਦੁੱਧ ਲੈ ਕੇ ਆਉਣਾ ਹੈ।

ਇਹ ਮੰਗੇ ਹੋਏ ਆਟੇ ਨੂੰ ਕਿਸੇ ਦੁਕਾਨਦਾਰ ਨੂੰ ਵੇਚ ਦੇਣਾ। ਇਸ ਦੀ ਜਿੰਨੀ ਮਾਇਆ ਬਣੇ ਉਸ ਨਾਲ ਇੱਕ ਸਾਲ ਦੀ ਪੁਰਾਣੀ ਕਣਕ ਅਤੇ ਖੰਡ, ਘਿਓ, ਦਾਲ ਆਦਿਕ ਖਰੀਦ ਕੇ ਰਖਣੀ। ਪੁਰਾਣੀ ਕਣਕ ਨੂੰ ਸਾਫ ਕਰਕੇ ਧੋਣਾ ਹੈ, ਸੁਕਾ ਕਰ ਇਹ ਆਪਣੇ ਹੱਥ ਨਾਲ ਪੀਹਣਾ ਹੈ।

ਬਹਾਲ ਦਾਸ ਤੁਹਾਡਾ ਜਨਮ ਉਦਾਸੀ ਮਹਾਂਪੁਰਖਾਂ ਦੇ ਹੁਕਮ ਨਾਲ ਹੋਇਆ ਹੈ। ਸੋ ਇਸ ਦੀ ਮਰਿਆਦਾ ਅਨੁਸਾਰ ਮੰਤ੍ਰ ਪਹਿਲੀ ਪਉੜੀ ਅਤੇ ਬਾਬਾ ਸ੍ਰੀ ਚੰਦ ਦਾ ਮੰਤ੍ਰ ਰੋਜ਼ ਪੜਣਾ ਹੈ। ਇਹ ਮੂਲ ਮੰਤ੍ਰ ਹਰ ਤਰ੍ਹਾਂ ਦੀ ਅਵਸਥਾ ਵਿੱਚ (ਜਿਵੇਂ ਬੈਠਿਆਂ, ਤੁਰਦਿਆਂ, ਲੰਮੇ ਪਿਆ) ਕਰਦੇ ਰਹਿਣਾ ਕਦੇ ਵੀ ਪ੍ਰਮੇਸਰ ਨੂੰ ਮਨ ਵਿਚੋਂ ਨਹੀਂ ਬਿਸਾਰਨਾ। ਤੇਰਾ ਸਬੰਧ ਉਦਾਸੀ ਸਾਧੂਆਂ ਨਾਲ ਹੈ। ਅਸੀਂ ਨਿਰਮਲੇ ਸਾਧੂ ਹਾਂ ਇਹ ਭੇਦ ਭਾਵ ਮਨ ਵਿੱਚ ਨਹੀਂ ਲਿਆਉਣੇ। ਇਸ ਨਾਲ ਮਨ ਦੀ ਇਕਾਗਰਤਾ ਖ਼ਤਮ ਹੋ ਜਾਂਦੀ ਹੈ।

ਸੇਵਾ ਦਾ ਸਦਕਾ ਅਸੀਂ ਤੇਰੀ ਮਨ ਦੀ ਬ੍ਰਿਤੀ ਉੱਚੀ ਕਰਨੀ ਹੈ। ਆਦਮੀ ਕਿਸੇ ਵੀ ਰਸਤੇ ਪਹੁੰਚੇ, ਪਰ ਮੰਜ਼ਿਲ ਇੱਕ ਹੋਣੀ ਚਾਹੀਦੀ ਹੈ। ਜੇ ਰਸਤੇ ਹੀ ਵੱਖਰੇ ਹੋਏ ਤੇ ਮੰਜ਼ਿਲ ਵੀ ਹੋਰ ਤਾਂ ਕੀ ਮਿਲਣਾ ਹੋਇਆ। ਉਦਾਸੀ ਸਾਧੂਆਂ ਰਾਹੀਂ ਜਾਂ ਨਿਰਮਲੇ ਸਾਧੂਆ ਰਾਹੀਂ। ਭਾਵੇਂ ਕਿਸੇ ਸ਼੍ਰੋਮਣੀ ਗੁਰੂ ਰਾਹੀਂ ਹੋਵੇ, ਸੰਪਰਕ ਤਾਂ ਕਰਨਾ ਪ੍ਰਮੇਸ਼ਰ ਨਾਲ ਹੈ। ਸੋ ਜਿਸ ਸਾਧੂ ਦੀ ਕਿਰਪਾ ਨਾਲ ਤੇਰਾ ਜਨਮ ਹੋਇਆ ਹੈ ਅਤੇ ਨਾਮ ਵੀ ਉਨ੍ਹਾਂ ਹੀ ਰੱਖਿਆ ਹੈ। ਅਸੀਂ ਉਸ ਸਾਧੂ ਦੇ ਲਾਏ ਹੋਏ ਬੂਟੇ ਨੂੰ ਪਾਣੀ ਨਾਲ ਸਿੰਜ ਕੇ ਹਰਿਆ ਭਰਿਆ ਕਰਨਾ ਹੈ। ਪੁਟਣਾ ਨਹੀਂ, ਲੇਕਿਨ ਉਸਦੀ ਰਾਖੀ ਕਰਨੀ ਹੈ। ਸਾਧੂ ਕੀ ਹੋਇਆ ਜਿਸ ਦੇ ਮਨ ਵਿੱਚ ਭੇਦਭਾਵ ਹੋਇਆ। ਦੁਨਿਆਵੀ ਲੋਕ ਈਰਖਾ ਦੀ ਅੱਗ ਵਿੱਚ ਸੜਦੇ ਰਹਿੰਦੇ ਹਨ ਪਰ ਸਾਧੂ ਦੀ ਬਿਰਤੀ ਹੋਰ ਹੁੰਦੀ ਹੈ।

ਇਸ ਦੇ ਆਧਾਰ ਤੇ ਹੀ ਬਾਬਾ ਜੀ ਅਨੰਦ ਸਿੰਘ ਜੀ ਬਾਗੀਂ ਨਗਰ ਜ਼ਿਲ੍ਹਾ ਝੰਗ ਜੋ ਅੱਜ ਕੱਲ੍ਹ ਪਾਕਿਸਤਾਨ ਵਿੱਚ ਹੈ, ਕੁਝ ਸੰਗਤ ਨਾਲ ਗਏ। ਇਨ੍ਹਾਂ ਦੀ ਸੰਗਤ ਦੇ ਹਾਜਰ ਪ੍ਰੇਮੀ ਜੋ ਉਸ ਨਾਲ ਸਨ ਹੇਠਾ ਨੋਟ ਵਿੱਚ ਦਰਜ

ਹਨ। ਕਾਗੀਂ ਨਗਰ ਵਿੱਚ ਦੀਵਾਨ ਸੱਜਿਆ ਹੋਇਆ ਹੈ। ਬਾਬਾ ਅਨੰਦ ਸਿੰਘ ਜੀ ਸੰਗਤਾਂ ਨਾਲ ਬਚਨ ਕਰ ਰਹੇ ਸਨ। ਸੰਗਤ ਵਿਚੋਂ ਇੱਕ ਪ੍ਰੇਮੀ ਸੱਯੀਅਦ ਮੁਸਲਮਾਨ ਜਾਤੀ ਨਾਲ ਸੰਬੰਧ ਰੱਖਣ ਵਾਲਾ ਸੀ। ਉਹ ਦੀਵਾਨ ਵਿਚੋਂ ਉਠ ਕੇ ਖੜ੍ਹਾ ਹੋ ਗਿਆ। ਬਾਬਾ ਜੀ ਨੇ ਉਸ ਵੱਲ ਤੱਕਿਆ ਅਤੇ ਬਚਨ ਕੀਤਾ "ਕੀ ਗੱਲ ਹੈ ਭਾਈ?"

ਉਸ ਨੇ ਬਾਬਾ ਜੀ ਨੇੜੇ ਆ ਕੇ, ਗੱਲ ਵਿਚ ਪਾਇਆ ਦੁਪੱਟਾ ਲਾਹ ਕੇ ਜ਼ਮੀਨ ਉਪਰ ਬਿਛਾ ਦਿੱਤਾ ਤੇ ਕਹਿਣ ਲੱਗਾ–

"ਅੱਜ ਤਾਂ ਝੋਲੀ ਭਰ ਕੇ ਜਾਵਾਂਗਾ, ਖਾਲੀ ਨਹੀਂ ਮੁੜਨਾ।"

ਇਸ ਤਰ੍ਹਾਂ ਦੀ ਹਰਕਤ ਦੇਖ ਕੇ ਸੰਗਤ ਹੈਰਾਨ ਹੋ ਗਈ। ਕਿਉਂਕਿ ਬਾਬਾ ਜੀ ਦੇ ਬਚਨ ਕਰਦਿਆਂ ਸਮੇਂ ਕੋਈ ਵਿਚਕਾਰ ਨਹੀਂ ਬੋਲਦਾ ਸੀ। ਚੁੱਪ ਰਹਿ ਕੇ ਸਾਰੇ ਬਚਨ ਸੁੱਣਦੇ ਸਨ। ਪਰ ਉਸਨੇ ਕਿੰਨੀ ਦਲੇਰੀ ਨਾਲ ਸਵਾਲ ਕੀਤਾ ਅਤੇ ਚਾਦਰ ਵੀ ਵਿੱਛਾ ਦਿੱਤੀ ਸਭ ਹੈਰਾਨੀ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਸਨ ਅਤੇ ਖਿਆਲ ਦੁੜਾ ਰਹੇ ਸਨ ਕਿ ਬਾਬਾ ਜੀ ਇਸ ਨੂੰ ਕਿੰਨਾ ਬੁਰਾ ਮੰਨਾਉਣਗੇ। ਰੱਬ ਦੀ ਕਰਨੀ ਵਿਚ ਰਹਿਣ ਵਾਲੇ ਮਹਾਂਪੁਰਖ ਬੇਪਰਵਾਹ ਹੁੰਦੇ ਹਨ। ਕਿਸੇ ਦੁਨਿਆਵੀ ਸਵਾਲ ਦਾ ਜਵਾਬ ਨਾ ਦੇਣ ਤਾਂ ਕੋਈ ਗੱਲ ਨਹੀਂ ਪਰ ਪਰਮਾਰਥ ਬਾਰੇ ਜੇ ਕੋਈ ਪ੍ਰਸ਼ਨ ਕਰੇ ਤਾਂ ਜ਼ਰੂਰ ਜਵਾਬ ਦਿੰਦੇ ਹਨ। ਕਿਉਂਕਿ ਉਹ ਸੰਸਾਰ ਵਿਚ–

"ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥"

ਦੇ ਵਾਕ ਅਨੁਸਾਰ ਰਹਿਤ ਰੱਖਦੇ ਹਨ।

ਬਾਬਾ ਜੀ ਨੇ ਬਚਨ ਕਰ ਦਿੱਤਾ "ਭਾਈ ਝੋਲੀ ਤਾਂ ਵਿੱਛਾ ਦਿੱਤੀ ਹੈ ਪਰ ਇਸ ਵਿੱਚ ਪੈਣ ਵਾਲੀ ਚੀਜ਼ ਦੀ ਕੀਮਤ ਦਾ ਪਤਾ ਹੈ?"

ਸਯੀਅਦ ਨੇ ਕਿਹਾ "ਹਾਂ ਜੀ, ਤੁਸੀਂ ਹੁਣੇ ਹੀ ਬਚਨ ਕੀਤਾ ਸੀ, "ਸਿਰ ਦੇ ਵੱਟੇ (ਬਦਲੇ) ਮਿਲਦਾ ਹੈ।

ਬਾਬਾ ਜੀ ਨੇ ਕਿਹਾ, "ਜਿਹੜੀ ਚੀਜ਼ ਇਕ ਵਾਰੀ ਵੇਚ ਦੇਈਏ ਕੀ ਉਹ ਦੁਬਾਰਾ ਵੀ ਵੇਚੀ ਜਾ ਸਕਦੀ ਹੈ।"

ਉਸ ਨੇ ਕਿਹਾ "ਨਹੀਂ ਵੇਚੀ ਜਾਂਦੀ। ਜੇ ਵੇਚੇਗਾ ਤਾਂ ਸਜਾ ਦਾ ਹੱਕਦਾਰ

ਹੋਵੇਗਾ। ਬਾਬਾ ਜੀ ਨੇ ਬਚਨ ਕੀਤਾ, "ਤੂੰ ਆਪਣੇ ਅੰਦਰ ਝਾਤੀ ਪਾ।"

ਉਹ ਸਾਰੀ ਗੱਲ ਸਮਝ ਗਿਆ ਤੇ ਬੋਲ ਪਿਆ "ਹਾਂ ਜੀ ਮੇਰਾ ਇਕ ਮੁਰਸ਼ਿਦ ਹੈ। ਪਰ ਉਹ ਕੱਚਾ ਹੈ।"

ਬਾਬਾ ਜੀ ਨੇ ਫੁਰਮਾਇਆ " ਉਹ ਕੱਚਾ ਨਹੀਂ, ਤੂੰ ਕੱਚਾ ਹੈ। ਤੂੰ ਉਨ੍ਹਾਂ ਦੇ ਦੱਸੇ ਹੋਏ ਮਾਰਗ ਤੋਂ ਲਾਂਭੇ ਹੋ ਗਿਆ ਹੈ। ਉਨ੍ਹਾਂ ਦੇ ਬਚਨਾਂ ਤੇ ਫੁਲ ਚੜ੍ਹਾ, ਕਮਾਈ ਕਰ। ਐਵੇਂ ਕਿਵੇਂ ਮਿਲ ਜਾਏ। ਸਭ ਕੁਝ ਮਿਲ ਜਾਏਗਾ, ਰੱਬ ਉਥੇ ਵੀ ਵੱਸਦਾ ਹੈ।

**ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ॥**

ਉਸ ਨੇ ਕੱਪੜਾ ਚੁੱਕ ਲਿਆ ਅਤੇ ਹੱਥ ਜੋੜ ਕੇ ਬੇਨਤੀ ਕੀਤੀ "ਮਹਾਰਾਜ ਮੈਂ ਭੁੱਲਣਹਾਰ ਹਾਂ। ਮੈਨੂੰ ਤੁਸੀਂ ਮੁਰਸ਼ਿਦ ਨਾਲ ਜੋੜ ਦਿੱਤਾ ਹੈ।"

ਨੋਟ : ਬਾਬਾ ਅਨੰਦ ਸਿੰਘ ਜੀ ਨਾਲ ਜਾਣ ਵਾਲੀ ਸੰਗਤ ਜੋ ਹਾਜ਼ਰ ਹੈ।

ਹਜ਼ੂਰੀ ਸੇਵਕ ਬਾਬਾ ਹਜੂਰਾ ਸਿੰਘ, ਬਾਬਾ ਈਸ਼ਰ ਸਿੰਘ ਜੀ, ਸੰਤ ਬਾਬਾ ਖੇਮ ਸਿੰਘ ਜੀ ਡੇਰਾ ਰੂੰਮੀ ਵਾਲਾ ਭੁੱਚੋ ਕਲਾਂ, ਭਾਈ ਸੰਤਾ ਸਿੰਘ ਜੀ, ਭਾਈ ਸੇਵਾ ਸਿੰਘ ਜੀ ਭਾਈ ਨਿਹਾਲ ਸਿੰਘ ਜੀ ਗਿਆਨੀ ਕਰਤਾਰ ਸਿੰਘ ਜੀ ਭਾਈ ਹਰੀ ਸਿੰਘ ਭਾਈ ਰਤਨ ਸਿੰਘ ਡਰੌਲੀ ।

ਸੋ ਮਹਾਂਪੁਰਖ ਜੋੜਦੇ ਹਨ। ਕਿਸੇ ਹੋਰ ਦੀ ਦਿੱਤੀ ਹੋਈ ਦਾਤ ਤੋਂ ਟਿੱਪਣੀ ਨਹੀਂ ਕਰਦੇ। ਬਲਕਿ ਉਸਦੀ ਮਲੀਨ ਹੋਈ ਬੁਧੀ ਨੂੰ ਫਿਰ ਰਸਤਾ ਦੱਸ ਦਿੰਦੇ ਹਨ। ਪਰ ਤੋਰਦੇ ਉਹੀ ਰਸਤੇ ਵੱਲ ਹਨ, ਜਿਸ ਮੰਜਲ ਵਲ ਉਸਨੇ ਇਰਾਦਾ ਕੀਤਾ ਹੁੰਦਾ ਹੈਂ।

ਸੋ ਬਾਬਾ ਜੀ ਨੇ ਸੰਤ ਬਹਾਲ ਦਾਸ ਨੂੰ ਉਨ੍ਹਾਂ ਦੀ ਉਦਾਸੀ ਸਾਧੂਆਂ ਵਾਲੀ ਪਰੰਪਰਾ ਵਿੱਚ ਹੀ ਰੱਖਿਆ। ਇਸੇ ਤਰ੍ਹਾਂ ਹੋਰ ਵੀ ਸਾਧੂ, ਸੰਤ ਚਿੰਤ ਰਾਮ ਜੀ, ਸੰਤ ਸਿਰੀ ਰਾਮ ਜੀ, ਜੋ ਬਾਅਦ ਵਿੱਚ ਆਪਣੇ ਆਪ ਨੂੰ ਵੀ ਆਪਣੇ ਇਸ਼ਟ ਜਾਂ ਧਰਮ ਤੋਂ ਪਾਸੇ ਹੋਣ ਲਈ ਨਹੀਂ ਪ੍ਰੇਰਿਆ।

ਆਸੇ ਪਾਸੇ ਦੇ ਪਿੰਡਾਂ ਵਿਚੋਂ ਆਟਾ ਮੰਗ ਕੇ ਉਸਦੀ ਵਰਤੋਂ ਦੀ ਵਿਧੀ ਸਮਝਾ ਕੇ ਆਪ ਨੇ ਬਹਾਲ ਦਾਸ ਨੂੰ ਕੋਲ ਰਹਿ ਕੇ ਸੇਵਾ ਦੀ ਪਰੰਪਰਾ ਸਮਝਾਈ। ਆਪ ਨੇ ਦੱਸਿਆ ਕਿ ਜਿਸ ਸਮੇਂ ਦੁੱਧ ਜਾਂ ਪ੍ਰਸ਼ਾਦਾ ਲੈ ਕੇ ਮੇਰੇ ਕੋਲ ਆਉਣਾ

ਹੈ, ਕੋਈ ਆਵਾਜ਼ ਨਹੀਂ ਦੇਣੀ। ਚੁੱਪਚਾਪ ਆ ਕੇ ਪਿੱਛਲੇ ਪਾਸੇ ਬੈਠ ਜਾਣਾ ਹੈ। ਅੱਗੇ ਆਪ ਨਹੀਂ ਆਉਣਾ ਅਤੇ ਨਾ ਕੋਈ ਚੀਜ਼ ਅੱਗੇ ਕਰਨੀ ਹੈ। ਜੋ ਕੁਝ ਖਾਣ ਲਈ ਦੇ ਦੇਈਏ ਉਹ ਹੀ ਖਾਣਾ ਹੈ। ਜੇ ਆਗਿਆ ਮਿਲੇ ਤਾਂ ਹੀ ਘਰ ਜਾਣਾ ਹੈ। ਘਰ ਜਾਂਦੇ ਸਮੇਂ ਰਸਤੇ ਵਿੱਚ ਕੋਈ ਮਿਲੇ ਉਸ ਨਾਲ ਆਪਣੇ ਬਾਰੇ ਕੋਈ ਗੱਲ ਨਹੀਂ ਕਰਨੀ ਅਤੇ ਨਾ ਸੁਣਨੀ ਹੈ। ਨਿਤਨੇਮ ਦ੍ਰਿੜ ਇਰਾਦੇ ਨਾਲ ਚਾਲੂ ਰੱਖਣਾ ਹੈ ਤੇ ਮਗਨ ਹੋ ਕੇ ਰਹਿਤ ਰੱਖਣੀ ਹੈ। ਜੇ ਮਨ ਵਿੱਚ ਕਿਸੇ ਕਿਸਮ ਦਾ ਭਰਮ ਉਤਪੰਨ ਹੋਵੇ ਤਾਂ ਜਿਸ ਸਮੇਂ ਤੇਰੇ ਨਾਲ ਗੱਲਾਂ ਕਰਦੇ ਹੋਈਏ ਉਸ ਵੇਲੇ ਦੂਰ ਕਰ ਲੈਣਾ। ਇਸ ਤਰ੍ਹਾਂ ਦੇ ਨਿਯਮਾਂ ਵਿੱਚ ਰਹਿਣਾ। ਇਸ ਹੁਕਮ ਦੀ ਉਲੰਘਣਾ ਨਹੀਂ ਕਰਨੀ। ਇਹ ਹੈ ਮਹਾਂਪੁਰਖਾਂ ਦੀ ਚਾਕਰੀ –

**"ਗੁਰ ਪੀਰਾਂ ਕੀ ਚਾਕਰੀ, ਮਹਾਂ ਕਰੜੀ ਸੁਖ ਸਾਰ॥"**

ਇਹ ਚਾਕਰੀ ਜਿਨ੍ਹੀ ਕਰੜੀ ਹੈ ਉਨ੍ਹਾਂ ਫਲ ਵੀ ਘਣਾ ਮਿਲਦਾ ਹੈ। ਬਹੁਤ ਮਿਹਨਤ ਦਾ ਫਲ ਮਿੱਠਾ ਹੀ ਹੋਵੇਗਾ। ਭਾਈ ਗੁਰਦਾਸ ਜੀ ਇਹੋ ਜਿਹੇ ਸੇਵਕ ਦੀ ਪ੍ਰੋੜਤਾ ਕਰਦੇ ਹਨ।

**ਮੁਰਦਾ ਹੋਇ ਮੁਰੀਦ, ਨ ਗਲੀ ਹੋਵਣਾ॥**
**ਸਾਬਰੁ ਸਿਦਕਿ ਸਹੀਦੁ, ਭਰਮ ਭਉ ਖੋਵਣਾ॥**
**ਗੋਲਾ ਮੁਲ ਖਰੀਦੁ, ਕਾਰੇ ਜੋਵਣਾ॥**
**ਨਾ ਤਿਸੁ ਭੁਖ ਨ ਨੀਂਦ ਨ ਖਾਣਾ ਸੋਵਣਾ॥**
**ਪੀਹਣਿ ਹੋਇ ਜਦੀਦ ਪਾਣੀ ਢੋਵਣਾ॥**
**ਪਖੇ ਦੀ ਤਾਗੀਦ, ਪਗ ਮਲਿ ਧੋਵਣਾ॥**
**ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ॥**
**ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ॥**
**ਚੰਦ ਮੁਮਾਰਖਿ ਈਦ, ਪੁਗਿ ਖਲੋਵਣਾ॥**

**ਵਾਰ ੩ ਪੌੜੀ ੧੮**

ਭਾਈ ਗੁਰਦਾਸ ਜੀ ਦੇ ਵਿਚਾਰਾਂ ਅਨੁਸਾਰ ਹੀ ਜੇ ਸੇਵਾ ਕਰੋ ਫਿਰ ਹੀ ਆਪਣੇ ਮੁਰਸ਼ਿਦ ਤੋਂ ਕੁਝ ਪ੍ਰਾਪਤ ਕਰ ਸਕਦਾ ਹੈ। ਸੰਤ ਬਹਾਲ ਦਾਸ ਨੇ ਇਸ ਤਰ੍ਹਾਂ ਸੇਵਾ ਕੀਤੀ। ਹਰ ਸਮੇਂ ਹਾਜ਼ਰ ਰਹਿੰਦਾ। ਜਿਸ ਵੇਲੇ ਪ੍ਰਸ਼ਾਦੇ ਦਾ

ਹੁਕਮ ਹੋਣਾ, ਉਸੇ ਹੀ ਤਰ੍ਹਾਂ ਖੰਡ ਪਾਣੀ ਵਿੱਚ ਘੋਲ ਕੇ ਉਸ ਨਾਲ ਆਟਾ ਗੁੰਨ ਕੇ ਰੋਟੀ ਬਣਾਉਣ ਲਈ ਤਿਆਰ ਕਰਨਾ। ਸਿਰਫ ਇਕੋ ਪਰੌਂਠਾ ਤਿਆਰ ਕਰਨਾ। ਦੁੱਧ ਪਿੰਡਾਂ ਵਿਚੋਂ ਮੰਗ ਕੇ ਲੈ ਆਉਣਾ। ਬਾਬਾ ਜੀ ਨੇ ਕਦੇ ਪਰੌਂਠੇ ਵਿਚੋਂ ਇੱਕ ਬੁਰਕੀ ਕਦੇ ਦੋ ਸੇਵਨ ਕਰਨੀਆਂ ਤੇ ਕਈ ਦਿਨ ਲੰਘਾ ਦੇਣੇ। ਬਹਾਲ ਦਾਸ ਜੀ ਨੇ ਕਦੇ ਬਾਬਾ ਜੀ ਦਾ ਦਿੱਤਾ ਦੁੱਧ ਵੀ ਛੱਕ ਲੈਣਾ। ਕਦੇ ਆਗਿਆ ਮਿਲਣੀ ਤਾਂ ਘਰ ਜਾ ਆਣਾ। ਕਈ ਵਾਰ ਅੱਧੀ ਰਾਤ ਨੂੰ ਆਉਣ ਲਈ ਬਾਬਾ ਜੀ ਨੇ ਹੁਕਮ ਦੇ ਦੇਣਾ। ਆਪ ਸਿੱਦਕ ਦੇ ਪੱਕੇ ਸਨ। ਹੁਕਮ ਸਿਰ ਮੱਥੇ ਮੰਨਣਾ।

ਇਕ ਦਿਨ ਬਾਬਾ ਜੀ ਨੇ ਪੁੱਛਿਆ, "ਬਹਾਲ ਦਾਸ ਜਾਪ ਕਿੰਨਾ ਕਰਦਾ ਹੈ?"

ਆਪ ਨੇ ਉਤਰ ਦਿੱਤਾ "ਸ੍ਰੀ ਚੰਦ ਜੀ ਦਾ ਮੰਤ੍ਰ ਸੁਭਾ ਤੇ ਸ਼ਾਮ ਬਾਕੀ ਦਾ ਸਮਾਂ ਮੂਲ ਮੰਤ੍ਰ ਦਾ ਜਾਪ ਕਰਦਾ ਹਾਂ।"

ਬਾਬਾ ਜੀ ਨੇ ਬਚਨ ਕੀਤਾ "ਜਿਸ ਸਮੇਂ ਜਾਪ ਕਰੇ ਚੌਕੜੀ ਮਾਰ ਕੇ ਬੈਠਿਆ ਕਰ। ਪਾਠ ਜਬਾਨੀ ਕਰਨ ਦੇ ਨਾਲ ਹਿਰਦੇ ਅੰਦਰ ਕਰਿਆ ਕਰ। ਹਿਰਦੇ ਅੰਦਰ ਕੀਤੇ ਪਾਠ ਦਾ ਫਲ ਜ਼ਬਾਨੀ ਪਾਠ ਤੋਂ ਹਜ਼ਾਰ ਗੁਣਾ ਵੱਧ ਹੁੰਦਾ ਹੈ। ਕਿਉਂਕਿ ਮਨ ਇਕਾਗਰ ਰਹਿੰਦਾ ਹੈ। ਜ਼ਬਾਨੀ ਕਰਨ ਨਾਲ ਮਨ ਚੰਚਲ ਕਿਧਰੇ ਹੋਰ ਵੀ ਫਿਰਦਾ ਰਹਿੰਦਾ ਹੈ। ਇਹ ਬਹੁਤ ਤੇਜ ਚਾਲ ਚਲਣ ਵਾਲਾ ਹੈ ਪਤਾ ਨਹੀਂ ਕਿਸ ਸਮੇਂ ਇਥੇ ਬੈਠਿਆਂ ਦਾ ਹਜ਼ਾਰਾਂ ਮੀਲ ਦੂਰ ਚਲਾ ਜਾਵੇ।"

ਬਹਾਲ ਦਾਸ ਜੀ ਸਤਿ ਬਚਨ ਕਹਿ ਕੇ ਵਿਧੀ ਅਨੁਸਾਰ ਜਾਪ ਕਰਨ ਲੱਗ ਪਏ। ਕਈ ਦਿਨ ਕੋਸ਼ਿਸ ਕਰਦੇ ਰਹੇ ਚੌਕੜਾ ਮਾਰ ਕੇ ਜਾਪ ਕਰਨ ਦੀ। ਪਰ ਮਨ ਨਾਂ ਮੰਨੇ। ਇੱਕ ਦਿਨ "ਮਹਾਰਾਜ ਮੈਨੂੰ ਚੌਕੜੀ ਮਾਰ ਕੇ ਬੈਠਣ ਦੀ ਤਕਲੀਫ ਤਾਂ ਘੱਟ ਹੈ, ਪਰ ਮਨ ਨੂੰ ਕਾਬੂ ਕਰਕੇ ਰੱਖਣ ਵਿੱਚ ਤਕਲੀਫ ਹੁੰਦੀ ਹੈ।"

ਇਹ ਸੁਣ ਕੇ ਬਾਬਾ ਜੀ ਨੇ ਫੁਰਮਾਇਆ ਪਹਿਲਾਂ ਮੈਂ ਪੜਦਾ ਹਾਂ, ਮੇਰੇ ਪਿੱਛੇ ਉਸੇ ਤਰ੍ਹਾਂ ਹੀ ਪੰਗਤੀ ਬੋਲਣੀ ਹੈ।"

ਇਸੇ ਤਰ੍ਹਾਂ ਬਾਬਾ ਜੀ ਅੱਗੇ ਬੋਲਦੇ ਗਏ ਤੇ ਬਹਾਲ ਦਾਸ ਜੀ ਪਿੱਛੇ। ਫਿਰ ਕੀ ਸੀ ਮਹਾਂਪੁਰਖਾਂ ਨੇ ਬਹਾਨਾ ਹੀ ਘੜਨਾ ਹੁੰਦਾ ਹੈ, ਜਿਸ ਪ੍ਰਾਣੀ ਤੇ ਮੇਹਰ ਕਰਨੀ ਹੋਵੇ। ਮਨ ਆਪਣੇ ਆਪ ਹੀ ਬਦਲ ਦਿੰਦੇ ਹਨ। ਇਨ੍ਹਾਂ ਪੰਜ ਸੱਤ ਵਾਰੀ ਪਿੱਛੇ ਪੜ੍ਹਿਆ ਤੇ ਬਿਰਤੀ ਲੱਗ ਗਈ।

ਬਾਬਾ ਜੀ ਨੇ ਹਿਲਾ ਕੇ ਬਿਰਤੀ ਖੋਲ੍ਹ ਅਤੇ ਬਚਨ ਕੀਤਾ "ਆਤਮਕ ਅਵੱਸਥਾ ਦੀ ਪਹਿਲੀ ਪੌੜੀ ਨੂੰ ਤੇਰਾ ਹੱਥ ਪੁਆ ਦਿੱਤਾ ਹੇ, ਹੁਣ ਹੱਥ ਘੁਟ ਕੇ ਪਾ ਲੈਣੇ, ਛੱਡ ਨਾ ਦੇਈਂ, ਬਾਕੀ ਫਿਰ ਅੱਗੇ ਚਲਕੇ।

ਆਪ ਨੇ ਸਿਮਰਨ ਦੀ ਝੜੀ ਸ਼ੁਰੂ ਰੱਖੀ ਤੇ ਡੋਲੇ ਨਹੀਂ। ਜਾਪ ਕਰਨ ਦੀ ਸਮਰੱਥਾ ਵਧਦੀ ਗਈ ਅਤੇ ਮਨ ਅੰਦਰਲੇ ਹਾਵ ਭਾਵ ਵੀ ਬਾਣੀ ਦੇ ਸਿਮਰਨ ਵਿੱਚ ਹੋ ਤੁਰੇ। ਜਿਵੇਂ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ।

**ਆਪੇ ਸੇਵਾ ਲਾਇਦਾ ਪਿਆਰਾ ਆਪੇ ਭਗਤਿ ਉਮਾਹਾ॥**

**ਸੋਰਠਿ ਮ: ੪, ਅੰਗ ੬੦੬**

ਮਨੁੱਖ ਆਪਣੇ ਘਰੇਲੂ ਕੰਮ ਵਿੱਚ ਮਸਤ ਰਹਿੰਦਾ ਹੈ। ਕੋਈ ਕਣਕ ਬੀਜਣ, ਕੋਈ ਕਣਕ ਕੱਟਣ ਵਿਚ। ਪਹਿਲਾਂ ਉਸਦੀ ਸੇਵਾ ਕਰਦਾ ਹੇ, ਫਿਰ ਉਸ ਨੂੰ ਤਿਆਰ ਕਰਕੇ ਆਪਣੇ ਭੋਜਨ ਲਈ ਇਸਤੇਮਾਲ ਕਰਦਾ ਹੈ। ਇਸੇ ਹੀ ਤਰ੍ਹਾਂ ਗੁਰਮੁਖਿ ਜਨ, ਮਹਾਂਪੁਰਖਾਂ ਦੀ ਪੂਰਨ ਸਤਿਗੁਰੂ ਦੀ ਸੇਵਾ ਕਮਾ ਕੇ ਕੁਝ ਫਲ ਪ੍ਰਾਪਤ ਕਰਦੇ ਹਨ। ਸੇਵਾ ਭਾਵ ਰੱਖਣ ਵਾਲੇ ਮਨੁੱਖ ਇਸ ਤਰ੍ਹਾਂ ਦੀ ਸੇਵਾ ਮੰਗਣ ਲਈ ਹੈ।

ਪੰਜਵੇਂ ਪਾਤਸ਼ਾਹ ਤਾਕੀਦ ਕਰਦੇ ਹਨ:

**ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ ॥**
**ਸਾਸਿ ਸਾਸਿ ਮਨੁ ਨਾਮੁ ਸਮ੍ਾਰੈ ਇਹੁ ਬਿਸ੍ਰਾਮ ਨਿਧਿ ਪਾਈ ॥੧॥**
**ਤੁਮ੍ ਕਰਹੁ ਦਇਆ ਮੇਰੇ ਸਾਈ ॥**
**ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ ॥੧॥ ਰਹਾਉ ॥**

**ਧਨਾਸਰੀ ਮ: ੫, ਅੰਗ ੬੭੩**

ਜਿਸ ਤਰ੍ਹਾਂ ਇੱਕ ਮਾਂ ਦੇ ਅੰਦਰ ਗੋਦੀ ਵਾਲੇ ਪੁੱਤਰ ਦੀ ਵੀ ਸੇਵਾ ਕਰਨ ਦਾ ਫੁਰਨਾ ਬਣਿਆ ਰਹਿੰਦਾ ਹੈ। ਹੋਰ ਕਿੰਨੇ ਵੀ ਪੁੱਤਰ ਹੋਣ ਪਰ ਉਸਦੀ

ਸੇਵਾ ਦਾ ਖਿਆਲ ਜ਼ਿਆਦਾ ਹੁੰਦਾ ਹੈ। ਜਿਵੇਂ ਭਾਈ ਗੁਰਦਾਸ ਜੀ ਦਾ ਕਬਿੱਤ ਹੈ।

**ਜੈਸੇ ਏਕ ਜਨਨੀ ਕੈ ਹੋਤ ਹੈ ਅਨੇਕ ਸੁਤ[੧],**
**ਸਭੁ ਹੀ ਮੈ ਅਧਿਕ ਪਿਆਰੋ ਸੁਤ ਗੋਦ ਕੋ ॥**
**ਸਿਆਨੇ ਸੁਤ ਬਨਜ ਬਿਉਹਾਰ ਕੇ ਬੀਚਾਰ ਬਿਖੈ,**
**ਗੋਦ ਮੈ ਅਚੇਤ[੨] ਹੇਤ, ਸੰਪੈ ਨ ਸਹੋਦ ਕੋ ॥**
**ਪਲਨਾ ਸੁਵਾਇ ਮਾਇ ਗ੍ਰਿਹਿ ਕਾਜ ਲਾਗੈ ਜਾਇ[੩]**
**ਸੁਨਿ ਸੁਤ ਰੁਦਨ[੪] ਪੈ ਪੀਆਵੇ ਮਨ ਮੋਦ ਕੋ।**
**ਆਪਾ ਖੋਇ ਜੋਈ ਗੁਰ ਚਰਨ ਸਰਨ ਗਹੇ,**
**ਰਹੇ ਨਿਰਦੋਖ ਮੋਖ ਅਨਦ ਬਿਨੋਦ ਕੋ।**

ਇਸੇ ਹੀ ਤਰ੍ਹਾਂ ਆਪਾ ਮਿਟਾ ਕੇ ਸੇਵਕ ਗੁਰੂ ਚਰਨਾਂ ਵਿੱਚ ਰਹਿ ਕੇ ਸੇਵਾ ਕਮਾਉਂਦਾ ਹੈ।

੧. ਮਾਂ ਦੇ ਕਈ ਪੁੱਤਰ, ੨. ਗੋਦ ਵਿੱਚ ਬੇਫਿਕਰ ਹੋਣਾ। ਭਰਮਾ ਤੋਂ ਬੇਫਿਕਰ ਹੈ। ੩. ਗੋਦੀ ਵਾਲੇ ਨੂੰ ਪੰਗੂੜੇ ਵਿੱਚ ਪਾ ਕੇ ਕੰਮ ਕਰਦੀ ਹੈ। ੪. ਜਦੋਂ ਭੁੱਖ ਲੱਗੇ ਤਾਂ ਰੋਂਦਾ ਹੈ। ਉਸ ਨੂੰ ਦੁੱਧ ਦਿੰਦੀ ਹੈ।

ਉਪਰੋਕਤ ਪ੍ਰਸੰਗ ਸ੍ਰ. ਝੰਡਾ ਸਿੰਘ ਸੇਮਾਂ ਤੋਂ ਪ੍ਰਾਪਤ ਹੋਇਆ।

# ਨਾ ਕਰਿ ਚਿੰਤ ਚਿੰਤਾ ਹੈ ਕਰਤੇ

ਬਾਬਾ ਜੀ ਦੇ ਹੁਕਮ ਅਨੁਸਾਰ ਬਹਾਲ ਦਾਸ ਜੀ ਪਿੰਡ ਵਿਚੋਂ ਦੁੱਧ ਮੰਗਣ ਜਾਇਆ ਕਰਦੇ ਸਨ। ਜੇਠ ਦਾ ਮਹੀਨਾ ਸੀ, ਦੁੱਧ ਦੀ ਕਾਫੀ ਘਾਟ ਮਹਿਸੂਸ ਹੋਣ ਲੱਗੀ। ਦੁੱਧ ਲੈਣ ਗਏ ਪਰ ਲੋੜ ਅਨੁਸਾਰ ਦੁੱਧ ਨਾ ਮਿਲਿਆ। ਇਸ ਬਾਰੇ ਬਹਾਲ ਦਾਸ ਜੀ ਨੂੰ ਬੜੀ ਚਿੰਤਾ ਹੋਈ। ਉਸ ਦਾ ਉਦਾਸ ਹੋਇਆ ਚਿਹਰਾ ਦੇਖ ਬਾਬਾ ਜੀ ਨੇ ਉਦਾਸੀ ਦਾ ਕਾਰਨ ਪੁੱਛਿਆ।

ਬਹਾਲ ਦਾਸ ਜੀ ਨੇ ਦੱਸਿਆ "ਮਹਾਰਾਜ ਦੁੱਧ ਦੀ ਕਮੀ ਹੋ ਗਈ। ਮੇਰੇ ਲਈ ਆਪ ਨੇ ਜੋ ਸੇਵਾ ਲਾਈ ਸੀ, ਮੈਂ ਨਿਭਾ ਨਹੀਂ ਸਕਿਆ।" ਇਸ ਕਰਕੇ ਮੈਨੂੰ ਚਿੰਤਾ ਹੈ। ਫਿਕਰ ਨਹੀਂ ਕਰਨਾ ਰੋਜੀ ਦੇਣ ਵਾਲਾ ਆਪੇ ਸਭ ਕੁਝ ਕਰ ਦੇਵੇਗਾ। ਉਸ ਨੂੰ ਤਾਂ ਜੀਵ ਜੰਤੂਆਂ ਦਾ ਵੀ ਫਿਕਰ ਹੈ, ਆਪਾ ਤਾਂ ਫਿਰ ਵੀ ਮੰਗ ਕੇ ਖਾ ਸਕਦੇ ਹਾਂ।"

ਇਸ ਤਰ੍ਹਾਂ ਬਹਾਲ ਦਾਸ ਜੀ ਨੂੰ ਹੌਂਸਲਾ ਦਿੱਤਾ। ਥੋੜ੍ਹੀ ਹੀ ਦੇਰ ਬਾਅਦ ਇੱਕ ਆਜੜੀ ਆ ਗਿਆ। ਬਾਬਾ ਜੀ ਦੇ ਆਸਣ ਨੇੜੇ ਆ ਕੇ ਸੀਸ ਨਿਵਾਇਆ।

ਬਾਬਾ ਜੀ ਨੇ ਹਰ ਨਵੇਂ ਆਉਣ ਵਾਲੇ ਮਨੁੱਖ ਦੀ ਮੁਲਾਕਾਤ ਕਰਨ ਦੀ ਕਿਰਿਆ ਅਨੁਸਾਰ ਉਸਦਾ ਨਾਮ ਪੁੱਛਿਆ।

"ਤੇਰਾ ਨਾਮ ਕੀ ਹੈ?"

ਉਸ ਨੇ ਕਿਹਾ "ਭੂਮਣ ਲਾਲ"

ਬਾਬਾ ਜੀ ਨੇ ਪੁੱਛਿਆ "ਇਹ ਬੱਕਰੀਆਂ ਤੇਰੀਆਂ ਹਨ?"

ਕਿਤਨੀਆਂ ਇਨ੍ਹਾਂ ਵਿਚੋਂ ਦੁੱਧ ਦਿੰਦੀਆਂ ਹਨ।

"ਇਹ ਸਾਰੀਆਂ ਮੇਰੀਆਂ ਹਨ ਤੇ ਅੱਧੀਆਂ ਦੁੱਧ ਦਿੰਦੀਆਂ ਹਨ", ਆਜੜੀ ਨੇ ਕਿਹਾ।

ਕੁਝ ਸਮਾਂ ਰੁਕਣ ਤੋਂ ਬਾਅਦ ਭੂਮਣ ਲਾਲ ਤੁਰ ਚਲਿਆ।

ਬਾਬਾ ਜੀ ਨੇ ਫਿਰ ਕੋਲ ਬੁਲਾ ਕੇ ਪੁੱਛਿਆ।

"ਕਿਧਰ ਜਾ ਰਿਹਾ ਹੈ।"

"ਬੱਕਰੀਆਂ ਨੂੰ ਪਾਣੀ ਪਿਲਾ ਕੇ ਲਿਆਉਂਦਾ ਹਾਂ ਜੇ ਕਿਸੇ ਜਗ੍ਹਾਂ ਤੇ, ਖੜ੍ਹਾ ਹੋਇਆ" ਆਜੜੀ ਨੇ ਕਿਹਾ।

ਬਾਬਾ ਜੀ ਨੇ ਵਿਅੰਗ ਕੱਸਕੇ ਕਿਹਾ "ਜੇ ਇਥੇ ਹੀ ਪਿਆ ਦੇਈਏ ਤਾਂ ਕਿੰਨੀਆਂ ਬੱਕਰੀਆਂ ਦਾ ਦੁੱਧ ਦੇਵੇਂਗਾ।

ਉਸਨੇ ਉੱਤਰ ਦਿੱਤਾ "ਛੇ ਬੱਕਰੀਆਂ ਦਾ ਜੀ"

ਬਾਬਾ ਜੀ ਕਹਿਣ ਲੱਗੇ "ਕੁਝ ਸਮਾਂ ਇਥੇ ਹੋਰ ਚੱਕਰ ਲੁਆ ਦੇ ਬੱਕਰੀਆਂ

ਦੇ। ਆਸਮਾਨ ਵਿਚ ਬੱਦਲ ਹੋਏ ਪਏ ਹਨ। ਸ਼ਾਇਦ ਬਾਰਸ਼ ਇਥੇ ਹੀ ਹੋ ਜਾਵੇ।"

ਸਭ ਕੁਝ ਕਰਨਾ ਉਨ੍ਹਾਂ ਆਪ ਹੀ ਸੀ ਪਰ ਪ੍ਰਤੱਖ ਵੀ ਨਹੀਂ ਹੋਣ ਦੇਣਾ ਸੀ। ਕਿਸੇ ਵੀ ਪੁਰਸ਼ ਨੂੰ ਸਮਝ ਨਾ ਆ ਸਕੇ ਗੱਲ ਸਪੱਸ਼ਟ ਨਾ ਹੋਣ ਦੇਣੀ। ਕੁਝ ਹੀ ਸਮਾਂ ਬਾਅਦ ਬਾਰਸ਼ ਸ਼ੁਰੂ ਹੋ ਗਈ। ਪਾਣੀ ਬੱਕਰੀਆਂ ਦੇ ਪੀਣ ਲਈ ਵਾਧੂ ਹੋ ਗਿਆ। ਆਸ ਪਾਸ ਦੇ ਟੋਏ ਭਰ ਗਏ। ਮੀਂਹ ਪੈਣ ਤੋਂ ਬਾਅਦ ਆਪ ਨੇ ਆਜੜੀ ਨੂੰ ਕਿਹਾ "ਫੁਮਣਾ ਲਿਆ ਗੁਰਮੁਖਾਂ ਸਾਡੇ ਨਾਲ ਕੀਤਾ ਵਾਇਦਾ ਪੂਰਾ ਕਰਦੇ।"

ਫੁਮਣ ਲਾਲ ਛੇ ਬੱਕਰੀਆਂ ਬਾਬਾ ਜੀ ਕੋਲ ਲੈ ਆਇਆ ਕੇ ਕਹਿਣ ਲੱਗਾ "ਲਉ ਮਹਾਰਾਜ ਹਾਜਰ ਹੈ"

ਬਾਬਾ ਜੀ ਨੇ ਬਹਾਲ ਦਾਸ ਨੂੰ ਹੁਕਮ ਦਿੱਤਾ "ਬਹਾਲ ਦਾਸ ਬੱਕਰੀਆਂ ਚੋ ਲੈ।"

ਬਹਾਲ ਦਾਸ ਜੀ ਨੇ ਬੱਕਰੀਆਂ ਚੋ ਲਈਆਂ। ਦੁੱਧ ਬਰਤਣ ਵਿਚ ਇਕੱਠਾ ਕਰਕੇ ਬਾਬਾ ਜੀ ਅੱਗੇ ਲਿਆ ਕੇ ਰੱਖ ਦਿੱਤਾ। ਬਾਬਾ ਜੀ ਨੇ ਲੋੜ ਮੁਤਾਬਿਕ ਦੁੱਧ ਛੱਕ ਕੇ ਬਾਕੀ ਬਹਾਲ ਦਾਸ ਨੂੰ ਦੇ ਦਿੱਤਾ ਕਿ ਤੂੰ ਵੀ ਦੁੱਧ ਛੱਕ ਲੈ। ਇਸ ਤੋਂ ਬਾਅਦ ਬੱਕਰੀਆਂ ਵਾਲਾ ਤਾਂ ਚਲਾ ਗਿਆ ਬਾਬਾ ਜੀ ਨੇ ਬਹਾਲ ਦਾਸ ਜੀ ਨਾਲ ਬਚਨ ਕਰਨੇ ਸ਼ੁਰੂ ਕਰ ਦਿੱਤੇ।

"ਬਹਾਲ ਦਾਸ ਜੋ ਕਰਦਾ ਹੈ ਪ੍ਰਮੇਸ਼ਰ ਕਰਦਾ ਹੈ। ਅੱਜ ਦੁੱਧ ਇਸ ਬਹਾਨੇ ਦੇ ਦਿੱਤਾ ਹੈ, ਕੱਲ੍ਹ ਕਿਸੇ ਹੋਰ ਢੰਗ ਨਾਲ ਦੇ ਦੇਵੇਗਾ। ਉਸ ਨੂੰ ਆਪਣੇ ਪਿਆਰਿਆ ਦਾ ਆਪ ਫਿਕਰ ਹੈ ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ। ਜੋ ਉਸਦਾ ਹੋ ਗਿਆ ਉਸ ਦੀਆਂ ਲੋੜਾਂ ਪ੍ਰਮੇਸ਼ਰ ਆਪ ਪੂਰੀਆਂ ਕਰਦਾ ਹੈ ਉਦਾਸੀ ਮਨ ਤੇ ਨਹੀਂ ਲਿਆਉਣੀ ਕਿਉਂ ਜੋ ਉਦਾਸੀ ਨਾਲ ਬਿਰਤੀ ਡੋਲ ਜਾਂਦੀ ਹੈ। ਉਸ ਦੇ ਕੀਤੇ ਨੂੰ ਮੰਨਣਾ ਪੈਂਦਾ ਹੈ।

**ਕਬਹੂ ਖੀਰਿ ਖਾਡ ਘੀਉ ਨ ਭਾਵੈ ॥**
**ਕਬਹੂ ਘਰ ਘਰ ਟੂਕ ਮਗਾਵੈ ॥**
**ਕਬਹੂ ਕੂਰਨੁ ਚਨੇ ਬਿਨਾਵੈ ॥੧॥**

**ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥**
**ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥੧॥ ਰਹਾਉ ॥**
**ਕਬਹੂ ਤੁਰੇ ਤੁਰੰਗ ਨਚਾਵੈ ॥**
**ਕਬਹੂ ਪਾਇ ਪਨਹੀਓ ਨ ਪਾਵੈ ॥੨॥**
**ਕਬਹੂ ਖਾਟ ਸੁਪੇਦੀ ਸੁਵਾਵੈ ॥**
**ਕਬਹੂ ਭੂਮਿ ਪੈਆਰੁ ਨ ਪਾਵੈ ॥੩॥**
**ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥**
**ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥੪॥**

**(ਭੈਰਉ ਨਾਮਦੇਵ ਜੀ, ਅੰਗ ੧੧੬੪)**

ਨੋਟ : ਇਨ੍ਹਾਂ ਸਮੇਂ ਵਿਚ ਸੰਤ ਬਹਾਲ ਦਾਸ ਜੀ ਨੂੰ ਬਾਬਾ ਜੀ ਨੇ ਬਾਹਰ ਕਿਸੇ ਕੰਮ ਭੇਜ ਦਿੱਤਾ ਸੀ।

# ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ

**ਅੰਗ ੭੪੯**

ਗੱਜਣ ਸਿੰਘ ਦੀ ਜ਼ਮੀਨ ਤੇ ਨੇੜੇ ਭੋਰੇ ਵਿੱਚ ਰਹਿੰਦੇ ਹੋਏ ਬਾਬਾ ਜੀ ਦਾ ਕਾਫੀ ਸਮਾ ਸੁਖ ਸ਼ਾਂਤੀ ਨਾਲ ਨਿਕਲਿਆ। ਇੱਕ ਦਿਨ ਬਚਨ ਸਿੰਘ ਬੀਬੀ ਵਾਲਾ ਵੱਲੋਂ ਹੁਕਮ ਦੀ ਉਲੰਘਣਾ ਕਰਨ ਉਪਰੰਤ ਇਹ ਜਗ੍ਹਾ ਵੀ ਛੱਡਣੀ ਪਈ।

ਗੱਜਣ ਸਿੰਘ ਦੇ ਰੁੰਮੀ ਖੇਤ ਦੇ ਹਿੱਸੇਦਾਰ ਭੁਚੋ ਕਲਾਂ ਰਹਿੰਦੇ ਸਨ। ਬਾਕੀ ਬੀਬੀ ਵਾਲਾ ਪਿੰਡ ਵਿਚ। ਇਹ ਪਿੰਡ ਇਥੋਂ ਕੋਈ ੮ ਕਿਲੋਮੀਟਰ ਦੇ ਫਾਸਲੇ ਉੱਤੇ ਹੈ। ਇਸ ਜ਼ਮੀਨ ਵਿੱਚ ਕੰਮ ਕਰਨ ਲਈ ਬੀਬੀ ਵਾਲੇ ਤੋਂ ਆਉਣਾ ਪੈਂਦਾ ਸੀ।

ਇਕ ਦਿਨ ਗੱਜਣ ਸਿੰਘ ਦੇ ਕੁਝ ਸਾਥੀ ਬੀਬੀ ਵਾਲਾ ਪਿੰਡ ਤੋਂ ਉਸਦੀ ਮਦਦ ਕਨ ਲਈ ਆਏ। ਖੇਤ ਵਾਹੁਣ ਲਈ ਆਪਣੇ ਆਪਣੇ ਪਸ਼ੂ ਤੇ ਹੱਲ

ਆਦਿ ਲੈ ਕੇ ਇਥੇ ਆ ਗਏ। ਉਨ੍ਹਾਂ ਸਮਿਆਂ ਵਿੱਚ ਪਾਣੀ ਦੀ ਕਾਫੀ ਕਿਲਤ ਸੀ। ਉਹ ਆਪਣਾ ਸਾਰੇ ਦਿਨ ਲਈ ਪਾਣੀ ਦਾ ਬੰਦੋਬਸਤ ਵੀ ਕਰਕੇ ਲੈ ਆਏ। ਕੰਮ ਕਈ ਦਿਨ ਕਰਨਾ ਸੀ। ਪਹਿਲਾਂ ਜ਼ਮੀਨ ਵਾਹੁਣੀ ਸੀ ਫਿਰ ਬੀਜਣੀ ਸੀ। ਇਸ ਲਈ ਰਾਸ਼ਨ ਵੀ ਚਾਹੀਦਾ ਸੀ। ਗੱਜਣ ਸਿੰਘ ਨੇ ਸੁਝਾ ਦਿੱਤੀ ਕਿ ਉਥੇ ਆਪਣੇ ਖੇਤ ਵਿੱਚ ਸੰਤ ਬੈਠੇ ਹਨ, ਜੋ ਕਿ ਅੱਗ ਮੱਥੇ ਨਹੀਂ ਲਾਉਂਦੇ। ਇਸ ਕਰਕੇ ਆਪਾਂ ਅੱਗ ਨਹੀਂ ਬਾਲਣੀ। ਸੋ ਇਸ ਲਈ ਆਪਾਂ ਛੋਲੇ ਭੁਨਾ ਕੇ ਲੈ ਚਲੀਏ। ਸਾਰੇ ਇਹ ਮੰਨ ਕੇ ਛੋਲੇ ਭੁਨਾ ਕੇ ਲੈ ਆਏ। ਕੁਝ ਰਾਸਨ ਹੋਰ ਵੀ ਲੈ ਆਏ।

ਉਨ੍ਹਾਂ ਆਪਣੀ ਜ਼ਮੀਨ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜ਼ਮੀਨ ਵਾਹੁਣ ਲੱਗ ਪਏ ਤਾਂ ਸ਼ਾਮ ਨੂੰ ਕੰਮ ਬੰਦ ਕਰਕੇ ਉਥੇ ਹੀ ਠਹਿਰ ਕਰ ਲੈਂਦੇ । ਛੋਲੇ ਖਾ ਕੇ ਪਾਣੀ ਪੀ ਛੱਡਦੇ ਸਨ। ਇਸ ਤਰ੍ਹਾਂ ਕਰਦਿਆਂ ਉਨ੍ਹਾਂ ਦੋ ਦਿਨ ਲਏ। ਪਰ ਤੀਸਰੇ ਦਿਨ "ਜੋ ਹੋਣੀ ਹੈ ਉਹ ਹੋ ਕੇ ਰਹਿੰਦੀ ਹੈ" ਵਾਲੀ ਗੱਲ ਹੋ ਗਈ। ਉਨ੍ਹਾਂ ਵਿਚੋਂ ਬਚਨ ਸਿੰਘ ਨਾਮ ਦੇ ਇੱਕ ਪੁਰਸ਼ ਨੇ ਕਿਹਾ ""ਗੱਜਣ ਸਿੰਘ ਛੋਲੇ ਖਾਂਦਿਆਂ ਦੋ ਦਿਨ ਹੋ ਗਏ ਹਨ ਹੁਣ ਤਾਂ ਦਿਲ ਨਹੀਂ ਕਰਦਾ ਕਿ ਛੋਲੇ ਖਾਈਏ। ਰਾਸ਼ਨ ਰੋਟੀ ਤਾਂ ਆਪਣੇ ਕੋਲ ਹੈ। ਇਸ ਕਰਕੇ ਆਪਾਂ ਰੋਟੀ ਪਕਾ ਲੈਂਦੇ ਹਾਂ।

ਗੱਜਣ ਸਿੰਘ ਨੇ ਕਿਹਾ "ਇਹ ਕੰਮ ਆਪਾਂ ਨਹੀਂ ਕਰਨਾ।"

ਤੁਹਾਨੂੰ ਮੈਂ ਪਹਿਲਾਂ ਵੀ ਦੱਸ ਚੁੱਕਿਆ ਹਾਂ ਕਿ ਬਾਬਾ ਜੀ ਨੇ ਅੱਗ ਮੱਥੇ ਨਹੀਂ ਲਾਉਂਦੇ। ਜਿਸ ਵੇਲੇ ਆਪਾਂ ਰੋਟੀ ਤਿਆਰ ਕਰਨ ਲਈ ਅੱਗ ਬਾਲੀ ਤਾਂ ਬਾਬਾ ਜੀ ਨੇ ਨਰਾਜ ਹੋਣਾ ਹੈ। ਮਹਾਂਪੁਰਸ਼ਾਂ ਦੇ ਹੁਕਮ ਦੀ ਉਲੰਘਨਾ ਨਹੀਂ ਕਰਨੀ।"

ਉਸਨੇ ਫਿਰ ਆਪਣੀ ਹੱਠ ਨ ਛੱਡੀ। ਗੱਜਣ ਸਿੰਘ ਨੇ ਫੇਰ ਵੀ ਸਮਝਾਇਆ। ਪਰ ਉਸਨੇ ਕੋਈ ਪ੍ਰਵਾਹ ਨਾ ਕੀਤੀ ਅੱਗ ਬਾਲਨ ਲਗ ਪਿਆ। ਅੱਗ ਬਾਲਣ ਤੋਂ ਪਹਿਲਾ ਜਿਸ ਵੇਲੇ ਧੂੰਆ ਬਾਬਾ ਜੀ ਦੀ ਨਜ਼ਰੀਂ ਪਿਆ ਤਾਂ ਆਪ ਨੇ ਦੂਰੋਂ ਹੀ ਉੱਚੀ ਆਵਾਜ਼ ਦੇ ਕੇ ਕਿਹਾ "ਇਹ ਅੱਗ ਕਿਸ ਨੇ ਮਚਾਈ ਹੈ। ਇਸ ਨੂੰ ਬੰਦ ਕਰ ਦਿਓ।"

ਪਰ ਬਚਨ ਸਿੰਘ ਨੇ ਕੋਈ ਪਰਵਾਹ ਨਾ ਕੀਤੀ। ਬਾਬਾ ਜੀ ਨੇ ਫਿਰ

ਆਵਾਜ਼ ਦਿੱਤੀ " ਬੰਦ ਕਰ ਦਿਉ।"

ਉਸਦੇ ਉਪਰ ਫਿਰ ਵੀ ਕੋਈ ਅਸਰ ਨਾ ਹੋਇਆ। ਉਨ੍ਹਾਂ ਬਾਬਾ ਜੀ ਨੂੰ ਕੌੜੇ ਲਫਜ਼ ਵਰਤੇ। ਕਹਿਣ ਲੱਗਾ।

"ਬਾਬਾ ਜੀ ਚੁਪ ਨਹੀਂ ਰਹਿ ਹੁੰਦਾ। ਜੇ ਬਹੁਤਾ ਬੋਲਿਆ ਤਾਂ ਆ ਕੇ ਧੌਣ ਭੰਨ ਦਿਆਂਗਾ।"

ਇਹ ਕੁੜੱਤਣ ਭਰੇ ਲਫਜ਼ ਸੁਣਕੇ ਬਾਬਾ ਜੀ ਨੇ ਗੁੱਸੇ ਵਿੱਚ ਆ ਕੇ ਬਚਨ ਕੀਤਾ "ਚੰਗਾ ਫੇਰ ਜਿਵੇਂ ਤੇਰੀ ਇੱਛਾ ਹੈ ਉਸ ਤਰ੍ਹਾਂ ਹੀ ਹੋਵੇਗਾ ਸ਼ੁਧ ਹੈ।"

ਅਗਲੇ ਦਿਨ ਕੰਮ ਕਰਨ ਵਾਲੇ ਸਾਰੇ ਹੀ ਆਪਣੇ ਪਿੰਡ ਬੀਬੀ ਵਾਲਾ ਚਲੇ ਗਏ। ਗੱਜਣ ਸਿੰਘ ਨੇ ਬਚਨ ਸਿੰਘ ਵੱਲੋਂ ਬੋਲੇ ਗਏ ਮਾੜੇ ਲਫਜ਼ਾਂ ਦਾ ਬਹੁਤ ਬੁਰਾ ਮਨਾਇਆ। ਪਰ ਗੁੱਸੇ ਨੂੰ ਅੰਦਰ ਹੀ ਪੀ ਗਿਆ ਕਿਉਂ ਕਿ ਕਬੀਲੇ ਦਾ ਬੰਦਾ ਸੀ ਨਾਲੇ ਆਪ ਉਸਨੂੰ ਲੈ ਕੇ ਆਇਆ ਸੀ ਕੁਝ ਕਹਿ ਨਾ ਸਕਿਆ। ਪਰ ਉਸਨੂੰ ਕਹਿੰਦਾ ਰਿਹਾ "ਤੂੰ ਚੰਗਾ ਨਹੀਂ ਕੀਤਾ।"

ਰਾਤ ਹੋ ਗਈ ਸੀ। ਗਰਮੀ ਦਾ ਮੌਸਮ ਸੀ। ਲੋਕ ਗਰਮੀ ਤੋਂ ਬਚਾ ਕਰਨ ਲਈ ਕੋਠੇ ਦੀ ਛੱਤ ਉਪਰ ਪੈ ਜਾਂਦੇ ਸਨ। ਬਚਨ ਸਿੰਘ ਕੋਠੇ ਉਪਰ ਚੜ੍ਹ ਕੇ ਸੌਂ ਗਿਆ। ਅੱਧੀ ਰਾਤ ਹੋਈ ਤਾਂ ਹਨੇਰੀ ਆ ਗਈ। ਪਹਿਲਾਂ ਆਉਣ ਵਾਲੀਆਂ ਹਨੇਰੀਆਂ ਬਹੁਤ ਹੀ ਧੁੰਦਲੀਆਂ ਹੁੰਦੀਆਂ ਸਨ ਨੇੜੇ ਖੜਾ ਵੀ ਕੋਈ ਨਹੀਂ ਦਿੱਸਦਾ ਸੀ। ਹਨੇਰੀ ਕਾਫੀ ਧੁੰਦਲੀ ਸੀ। ਬਚਨ ਸਿੰਘ ਆਪਣਾ ਮੰਜਾ ਚੁੱਕ ਕੇ ਥੱਲੇ ਉਤਰਣ ਲੱਗਾ ਸੀ, ਹਨੇਰੀ ਦਾ ਬੁਲਾ ਇਨ੍ਹਾਂ ਜੋਰ ਨਾਲ ਆਇਆ ਕਿ ਮੰਜੇ ਸਮੇਤ ਬਚਨ ਸਿੰਘ ਨੂੰ ਛੱਤ ਤੋਂ ਹੇਠਾਂ ਸੁੱਟ ਦਿੱਤਾ। ਹੇਠਾ ਡਿੱਗਣ ਸਮੇਂ ਉਸਦੀ ਧੌਣ ਟੁਟ ਗਈ ਅਤੇ ਪ੍ਰਲੋਕ ਸਿਧਾਰ ਗਿਆ। ਮਹਾਂਪੁਰਖਾਂ ਦੀ ਧੌਣ ਤੋੜਨ ਵਾਲਾ ਆਪਣੀ ਹੀ ਤੁੜਵਾ ਕੇ ਦੁਨੀਆਂ ਤੋਂ ਸਦਾ ਲਈ ਚਲਾ ਗਿਆ।

**ਸੰਤ ਕਾ ਦੋਖੀ ਅਧ ਬੀਚ ਤੇ ਟੂਟੈ॥**

**ਗਉੜੀ ਸ:ਮ: ੫, ਅੰਗ ੨੮੦**

ਜਦੋਂ ਇਸ ਬਾਰੇ ਗੱਜਣ ਸਿੰਘ ਨੂੰ ਪਤਾ ਲੱਗਾ ਉਸਦਾ ਮੱਥਾ ਠਣਕਿਆ।

ਉਸਨੇ ਸਾਰੀ ਕਹਾਣੀ ਸਮਝ ਲਈ ਸੀ। ਬਾਬਾ ਜੀ ਕੋਲ ਜਾਂਦਾ ਰਹਿੰਦਾ ਸੀ, ਸਮਝਣ ਵਿੱਚ ਦੇਰ ਵੀ ਕਿਵੇਂ ਲਗਦੀ।

ਗੱਜਣ ਸਿੰਘ ਬਾਬਾ ਜੀ ਕੋਲ ਚਲਾ ਗਿਆ। ਨਮਸ਼ਕਾਰ ਕਰਕੇ ਮਾਫੀ ਮੰਗਣ ਲੱਗ ਪਿਆ।

ਹਜ਼ੂਰ ਨੇ ਫੁਰਮਾਇਆ "ਗੱਜਣ ਸਿੰਘ ਤੇਰੇ ਨਾਲ ਤਾਂ ਕੋਈ ਨਰਾਜ਼ਗੀ ਨਹੀਂ ਤੇਰਾ ਇਸ ਵਿੱਚ ਕੋਈ ਕਸੂਰ ਨਹੀਂ।" ਫਿਰ ਗੱਜਣ ਸਿੰਘ ਨੇ ਸਾਰੀ ਹਕੀਕਤ ਦੱਸੀ।

ਬਾਬਾ ਜੀ ਨੇ ਫੁਰਮਾਇਆ "ਜੋ ਹੋਣਾ ਸੀ ਉਹ ਹੋ ਗਿਆ ਹੈ। ਇਹ ਵੀ ਇੱਕ ਭਾਣਾ ਸੀ। ਇਸ ਬਾਰੇ ਤੇਰੇ ਮਨ ਵਿੱਚ ਕੋਈ ਡਰ ਨਹੀਂ ਹੋਣਾ ਚਾਹੀਦਾ। ਤੇਰੇ ਤੇ ਅਸੀਂ ਪ੍ਰਸੰਨ ਹਾਂ ਤੁਸੀਂ ਆਪਣੇ ਅੰਦਰ ਕੋਈ ਡਰ ਨਾ ਰੱਖਣਾ। ਪਰ ਹੁਣ ਅਸੀਂ ਇਥੋਂ ਆਸਣ ਚੁਕ ਲੈਣਾ ਹੈ।"

ਇਹ ਸੁਣਕੇ ਗੱਜਣ ਸਿੰਘ ਦੇ ਦਿਲ ਤੇ ਜੋ ਬੀਤੀ, ਇਸ ਬਾਰੇ ਉਹ ਹੀ ਜਾਣਦਾ ਸੀ ਜਾਂ ਵਾਹਿਗੁਰੂ।

ਮਹਾਂਪੁਰਖ ਜੋ ਕਹਿਣ ਉਸਤੇ ਪੂਰਾ ਉਤਰਦੇ ਹਨ। ਬਾਬਾ ਜੀ ਨੇ ਆਸਣ ਚੁੱਕ ਕੇ ਕੁਝ ਰੂੰਮੀ ਦੇ ਅੰਦਰ ਵੱਲ ਨੂੰ ਕਰ ਲਿਆ। ਕਈ ਦਿਨ ਇਥੇ ਹਜ਼ੂਰ ਜ਼ਮੀਨ ਉਤੇ ਹੀ ਬੈਠੇ ਰਹੇ ਕੋਈ ਆਸਣ ਨਾ ਬਣਾਇਆ।

**ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥**
**ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥**
**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥**

**ਰਾਮਕਲੀ ਕਬੀਰ ਜੀ, ਅੰਗ ੯੬੯**

ਨੋਟ - ਪ੍ਰਸੰਗ ਸਃ ਹਜੂਰਾ ਸਿੰਘ ਮਿਸਤਰੀ ਤੋਂ ਪ੍ਰਾਪਤ ਕੀਤਾ।

# ਵੇਪਰਵਾਹੁ ਅਨੰਦ ਮੈ ਨਾਉ ਮਾਣਕ ਹੀਰਾ ॥

**ਅੰਗ ੪੦੦**

ਮਹਾਂਪੁਰਖ ਬਾਬਾ ਜੀ ਆਪਣੇ ਆਪ ਵਿੱਚ ਮਸਤ ਬੇਪ੍ਰਵਾਹ ਅਡੋਲ, ਸਮੁੰਦ੍ਰ ਵਰਗੀ ਗੰਭੀਰਤਾ, ਸ਼ਾਂਤ ਚਿਤ, ਨੇਤ੍ਰ ਬੰਦ ਕੀਤੇ ਹੋਏ ਬੈਠੇ ਹਨ। ਚੇਹਰੇ ਤੇ ਕੁਦਰਤੀ ਸੁੰਦਰਤਾ ਦਾ ਜਲਾਲ ਪ੍ਰਤੱਖ ਦਿਸ ਰਿਹਾ ਹੈ ਚੇਹਰੇ ਵੱਲ ਦੇਖ ਕੇ ਅੱਖਾਂ ਨੀਵੀਆਂ ਹੋ ਜਾਂਦੀਆਂ ਹਨ, ਸਿਰ ਝੁੱਕ ਜਾਂਦਾ ਹੈ। ਉਸ ਉਪਰ ਮੱਥੇ ਵੱਲ ਦੇਖਣ ਦੀ ਹਿੰਮਤ ਨਹੀਂ ਪੈਂਦੀ ਹੈ।

ਤੇਜ਼ ਝਲਿਆ ਨਹੀਂ ਜਾਂਦਾ। ਦਰਸ਼ਨ ਕਰਕੇ ਮੂੰਹ ਵਿਚੋਂ ਇਹ ਬਾਣੀ ਆਪਣੇ ਆਪ ਫੁਟ ਪੈਂਦੀ ਹੈ। ਇਸ ਤਰ੍ਹਾਂ ਦੇ ਮਹਾਂਪੁਰਖਾਂ ਦੀ ਸਿਫਤ ਗੁਰੂ ਅਰਜਨ ਦੇਵ ਜੀ ਆਪ ਕਰਦੇ ਹਨ –

**ਜੋ ਰਤੇ ਦੀਦਾਰ ਸੇਈ ਸਚੁ ਹਾਕੁ ॥**

**ਜਿਨੀ ਜਾਤਾ ਖਸਮੁ ਕਿਉ ਲਭੈ ਤਿਨਾ ਖਾਕੁ ॥**

**ਅੰਗ ੯੫੯**

ਇਹੋ ਜਿਹੇ ਮਹਾਂਪੁਰਖਾਂ ਦੀ ਜੇ ਕਦੇ ਚਰਨ ਧੂੜ ਮਿਲ ਜਾਵੇ ਤਾਂ ਫਿਰ ਮਨੁੱਖ ਨੂੰ ਕੀ ਮਿਲਦਾ ਹੈ। ਗੁਰਬਾਣੀ ਵਿੱਚ ਫੁਰਮਾਨ ਹੈ :

**ਮਨੁ ਮੈਲਾ ਵੇਕਾਰੁ ਹੋਵੈ ਸੰਗਿ ਪਾਕੁ ॥**

**ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ ॥**

**ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ ॥**

**ਮਨੁ ਤਨੁ ਹੋਇ ਨਿਹਾਲੁ ਬਿੰਦਕ ਨਦਰਿ ਝਾਕੁ ॥**

**ਰਾਮਕਲੀ ਮਃ ੫, ਅੰਗ ੯੫੯**

ਚਰਨਧੂੜ ਤੋਂ ਭਾਵ ਹੈ। ਆਪਿ ਨਿਮਰਤਾ ਧਾਰਨ ਕਰ ਲੈਣੀ। ਨੀਚਹੁ ਨੀਚ ਨੀਚ ਅਤਿ ਨਾਨਾ ਹੋਇ ਗਰੀਬ ਬੁਲਾਵਉ।

ਸਿੱਖਾਂ ਨੂੰ ਸਤਿਗੁਰੂ ਨੇ ਤਾਕੀਦ ਕੀਤੀ ਹੈ ਕਿ ਕਿਸੇ ਮਹਾਂਪੁਰਖ ਦੀ

ਚਰਨ ਧੂੜ ਬਨਣ ਨਾਲ ਕੀ ਮਿਲਦਾ ਹੈ, ਉਨ੍ਹਾਂ ਦੀ ਸੰਗਤ ਕਰਕੇ ਦਰਸ਼ਨ ਕਰਕੇ ਮਨ ਦੀ ਮੈਲ ਲਹਿ ਜਾਂਦੀ ਹੈ, ਮਨ ਨਿਰਮਲ ਹੋ ਜਾਂਦਾ ਹੈ। ਨਿਰਮਲ ਹੋਇਆ ਮਨ ਫਿਰ ਸੱਚੇ ਦੀ ਉਸਤਤੀ ਕਰਦਾ ਹੋਇਆ ਉਸਦੇ ਚਰਨਾਂ ਵਿੱਚ ਲੀਨ ਰਹੇਗਾ। ਉਥੇ ਭਰਮ ਦੂਰ ਹੋ ਜਾਂਦੇ ਹਨ।

**ਭ੍ਰਮਤ ਬਿਆਪਤ ਜਰੇ ਕਿਵਾਰਾ ॥**

**ਜਾਣੁ ਨ ਪਾਈਐ ਪ੍ਰਭ ਦਰਬਾਰਾ ॥**

**ਅੰਗ ੭੫੯**

ਉਸ ਦੇ ਕਰਮ ਖੁਲ੍ਹ ਜਾਂਦੇ ਹਨ। ਕਿਉਂਕਿ ਇਨ੍ਹਾਂ ਕੋਲ ਪੂਰਨ ਸਮਰੱਥਾ ਹੁੰਦੀ ਹੈ। ਜਿਸ ਪ੍ਰਾਣੀ ਤੇ ਕ੍ਰਿਪਾ ਕਰਨੀ ਹੋਵੇ ਉਸਨੂੰ ਆਪ ਹੀ ਰਸਤਾ ਦਿੰਦੇ ਹਨ, ਜਦੋਂ ਮੇਹਰ ਹੋ ਜਾਏ ਕੋਈ ਉਸਦਾ ਮਨ ਉਖੇੜ ਨਹੀਂ ਸਕਦਾ। ਪਰ ਇਹ ਦਾਤ ਅਤੇ ਚਰਨਧੂੜ ਮਿਲਦੀ ਇੱਕ ਸਕਿੰਟ ਵਿੱਚ ਹੀ ਹੈ। ਜਿਸ ਮਨੁੱਖ ਤੇ ਮਹਾਂਪੁਰਖਾਂ ਦੀ ਕ੍ਰਿਪਾ ਹੋ ਜਾਵੇ।

ਬਾਬਾ ਜੀ ਬੇਪਰਵਾਹ ਹੋਏ, ਬਿਨਾਂ ਕੋਈ ਲੇਫ ਤਲਾਈ ਵਿਛਾਏ ਜ਼ਮੀਨ ਉਪਰ ਬੈਠੇ ਹਨ। ਦਿਨ ਚੜ੍ਹਦਾ ਹੈ ਤੇ ਛਿਪ ਜਾਦਾ ਹੈ ਪਰ ਆਪਦੇ ਮੁਖੜੇ ਤੋਂ ਨਿਰੰਤਰ ਪ੍ਰਮੇਸ਼ਰ ਦੇ ਗੁਣ ਗਾਏ ਜਾ ਰਹੇ ਹਨ। ਕੋਈ ਘਰ ਨਹੀਂ, ਕੋਈ ਸੇਵਕ ਨਹੀਂ ਪਰ ਫਿਰ ਵੀ ਜੰਗਲ ਵਰਗੀ ਧਰਤੀ ਉਤੇ ਆਪ ਨਿਡਰ ਹੋ ਕੇ ਬੈਠੇ ਹਨ। ਕਈ ਦਿਨ ਲੰਘ ਗਏ।

ਇਕ ਦਿਨ ਇੱਕ ਗੁਰਸਿੱਖ ਸਾਹਿਬ ਸਿੰਘ ਘੋਟਣਾ ਭੁੱਚੋ ਕਲਾਂ ਤੋਂ ਹਜ਼ੂਰੀ ਵਿੱਚ ਹਾਜਰ ਹੋ ਗਿਆ। ਨਮਸਕਾਰ ਕਰਕੇ ਬਹਿ ਗਿਆ। ਮਨ ਵਿੱਚ ਖਿਆਲ ਆਇਆ ਮਹਾਂਪੁਰਖ ਹਨ ਕੋਈ ਸੇਵਾ ਹੀ ਕਰ ਲਈਏ। ਇਹ ਵੀ ਵੱਡੇ ਪੁੰਨ ਦੀ ਨਿਸ਼ਾਨੀ ਹੈ ਨਹੀਂ ਤਾਂ ਮਹਾਂਪੁਰਖ ਕੋਲ ਦੁਨੀਆਂ ਆਉਂਦੀ ਹੈ ਤੇ ਚਲੀ ਜਾਂਦੀ ਹੈ। ਕਿਸੇ ਵਿਰਲੇ ਦੇ ਹੀ ਮਨ ਵਿੱਚ ਸੇਵਾ ਮੰਗਣ ਦਾ ਖਿਆਲ ਆਉਂਦਾ ਹੈ।

ਫੁਰਮਾਨ ਹੈ:

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**

**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥**

**ਵਡਹੰਸ ਕੀ ਵਾਰ ਮ: ੩, ਅੰਗ ੫੯੪**

ਸਾਹਿਬ ਸਿੰਘ ਨੇ ਹੱਥ ਜੋੜਕੇ ਬੇਨਤੀ ਕੀਤੀ, "ਮਹਾਰਾਜ ਕੋਈ ਸੇਵਾ ਬਖਸ਼ੋ।"

ਬਾਬਾ ਜੀ ਨੇ ਬਚਨ ਕੀਤਾ "ਕੀ ਸੇਵਾ ਕਰੇਂਗਾ।"

"ਜੋ ਹੁਕਮ ਹੋਵੇ ਪਾਤਸ਼ਾਹ" ਸਾਹਿਬ ਸਿੰਘ ਨੇ ਕਿਹਾ।

ਬਾਬਾ ਜੀ ਨੇ ਹੁਕਮ ਦਿੱਤਾ ਜੇ ਸੇਵਾ ਕਰਨੀ ਹੈ ਤਾਂ ਇੰਜ ਕਰ ਇੱਕ ਟੋਆ ਪੁੱਟ ਦੇ। ਜਿਸ ਦੀ ਲੰਬਾਈ ਸਾਡੇ ਸਰੀਰ ਜਿੰਨੀ ਹੋਵੇ। ਇਸਦੇ ਉਪਰ ਨੇੜੇ ਖੜੇ ਸਰਕਾਨੇ ਵੱਢ ਕੇ ਪਾ ਦੇ। ਉਪਰ ਸੁਕੀ ਮਿੱਟੀ ਪਾਉਣੀ ਹੈ।"

ਪ੍ਰੇਮੀ ਨੇ ਥੋੜੇ ਚਿਰ ਵਿੱਚ ਟੋਆ ਪੁੱਟ ਕੇ ਛੱਤ ਜਿਹੀ ਪਾ ਦਿੱਤੀ। ਆਪ ਨੇ ਦੇਖ ਕੇ ਕਿਹਾ "ਸ਼ੁਧ ਹੈ" ਮਹਾਂਪੁਰਖਾਂ ਦੀ ਲੀਲਾ ਕਿਸ ਤਰ੍ਹਾਂ ਦੀ ਹੁੰਦੀ ਹੈ। ਇੰਨੀ ਵੱਡੀ ਤਾਕਤ ਤੇ ਮਾਲਕ ਹੁੰਦੇ ਹੋਏ ਵੀ ਝੁੱਗੀਆਂ ਵਿੱਚ ਰਹਿਣਾ। ਫਿਰ ਦੁਨੀਆਦਾਰਾਂ ਤੋਂ ਆਪਣੇ ਆਪ ਨੂੰ ਛੁਪਾ ਕੇ ਰੱਖਣਾ ਸਾਹਿਬ ਸਿੰਘ ਇਹ ਤਿਆਰ ਕਰਕੇ ਆਗਿਆ ਲੈ ਕੇ ਚਲਾ ਗਿਆ।

ਥੋੜ੍ਹੀ ਦੇਰ ਬਾਅਦ ਬਹਾਲ ਦਾਸ ਜੀ ਆ ਗਏ। ਬਾਬਾ ਜੀ ਨੂੰ ਨਮਸਕਾਰ ਕਰਕੇ ਕੋਲ ਖੜੇ ਹੋ ਗਏ। ਬਾਬਾ ਜੀ ਨੇ ਜਿਸ ਕੰਮ ਭੇਜਿਆ ਸੀ ਉਸ ਵਿੱਚ ਪੁਛ ਗਿੱਛ ਕਰਕੇ ਬਚਨ ਕੀਤਾ "ਵੇਖ ਬਹਾਲ ਦਾਸ ਆਪਣਾ ਘਰ ਠੀਕ ਹੈ।"

ਬਹਾਲ ਦਾਸ ਜੀ ਨੇ ਕਿਹਾ "ਮਹਾਰਾਜ ਸਤਿ ਹੈ।"

ਕੁਝ ਸਮੇਂ ਬਾਅਦ ਬਹਾਲ ਦਾਸ ਨੇ ਦੁੱਧ ਮੰਗ ਲਿਆਂਦਾ ਅਤੇ ਇੱਕ ਪਰੌਂਠਾ ਤਿਆਰ ਕਰਵਾ ਲਿਆਇਆ। ਪਰੌਂਠਾ ਮਰਿਆਦਾ ਅਨੁਸਾਰ ਪੀਸੀ ਹੋਈ ਕਣਕ ਦਾ ਆਪਣੀ ਭੈਣ ਦੇ ਘਰੋਂ ਤਿਆਰ ਕਰਕੇ ਲਿਆਂਦਾ ਸੀ। ਬਾਬਾ ਜੀ ਨੇ ਲੋੜ ਅਨੁਸਾਰ ਪਰੌਂਠਾ ਛੱਕ ਲਿਆ। ਦੁੱਧ ਪੀ ਲਿਆ। ਪਰੌਂਠੇ ਦਾ ਹਿੱਸਾ ਤੇ ਬਾਕੀ ਦੁੱਧ ਬਹਾਲ ਦਾਸ ਜੀ ਨੂੰ ਦੇ ਦਿੱਤਾ ਤੇ ਬਚਨ ਕੀਤਾ।

"ਲੈ ਛੱਕ ਲਉ ਤੇ ਅਨੰਦ ਹੋ ਜਾਉ॥"

ਬਹਾਲ ਦਾਸ ਜੀ ਨੇ ਸਤਿ ਬਚਨ ਕਹਿ ਕੇ ਛੱਕ ਲਿਆ ਅਤੇ ਹੱਥ ਸਾਫ ਕਰਕੇ ਫਿਰ ਸੇਵਾ ਆ ਪੁੱਛੀ।

ਬਾਬਾ ਜੀ ਨੇ ਹੁਕਮ ਕੀਤਾ "ਔਹ ਸਾਹਮਣੇ ਜਾ ਕੇ ਬੈਠ ਜਾ।"

ਬਹਾਲ ਦਾਸ ਜੀ ਹੱਥ ਜੋੜ ਕੇ ਬਹਿ ਗਏ। ਬਹਾਲ ਦਾਸ ਜੀ ਜਿਤਨੀ ਦੇਰ ਸੇਵਾ ਵਿੱਚ ਰਹੇ ਬਾਬਾ ਜੀ ਕੋਲ ਖੜੇ ਜਾਂ ਬੈਠੇ ਹੁੰਦੇ ਤਾਂ ਹਮੇਸ਼ਾਂ ਹੱਥ ਜੋੜ ਕੇ ਰੱਖਦੇ ਸਨ।

**ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ ॥੩॥**

**ਆਸਾ ਮ: ੫, ਅੰਗ ੪੦੦**

**ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥**
**ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਣੇ ॥੧॥**

**ਸੂਹੀ ਅਸਟਪਦੀਆਂ ੪, ਅੰਗ ੭੫੮**

ਨੋਟ : ਪ੍ਰਸੰਗ ਸ. ਬਖਸ਼ੀਸ਼ ਸਿੰਘ ਘੋਟਣਾ ਤੋਂ ਪ੍ਰਾਪਤ ਕੀਤਾ।

# ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥

**ਅੰਗ ੯੫੭**

ਬਹਾਲ ਦਾਸ ਜੀ ਦੁੱਧ ਸੇਮਾ ਪਿੰਡ ਵਿਚੋਂ ਲੈ ਕੇ ਆਏ। ਉਨ੍ਹਾਂ ਦੁੱਧ ਲਿਆ ਕੇ ਰੱਖ ਦਿੱਤਾ ਅਤੇ ਆਪ ਪਿੱਛੇ ਹੋ ਕੇ ਬੈਠ ਗਏ। ਕੁਝ ਸਮੇਂ ਬਾਅਦ ਬਾਬਾ ਜੀ ਨੇ ਪਿੱਛੇ ਝਾਤੀ ਪਾ ਕੇ ਬਹਾਲ ਦਾਸ ਜੀ ਨੂੰ ਹੁਕਮ ਦਿੱਤਾ।"

"ਬਹਾਲ ਦਾਸ ਸਾਹਮਣੇ ਖੜੇ ਕਰੀਰ ਦੇ ਪਿੱਛੇ ਇੱਕ "ਫੱਕਰ[੧]" ਆਦਮੀ ਪਿਆ ਹੈ। ਉਸਨੂੰ ਬੁਲਾ ਕੇ ਇਥੇ ਲਿਆ।

"ਸਤਿ ਬਚਨ" ਕਹਿ ਕੇ ਬਹਾਲ ਦਾਸ ਜੀ ਉਸਨੂੰ ਬੁਲਾਣ ਚਲੇ ਗਏ। "ਫਕੀਰ ਸਾਂਈ, ਆਪ ਨੂੰ ਬਾਬਾ ਜੀ ਬੁਲਾ ਰਹੇ ਹਨ।" ਉਸਨੇ ਉੱਪਰ ਵੱਲ ਵੇਖਿਆ ਤੇ ਖੜਾ ਹੋ ਕੇ ਨਾਲ ਹੋ ਤੁਰਿਆ। ਬਾਬਾ ਜੀ ਕੋਲ ਪਹੁੰਚ ਕੇ ਆਦਰ ਨਾਲ ਸੀਸ ਝੁਕਾਇਆ ਤੇ ਬੋਲਿਆ "ਹਜ਼ੂਰ ਹੁਕਮ।"

ਬਾਬਾ ਜੀ ਨੇ ਪੁੱਛਿਆ "ਫੱਕਰ ਜੀ ਕਿਥੋਂ ਆਏ ਹੋ"

੧. ਫੱਕਰ ਬੇਪ੍ਰਵਾਹ ਆਦਮੀ ਜਿਸ ਨੂੰ ਖਾਣ ਪਹਿਨਣ ਦਾ ਖਿਆਲ ਨਾ ਹੋਵੇ।

"ਮਹਾਰਾਜ! ਬੀਕਾਨੇਰ ਵੱਲੋਂ ਆਇਆ ਹਾਂ" ਜਵਾਬ ਦਿੱਤਾ।

"ਅਸਲੀ ਟਿਕਾਣਾ ਕਿਥੇ ਹੈ?" ਬਾਬਾ ਜੀ ਨੇ ਪੁਛਿਆ।

"ਪੱਕੀ ਰਿਹਾਇਸ਼ ਅਜਮੇਰ ਸ਼ਹਿਰ ਵਿੱਚ ਹੈ।"

ਜਿਸ ਥਾਂ ਤੇ ਭਗਤ ਫਰੀਦ ਜੀ ਨੇ ਰਹਿ ਕੇ ਭਗਤੀ ਕੀਤੀ ਸੀ, ਉਸੇ ਹੀ ਪੀਰ ਦੀ ਦਰਗਾਹ ਵਿੱਚ ਮੈ ਰਹਿ ਰਿਹਾ ਹਾਂ। ਉਸ ਪੀਰ ਦਾ ਜਾਨਸ਼ੀਨ ਪੀਰ ਜਿਸ ਨੂੰ ਮੈਂ ਆਪਣਾ ਪੀਰ ਮੰਨਿਆ ਸੀ।

ਉਨ੍ਹਾਂ ਨੇ ਹੀ ਮੈਨੂੰ ਬੰਦਗੀ ਵਾਲੇ ਪਾਸੇ ਲਾਇਆ ਸੀ, ਇਸ ਦੁਨੀਆਂ ਤੋਂ ਵਫਾਤ ਹੋ ਗਏ ਹਨ (ਮਰ ਗਏ ਹਨ) ਉਨ੍ਹਾਂ ਦੇ ਦੁਨੀਆਂ ਤੋਂ ਚਲੇ ਜਾਣ ਤੋਂ ਬਾਅਦ ਮੇਰੇ ਗੁਰਭਾਈ (ਵਿਦਿਆ ਪ੍ਰਾਪਤ ਕਰਨ ਵਾਲੇ ਸਾਥੀ) ਆਪਸ ਵਿੱਚ ਲੜਾਈ ਝਗੜਾ ਕਰਨ ਲੱਗੇ। ਇਸ ਬਦਲੇ (ਈਰਖੇ) ਦੀ ਭਾਵਨਾ ਵਿੱਚ ਮੈਨੂੰ ਵੀ ਪਾ ਲਿਆ। ਪਰ ਮੈਂ ਇਹ ਸਭ ਕੁਝ ਦੇਖਕੇ ਸੋਚਿਆ ਘਰ ਵੀ ਛੱਡਿਆ, ਦੁਨੀਆਂ ਤੋਂ ਨਾਤਾ ਤੋੜਿਆ। ਫਿਰ ਵੀ ਈਰਖੇ ਦੀ ਅੱਗ ਵਿੱਚ ਕੁਦ ਪਏ ਹਾਂ। ਇਸ ਤਰ੍ਹਾਂ ਜਿਸ ਪ੍ਰਭੂ ਦੀ ਪ੍ਰਾਪਤੀ ਕਰਨ ਵਾਸਤੇ ਤੁਰੇ ਹਾਂ।..... ਪ੍ਰਾਪਤ ਨਹੀਂ ਹੋਣਾ। ਰੱਬ ਦੀ ਬੰਦਗੀ ਕਰਨ ਵਾਲੇ ਦੇ ਮਨ ਅੰਦਰ ਬੁਰਾਈਆਂ ਆਉਂਦੀਆਂ ਰਹੀਆਂ ਤਾਂ ਉਹ ਰੱਬ ਨੂੰ ਕਿਵੇਂ ਮਿਲੇਗਾ "ਮਾਇਆ ਕੀ ਕਿਰਤਿ ਛੋਡਿ ਗਵਾਈ, ਭਗਤੀ ਸਾਰ ਨ ਜਾਨੈ।"

ਇਹ ਦੇਖ ਕੇ ਮਨ ਦੁੱਖੀ ਹੋਣ ਲੱਗ ਪਿਆ। ਮੇਰੇ ਪੀਰ ਜੀ ਨੇ ਹੁਕਮ ਦਿੱਤਾ ਸੀ ਕਿ ਪੰਜ ਚਾਲੀਸੇ ਕਰਨੇ ਹਨ। ਪਰ ਮੇਰੇ ਅਜੇ ਦੋ ਚਾਲੀਸੇ ਹੀ ਹੋਏ ਸਨ ਕਿ ਪੀਰ ਜੀ ਰੱਬ ਨੂੰ ਪਿਆਰੇ ਹੋ ਗਏ। ਉਸ ਵੇਲੇ ਮੇਰੇ ਦਿਲ ਨੂੰ ਬਹੁਤ ਭਾਰੀ ਸੱਟ ਲੱਗੀ। ਮੁਰਿਸ਼ਦ ਦੀ ਘਾਟ ਮਹਿਸੂਸ ਹੋਣ ਲੱਗ ਪਈ। ਬੰਦਗੀ ਕਰਨ ਲਈ ਮਨ ਬੱਝਿਆ ਹੋਇਆ ਸੀ ਪਰ ਗੁਰੂ ਬਿਨਾਂ ਗਤ ਨਹੀਂ ਹੁੰਦੀ। ਜੇ ਵਿਦਿਆ ਦੇਣ ਵਾਲਾ ਹੀ ਨਾ ਮਿਲਿਆ, ਵਿਦਿਆ ਮਿਲੇਗੀ ਵੀ ਕਿਸ ਤੋਂ। ਇਹੀ ਚਿੰਤਾ ਦਿਨ ਰਾਤ ਲੱਗੀ ਰਹਿੰਦੀ ਹੈ :

**ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥**
**ਏਹੁ ਹਮਾਰਾ ਜੀਵਣਾ ਤੂ ਸਾਹਿਬ ਸੱਚੇ ਵੇਖੁ ॥**

**ਸਲੋਕ ਸੇਖ ਫਰੀਦ, ਅੰਗ ੧੩੭੯**

ਪ੍ਰਮੇਸ਼ਰ ਨੇ ਮੈਨੂੰ ਹੁਣ ਪੂਰਨ ਗੁਰੂ ਕੋਲ ਭੇਜ ਦਿੱਤਾ ਹੈ। ਆਪ ਸਮਰੱਥ ਹੋ ਤੇ ਕ੍ਰਿਪਾ ਕਰ ਦਿਉ ਇਸ ਮੰਗਤੇ ਉਪਰ। ਜੋ ਤੁਹਾਡੇ ਦਰ ਭੀਖ ਮੰਗਣ ਆਇਆ ਹੈ।"

ਬਾਬਾ ਜੀ ਹੱਸ ਕੇ ਕਹਿਣ ਲੱਗੇ "ਤੂੰ ਮੁਸਲਮਾਨ ਦਾ ਮੁਰੀਦ ਹੈ, ਅਸੀਂ ਸਿੱਖਾਂ ਨਾਲ ਸੰਬੰਧ ਰੱਖਦੇ ਹਾਂ।

ਇਹ ਬਚਨ ਵੀ ਉਸ ਦੀ ਪ੍ਰੀਖਿਆ ਲਈ ਹੋਇਆ। ਉਸਨੇ ਹੱਥ ਜੋੜਕੇ ਬੇਨਤੀ ਕੀਤੀ।

"ਪਾਤਸ਼ਾਹ! ਗੁਰੂ ਨਾਨਕ ਦੇਵ ਜੀ ਹਿੰਦੂਆਂ ਦੇ ਗੁਰੂ, ਮੁਸਲਮਾਨਾਂ ਦੇ ਪੀਰ, ਸਭ ਦੇ ਸਾਂਝੇ ਗੁਰੂ ਹਨ। ਮੇਰੇ ਮੁਰਸ਼ਿਦ ਕਿਹਾ ਕਰਦੇ ਸਨ "ਗੁਰੂ ਨਾਨਕ ਦੇਵ ਜੀ ਦੇ ਘਰ ਤੋਂ ਸਭ ਤਰ੍ਹਾਂ ਦੀਆਂ ਮੁਰਾਦਾਂ ਮਿਲਦੀਆਂ ਹਨ। ਸੋ ਤੁਸੀਂ ਮੇਰੇ ਤੇ ਕ੍ਰਿਪਾ ਕਰ ਸਕਦੇ ਹੋ ਮੇਹਰ ਦੇ ਘਰ ਵਿੱਚ ਆਉ।"

ਬਾਬਾ ਜੀ ਨੇ ਫੁਰਮਾਇਆ "ਵਿਚਾਰ ਕਰ ਲੈ। ਜਿਸ ਪਾਸੇ ਅਸੀਂ ਭੇਜਣਾ ਹੋਵੇ ਜਾਣਾ ਪਵੇਗਾ। ਜੋ ਕਹਾਂਗੇ, ਉਹ ਕਰਨਾ ਪਵੇਗਾ।"

ਫੱਕਰ ਨੇ ਕਿਹਾ "ਸਤਿ ਬਚਨ ਜੀ" ਤੇ ਬੇਨਤੀ ਕਰ ਦਿੱਤੀ। "ਮੈਨੂੰ ਕਲਾਮ ਬਖਸ਼ੋ"

"ਕਲਾਮ ਉਹੀ ਰਹੇਗੀ ਜਿਹੜੀ ਪਹਿਲਾਂ ਪੜ੍ਹਦਾ ਹੈ। ਇੱਕ ਵਾਰ ਇਹ ਸਾਨੂੰ ਪੜ ਕੇ ਸੁਣਾ" ਬਾਬਾ ਜੀ ਨੇ ਹੁਕਮ ਕੀਤਾ। ਫੱਕਰ ਨੇ ਕਲਾਮ ਸੁਣਾਈ। ਬਾਬਾ ਜੀ ਨੇ ਤਾਕੀਦ ਕੀਤੀ "ਇਹੀ ਕਲਾਮ ਦਾ ਪਾਠ ਚਾਲੀ ਦਿਨ ਕਰਨਾ ਪਵੇਗਾ। ਇਹ ਸਾਹਮਣੇ ਦਿਖਾਈ ਦੇ ਰਿਹਾ, ਸੇਮੇ ਪਿੰਡ ਵਿਚੋਂ ਚੌਥੇ ਦਿਨ ਦੁੱਧ ਮੰਗ ਕੇ ਲੈ ਆਇਆ ਕਰ ਤੇ ਛੱਕ ਲਿਆ। ਰੋਜ਼ ਨਹੀਂ ਮੰਗਣ ਜਾਣਾ।

ਫੱਕਰ "ਸਤਿ ਬਚਨ" ਕਹਿ ਕੇ ਇੱਕ ਪਾਸੇ ਚਲਾ ਗਿਆ। ਬਾਬਾ ਜੀ ਦੇ ਦੱਸੇ ਹੋਏ ਬਚਨਾਂ ਦੀ ਪਾਲਣਾ ਕਰਨ ਲੱਗ ਪਿਆ। ਦਸ ਕੁ ਦਿਨ ਪਾਠ ਕੀਤਾ ਤਾਂ ਉਸਦੀ ਅਵਸਥਾ ਹੀ ਕੁਝ ਹੋਰ ਹੋ ਗਈ। ਹੁਕਮ ਅਨੁਸਾਰ ਦੁੱਧ ਮੰਗ ਕੇ ਛੱਕ ਲੈਣਾ ਨਹੀਂ ਤਾਂ ਸਾਰਾ ਦਿਨ ਪਾਠ ਕਰਦੇ ਰਹਿਣਾ। ਇਸ ਤਰ੍ਹਾਂ ਕਰਦੇ ਜਦੋਂ ਚਾਲੀ ਦਿਨ ਹੋ ਗਏ, ਬਾਬਾ ਜੀ ਨੇ ਬਹਾਲ ਦਾਸ ਜੀ ਨੂੰ ਕਹਿ ਕੇ ਕੋਲ ਬੁਲਾ ਲਿਆ।

ਕੋਲ ਬੁਲਾਉਣ ਦੀ ਹੀ ਦੇਰੀ ਸੀ ਢਹਿ ਪਿਆ ਚਰਨਾਂ ਉਪਰ। ਬਾਬਾ ਜੀ ਉਸ ਦਾ ਸਿਰ ਉਪਰ ਚੁੱਕਣ। ਉਹ ਫਿਰ ਚਰਨਾਂ ਤੇ ਰੱਖ ਦੇਵੇ।

**ਐ ਜਹੈ ਮੁਰਸ਼ਿਦ ਕਿ ਬਾ ਹੱਕ ਆਸ਼ਨਾ॥**

**ਕਰਦ ਫਾਰਗ ਅਜ ਗਮੇ ਰੰਜੋ ਬਲਾ॥**

**ਭਾਈ ਨੰਦ ਲਾਲ ਸਾਹਿਬ**

(ਉਹ ਸਤਿਗੁਰੂ ਧੰਨ ਹੈ ਜਿਸ ਨੇ ਵਾਹਿਗੁਰੂ ਨਾਲ ਸਾਡਾ ਮੇਲ ਕਰਾ ਦਿੱਤਾ ਹੈ। ਦੁਖਾਂ ਰੋਗਾਂ ਸੋਗਾਂ ਤੋਂ ਛੁਟਕਾਰਾ ਕਰ ਦਿੱਤਾ ਹੈ।)

**ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥**

**ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥**

**ਗੁਜਰੀ ਵਾਰ ਮ: ੫, ਅੰਗ ੫੨੨**

ਇਸ ਤਰ੍ਹਾਂ ਉਸ ਨੂੰ ਸੱਚੇ ਨਾਲ ਜੋੜ ਕੇ ਪ੍ਰਸੰਨ ਕਰ ਦਿੱਤਾ। ਜਿਸ ਦੀ ਭਾਲ ਅੰਦਰ ਭਟਕ ਰਿਹਾ ਸੀ। ਫਿਰ ਹੁਕਮ ਦਿੱਤਾ "ਕਿਸੇ ਥਾਂ ਬੈਠ ਕੇ ਬੰਦਗੀ ਕਰੋ ਜੋ ਤੈਨੂੰ ਚਾਹੀਦਾ ਸੀ ਉਹ ਮਿਲ ਗਿਆ ਹੈ।"

ਮਹਾਂਪੁਰਖ ਰਹਿਮਤ ਦੇ ਘਰ ਅੰਦਰ ਆ ਜਾਣ ਤਾਂ ਬਖਸ਼ਸ਼ਾਂ ਬਖਸ਼ ਦਿੰਦੇ ਹਨ। ਖਾਲੀ ਝੋਲੀਆਂ ਭਰ ਦਿੰਦੇ ਹਨ। ਮਹਾਂਪੁਰਖਾਂ ਦਾ ਪਿਆਰ ਤੇ ਉਨ੍ਹਾਂ ਦੀ ਰਹਿਮਤ ਸਭ ਤੋਂ ਕੀਮਤੀ ਵਸਤੂ ਹੈ। ਇਹ ਵਾਹਿਗੁਰੂ ਆਪਣੇ ਪਿਆਰਿਆਂ ਦੇ ਰਾਹੀਂ ਆਪ ਕਰਦਾ ਹੈ:

**ਜਿਨਿ ਕਿਨੈ ਪਾਇਆ ਸਾਧ ਸੰਗਤੀ ਪੂਰੈ ਭਾਗਿ ਬੈਰਾਗਿ ॥**

ਫੱਕਰ ਨੂੰ ਖੁਸ਼ ਹੋਇਆਂ ਨੇ ਫਿਰ ਬਚਨ ਕੀਤਾ "ਹੋਰ ਕਿਸੇ ਚੀਜ਼ ਦੀ ਲੋੜ ਹੈ ਹੁਣ ਤਾਂ ਭੰਡਾਰੇ ਖੁਲ੍ਹੇ ਹਨ" ਫੱਕਰ ਨੇ ਕਿਹਾ, ਮਹਾਰਾਜ ਬਹੁਤ ਮਿਲ ਗਿਆ ਹੈ ਗੁਰੂ ਨਾਨਕ ਦੇਵ ਜੀ ਦੇ ਘਰ ਵਿੱਚ ਕਿਸੇ ਚੀਜ਼ ਦੀ ਕਮੀ ਨਹੀਂ।

ਉਸ ਨੇ ਆਗਿਆ ਮੰਗੀ ਤਾਂ ਆਪ ਨੇ ਸਿਖਿਆ ਦਿੱਤੀ "ਕਿਸੇ ਇਹੋ ਜਿਹੀ ਜਗ੍ਹਾਂ ਤੇ ਬੈਠਣਾ ਜਿਥੇ ਕੋਈ ਝਗੜਾ ਨਾ ਹੋਵੇ। ਮਨ ਇਕਾਗਰਤਾ ਵਿੱਚ ਰਹੇ ਤੇ ਬੰਦਗੀ ਕਰਦਾ ਰਹੇ। ਹੋਰ ਕੋਈ ਖਿਆਲ ਹੀ ਨਾ ਹੋਵੇ ਬੰਦਗੀ ਕਰਦੇ ਕਰਦੇ ਇਹ ਚੀਜ਼ ਵਧੇਗੀ। ਇਸਨੂੰ ਉਗਲਛਣਾ ਨਹੀਂ ਚੁੱਪ ਰਹਿਣਾ। ਕਿਸੇ ਆਏ ਕੋਲ ਇਉਂ ਵਿਚਰਨਾ ਹੈ ਜਿਵੇਂ ਕੁਝ ਜਾਣਦਾ ਹੀ ਨਹੀਂ

ਦੁਨੀਆਦਾਰ ਤੋਂ ਪਾਸੇ ਨਿਗਾਹ ਰੱਖਣੀ ਹੈ ਸਿਮਰਨ ਵਿੱਚ ਮਨ ਟਿਕਾਣਾ।"

ਇਹ ਸਿਖਿਆ ਦੇ ਕੇ ਬਾਬਾ ਜੀ ਨੇ ਪਿਆਰ ਭਰੀ ਨਿਗਾਹ ਨਾਲ ਤੱਕਿਆ। ਜਿਵੇਂ ਆਪਣੇ ਲਾਏ ਹੋਏ ਬੂਟੇ ਵੱਲ, ਵੇਖ ਕੇ ਅਨੰਦ ਆਉਂਦਾ ਹੈ। ਭਾਈ ਗੁਰਦਾਸ ਜੀ ਨੇ ਇਸ ਪਿਆਰ ਨੂੰ ਪੇਸ਼ ਕੀਤਾ ਹੈ :

**ਮਾਪੇ ਹੇਤੁ ਨਾ ਪੁਜਨੀ, ਸਤਿਗੁਰ ਹੇਤੁ ਸੁਚੇਤ ਸਹਾਈ॥**
**ਸਾਹ ਵਿਸਾਹ ਨ ਪੁਜਨੀ, ਸਤਿਗੁਰ ਸਾਹੁ ਅਥਾਹੁ ਸਮਾਈ॥**
**ਸਾਹਿਬ ਤੁਲਿ ਨ ਸਾਹਿਬੀ, ਸਤਿਗੁਰ ਸਾਹਿਬ ਸਚਾ ਸਾਈਂ॥**
**ਦਾਤੇ ਦਾਤਿ ਨ ਪੁਜਨੀ, ਸਤਿਗੁਰ ਦਾਤਾ ਸਚੁ ਦ੍ਰਿੜਾਈ॥**
**ਵੈਦ ਨ ਪੂਜਨਿ ਵੈਦਗੀ, ਸਤਿਗੁਰ ਹਉਮੈ ਰੋਗਿ ਮਿਟਾਈ॥**
**ਦੇਵੀ ਦੇਵ ਨ ਸੇਵ ਤੁਲਿ, ਸਤਿਗੁਰ ਸੇਵ ਸਦਾ ਸੁਖਦਾਈ ॥**
**ਸਾਇਰ ਰਤਨ ਨ ਪੁਜਨੀ, ਸਾਧ ਸੰਗਤਿ ਗੁਰਿ ਸਬਦੁ ਸੁਭਾਈ॥**
**ਅਕਥ ਕਥਾ ਵਡੀ ਵਡਿਆਈ॥੧॥**

ਨੋਟ : ਉਪਰੋਕਤ ਪ੍ਰਸੰਗ ਭਾਈ ਰਤਨ ਸਿੰਘ ਜੀ ਡਰੌਲੀ ਵਾਲਿਆ ਨੇ ਸੰਤ ਬਹਾਲ ਦਾਸ ਜੀ ਕੋਲੋਂ ਸੁਣਿਆ ਸੀ।

## ਹੁਕਮੁ ਨ ਜਾਣੈ ਬਹੁਤਾ ਰੋਵੈ ॥
## ਅੰਦਰਿ ਧੋਖਾ ਨੀਦ ਨ ਸੋਵੈ ॥

**ਅੰਗ ੮੫**

ਮਾਨਸਾ ਤਹਿਸੀਲ ਝੋਰਿਆ ਵਾਲੀ ਪਿੰਡ ਦਾ ਇੱਕ ਪ੍ਰੇਮੀ ਭੱਲੂ ਸਿੰਘ ਸੇਮੇ ਪਿੰਡ ਵਾਲੇ ਦਾ ਰਿਸ਼ਤੇਦਾਰ ਸੀ। ਆਪਣੀ ਭੈਣ ਦੇ ਘਰ ਆਇਆ। ਬਾਬਾ ਜੀ ਦੀ ਸ਼ੁਹਰਤ ਸੁਣ ਕੇ ਦਰਸ਼ਨ ਕਰਨ ਲਈ ਰੂੰਮੀ ਆ ਗਿਆ। ਬਾਬਾ ਜੀ ਦੇ ਦਰਸ਼ਨ ਕੀਤੇ ਤੇ ਮਨ ਵਿੱਚ ਸੇਵਾ ਕਰਨ ਦਾ ਖਿਆਲ ਉਤਪੰਨ ਹੋਇਆ। ਝਾੜੂ, ਪਾਣੀ ਦੀ ਸੇਵਾ ਕਰਦੇ ਰਹਿਣਾ, ਫਿਰ ਘਰ ਚਲੇ ਜਾਣਾ। ਕੁਝ ਸਮੇਂ ਬਾਅਦ ਫਿਰ ਆ ਜਾਣਾ। ਇੰਜ ਕਦੇ ਕਰਦੇ ਇੱਕ ਦਿਨ ਬਾਬਾ ਜੀ ਅੱਗੇ ਬੇਨਤੀ ਕਰ ਦਿੱਤੀ।

"ਮਹਾਰਾਜ! ਮੇਰੇ ਉਪਰ ਕ੍ਰਿਪਾ ਕਰੋ। ਮੈਂ ਗਰੀਬ ਹਾਂ, ਅੰਨ ਪਾਣੀ ਦੀ ਤੋਟ ਰਹਿੰਦੀ ਹੈ।"

ਬਾਬਾ ਜੀ ਹੱਸ ਕੇ ਕਹਿਣ ਲੱਗੇ "ਬਹੁਤ ਕਾਹਲ ਕਰ ਰਿਹਾ ਹੈਂ। ਇਸ ਤਰ੍ਹਾਂ ਹੀ ਸਭ ਕੁਝ ਮਿਲ ਜਾਂਦਾ ਹੈ। ਵਕਤ ਨਾਲ ਸਾਰੀ ਚੀਜ਼ ਮਿਲ ਜਾਏਗੀ।"

ਕੁਝ ਦਿਨ ਇਸੇ ਤਰ੍ਹਾਂ ਹੀ ਲੰਘੇ। ਪਰ ਜਿਸ ਨੂੰ ਭੁੱਖ ਲੱਗੀ ਹੋਵੇ ਉਸ ਨੇ ਤਾਂ ਰੋਟੀ ਦੀ ਹੀ ਗੱਲ ਕਰਨੀ ਹੈ। ਮਹਾਂਪੁਰਖਾ ਤੋਂ ਕੋਈ ਚੀਜ਼ ਲੈਣੀ ਹੋਵੇ ਤੇ ਸਬਰ ਤੇ ਸੰਤੋਖ ਰੱਖਣਾ ਪੈਂਦਾ ਹੈ। ਉਸ ਪ੍ਰੇਮੀ ਨੂੰ ਤਾਂ ਕਾਹਲ ਸੀ ਮੈਂ ਛੇਤੀ ਕੁਝ ਲੈ ਲਵਾਂ। ਫਿਰ ਪੁੱਛ ਲਿਆ "ਮਹਾਰਾਜ ਬਖਸ਼ੋ"

ਬਾਬਾ ਜੀ ਨੇ ਫਿਰ ਦੁਹਰਾਇਆ "ਕਿਉਂ ਇੰਨਾਂ ਉਤਾਵਲਾ ਹੋ ਰਿਹਾ ਹੈ। ਅਸੀਂ ਤੇਰੇ ਨਾਲੋਂ ਵੀ ਕਾਹਲੇ ਹਾਂ ਪਰ ਅਜੇ ਸਮਾਂ ਨਹੀਂ ਆਇਆ। ਜਿਸ ਵੇਲੇ ਵਕਤ ਆਇਆ ਆਪੇ ਬੁਲਾ ਲਵਾਂਗੇ।"

ਗੁਰੂ ਸਾਹਿਬ ਦਸਦੇ ਹਨ ਕਿ ਸੇਵਕ ਸੇਵਾ ਕਰੇ ਤੇ ਮੰਗੇ ਕੁਝ ਨਾ ਤਾਂ ਇਹ ਹੀ ਹੋ ਸਕਦਾ ਹੈ।

**ਐਸੀ ਸੇਵਕੁ ਸੇਵਾ ਕਰੈ ॥ ਜਿਸ ਕਾ ਜੀਉ ਤਿਸੁ ਆਗੈ ਧਰੈ ॥**
**ਸਾਹਿਬ ਭਾਵੈ ਸੋ ਪਰਵਾਣੁ ॥ ਸੋ ਸੇਵਕੁ ਦਰਗਹ ਪਾਵੈ ਮਾਣੁ ॥੩॥**

**ਧਨਾਸਰੀ ਮਃ ੧, ਅੰਗ ੬੬੧**

ਜਿਨ੍ਹਾਂ ਚਿਰ ਰਜਾ ਵਿੱਚ ਆ ਕੇ ਸੇਵਾ ਨਾ ਹੋਵੇ, ਸੇਵਾ ਸਫਲ ਨਹੀਂ ਹੁੰਦੀ। ਜੋ ਪ੍ਰਾਣੀ ਹੁਕਮ ਵਿੱਚ ਰਹਿ ਕੇ ਸੇਵਾ ਕਮਾਉਂਦਾ ਹੈ, ਉਸ ਦੀ ਸੇਵਾ ਲੇਖੇ ਲਗਦੀ ਹੈ ਤੇ ਪਰਵਾਨ ਚੜਦੀ ਹੈ। ਗੁਰੂ ਸਾਹਿਬ ਹੁਕਮ ਅੰਦਰ ਰਹਿਣ ਵਾਲੇ ਤੇ ਨਾ ਰਹਿਣ ਵਾਲੇ ਨੂੰ ਕੀ ਮਿਲਦਾ ਹੈ, ਇਉਂ ਫੁਰਮਾਉਂਦੇ ਹਨ।

**ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥**
**ਜੇ ਧਨ ਖਸਮੈ ਚਲੈ ਰਜਾਈ ॥ ਦਰਿ ਘਰਿ ਸੋਭਾ ਮਹਲਿ ਬੁਲਾਈ ॥**
**ਨਾਨਕ ਕਰਮੀ ਇਹ ਮਤਿ ਪਾਈ ॥ ਗੁਰ ਪਰਸਾਦੀ ਸਚਿ ਸਮਾਈ ॥**

**ਸਿਰੀ ਰਾਗ ਕੀ ਵਾਰ ਮਃ ੩, ਅੰਗ ੮੫**

ਇਸ ਤਰ੍ਹਾਂ ਉਸ ਪ੍ਰੇਮੀ ਨੇ ਕੁਝ ਦਿਨ ਹੋਰ ਲੰਘਾਏ। ਕਿਥੇ ਰਹਿ ਹੁੰਦਾ

ਹੈ ਦੁਨੀਆਦਾਰਾਂ ਤੋਂ, ਛੇਤੀ ਝੋਲੀਆਂ ਭਰਨ ਦੀ ਹੁੰਦੀ ਹੈ। ਅੰਦਰੋਂ ਕਲਪਨਾ ਕਰਦਾ ਰਹੇ ਮੂੰਹ ਵਿਚੋਂ ਕੋਈ ਅੱਖਰ ਨਾ ਬੋਲੇ। ਇਸ ਤਰ੍ਹਾਂ ਰਹਿੰਦੇ ਨੂੰ ਦੇਖ ਬਾਬਾ ਜੀ ਨੇ ਉਸ ਨੂੰ ਉਤਾਵਲਾ ਹੋਇਆ ਦੇਖ ਕੇ ਕਹਿ ਦਿੱਤਾ "ਜੇ ਬਹੁਤ ਛੇਤੀ ਹੈ ਤਾਂ ਜਾ ਕੇ ਇੱਕ ਸੇਰ ਖੰਡ ਸੇਰ ਘਿਓ ਤੇ ਇੱਕ ਸੇਰ ਕਣਕ ਲੈ ਕੇ ਆ ਜਾਵੀਂ।"

ਉਹ ਇਹ ਸੁਣ ਕੇ ਬੜਾ ਪ੍ਰਸੰਨ ਹੋਇਆ। ਝਟ ਹੀ ਭੱਜਾ ਆਇਆ ਇਹ ਸਾਰੀਆਂ ਚੀਜ਼ਾਂ ਲੈਣ। ਚੀਜ਼ਾਂ ਲੈ ਕੇ ਬਾਬਾ ਜੀ ਕੋਲ ਜਾ ਪਹੁੰਚਿਆ। ਬੇਨਤੀ ਕੀਤੀ, "ਮਹਾਰਾਜ, ਲੈ ਆਇਆ ਹਾਂ।"

ਬਾਬਾ ਜੀ ਨੇ ਤਿੰਨੇ ਹੀ ਚੀਜ਼ਾਂ ਵੱਲ ਤੱਕਿਆ ਤੇ ਫਿਰ ਉਸ ਨੂੰ ਤਾਕੀਦ ਕਰ ਦਿੱਤੀ। "ਇਹ ਸਾਰੀਆਂ ਚੀਜ਼ਾਂ ਘਰ ਲੈ ਜਾ। ਕਣਕ ਭੜੋਲੀ ਵਿੱਚ ਪਾ ਕੇ ਉਪਰੋਂ ਬੰਦ ਕਰ ਦੇਣੀ ਹੈ, ਜਿਤਨੀ ਲੋੜ ਹੋਵੇ ਹੇਠਾ ਤੋਂ ਕੱਢ ਲੈਣੀ ਹੈ ਤੋਟ ਨਹੀਂ ਆਵੇਗੀ। ਘਿਉ ਤੇ ਖੰਡ ਇੱਕ ਅਲਮਾਰੀ ਵਿੱਚ ਰੱਖ ਕੇ ਜਿੰਦਰਾ ਮਾਰ ਦੇਣਾ, ਲੋੜ ਵੇਲੇ ਕੱਢ ਲੈਣੀਆਂ ਪਰ ਕੱਢਦੇ ਸਮੇਂ ਇਹ ਨਹੀਂ ਦੇਖਣਾ ਕਿ ਕਿੰਨੀਆਂ ਕੁ ਬਾਕੀ ਰਹਿ ਗਈਆਂ ਹਨ।"

ਇਹ ਸਾਰੀਆਂ ਚੀਜ਼ਾਂ ਲੈ ਕੇ ਉਹ ਆਪਣੇ ਘਰ ਚਲਾ ਗਿਆ। ਜਿਸ ਤਰ੍ਹਾਂ ਸਮਝਾਇਆ ਸੀ, ਉਸ ਤਰ੍ਹਾਂ ਵਰਤਨ ਲੱਗ ਪਿਆ ਸ੍ਰ. ਝੰਡਾ ਸਿੰਘ ਸੇਮਾ ਦੱਸਦੇ ਹਨ ਕਿ ਉਸਨੇ ਇੱਕ ਸਾਲ ਵਰਤਿਆ। ਕੋਈ ਪਤਾ ਨਾ ਲੱਗੇ ਉਸ ਬਰਤਨ ਵਿੱਚ ਕਿਨਾ ਕੁ ਖੰਡ ਤੇ ਘਿਉ, ਕਣਕ ਸੀ। ਜਦੋਂ ਸਾਲ ਹੋ ਗਿਆ ਉਸ ਦੀ ਪਤਨੀ ਨੇ ਪੁੱਛਿਆ "ਇਨ੍ਹਾਂ ਵਿੱਚ ਕਿਹੜੀ ਸ਼ਕਤੀ ਹੈ ਜਿਹੜੀ ਮੁਕਦੀ ਹੀ ਨਹੀਂ।"

ਪ੍ਰੇਮੀ ਨੇ ਕਿਹਾ ਬਾਬਾ ਜੀ ਦਾ ਹੁਕਮ ਹੈ ਕਿ ਦੇਖਣਾ ਨਹੀਂ। ਵਰਤਦੇ ਜਾਉ ਪਰ ਉਪਰੋਂ ਦੇਖਣਾ ਨਹੀਂ। ਪਰ ਜਨਾਨੀ ਦੀ ਜਿੱਦ ਐਸੀ ਹੁੰਦੀ ਹੈ ਜੋ ਉਸਦੇ ਮਨ ਵਿੱਚ ਵੱਸ ਜਾਏ ਉਹ ਕਰਕੇ ਛੱਡੇਗੀ। ਉਹ ਪਤਨੀ ਦੇ ਹੱਠ ਅੱਗੇ ਝੁੱਕ ਗਿਆ ਕਣਕ ਵਾਲੀ ਭੜੋਲੀ ਤੇ ਖੰਡ ਦੀ ਬਲਣੀ ਤੇ ਘਿਉ ਵਾਲੀ ਬਲਣੀ ਉਪਰੋਂ ਦਿਖਾ ਦਿੱਤੀ। ਫੇਰ ਕੀ ਸੀ, ਜੋ ਨਹੀਂ ਹੋਣਾ ਉਹ ਹੋ ਕੇ ਹੀ ਰਿਹਾ। ਸਭ ਕੁਝ ਖ਼ਤਮ ਹੋ ਗਿਆ। ਮਹਾਂਪੁਰਖਾਂ ਦੇ ਬਚਨਾਂ ਨਾਲ ਹੀ ਸਭ ਕੁਝ ਸੀ। ਜਦੋਂ ਉਲੰਘਣਾ ਹੋ ਗਈ ਫਿਰ ਕੀ ਹੋਵੇ ਉਸ ਭੜੋਲੀ ਤੇ ਬਲਣੀਆਂ

ਵਿਚ। ਜੋ ਕੁਝ ਸੀ ਉਹ ਤਾਂ ਉਨ੍ਹਾਂ ਦੀ ਕ੍ਰਿਪਾ ਸਦਕਾ ਹੀ ਸੀ। ਬਰਕਤ ਤਾਂ ਮਹਾਂਪੁਰਖ ਦੇ ਬਚਨ ਦੀ ਹੋਰ ਕਿਸੇ ਚੀਜ਼ ਦੀ ਹੋਂਦ ਕਾਇਮ ਨਹੀਂ ਰਹਿੰਦੀ। ਸਭ ਚੀਜ਼ਾਂ ਦਾ ਅੰਤ ਹੋ ਜਾਂਦਾ ਹੈ।

**"ਸਾਧ ਬਚਨ ਅਟਲਾਧਾ"**

ਮਹਾਂਪੁਰਖਾਂ ਦਾ ਬਚਨ ਅਟੱਲ ਹੈ ਜਿਸ ਦੇ ਪ੍ਰਥਾਇ ਬਚਨ ਹੋ ਜਾਏ ਉਹ ਵਸਤੂ ਵੀ ਅਟੱਲ ਹੋ ਜਾਂਦੀ ਹੈ। ਗੁਰਮੁਖਿ ਤਾਂ ਇਸਨੂੰ ਪ੍ਰਤੱਖ ਸਮਝਦਾ ਹੈ। ਜੋ ਬਚਨ ਹੋਇਆ ਇਹ ਉਸ ਅੱਗੇ ਸਿਰ ਝੁਕਾ ਦਿੰਦਾ ਹੈ। ਪਰ ਮਨਮੁਖਿ ਇਹ ਸੋਚੇਗਾ ਇਹ ਕਿਵੇਂ ਹੋਇਆ, ਇਹ ਕੋਈ ਜਾਦੂ ਟੂਣਾ ਹੈ। ਜੋ ਬਚਨ ਮਹਾਂਪੁਰਖ ਕਰ ਦੇਣ ਉਸ ਵਿੱਚ ਹੀ ਸਾਰੀਆਂ ਬਰਕਤਾਂ ਹੁੰਦੀਆਂ ਹਨ। ਉਪਰੋਕਤ ਪ੍ਰੇਮੀ ਨੇ ਜਿੰਨੀ ਦੇਰ ਬਚਨ ਦੀ ਪਾਲਣਾ ਕੀਤੀ ਸਭ ਕੁਝ ਪ੍ਰਾਪਤ ਕਰਦਾ ਰਿਹਾ। ਪਰ ਜਿਸ ਸਮੇਂ ਹੁਕਮ ਤੋਂ ਬਾਹਰ ਹੋ ਕੇ ਚੱਲਣ ਲੱਗਾ ਬਰਕਤਾਂ ਨਾ ਰਹੀਆਂ। ਫਿਰ ਵੇਲੇ ਨੂੰ ਪਛਤਾਉਂਦਾ ਹੈ ਪਰ ਲੰਘਿਆ ਸਮਾਂ ਹੱਥ ਨਹੀਂ ਆਉਂਦਾ। ਜਦੋਂ ਸਭ ਕੁਝ ਗਵਾ ਲਿਆ ਹੋਸ਼ ਆਈ ਤੇ ਫਿਰ ਬਾਬਾ ਜੀ ਕੋਲ ਆ ਪਹੁੰਚਿਆ। ਪਹੁੰਚ ਕੇ ਮੱਥਾ ਟੇਕਿਆ ਤੇ ਰੋ ਕੇ ਵਾਰਤਾ ਦੱਸਣ ਲੱਗ ਪਿਆ। ਬਾਬਾ ਜੀ ਨੇ ਫੁਰਮਾਇਆ "ਤੂੰ ਕਾਹਲੀ ਬਹੁਤ ਕਰਦਾ ਸੀ, ਇਸ ਕਰਕੇ ਹੀ ਇਹ ਗੱਲ ਹੋ ਗਈ। ਹੁਣ ਫੇਰ ਮਿਲ ਜਾਏਗਾ।

**ਨਾਨਕ ਐਸੇ ਸਤਿਗੁਰ ਕੀ ਕਿਆ**
**ਓਹੁ ਸੇਵਕੁ ਸੇਵਾ ਕਰੇ ਗੁਰ ਆਗੈ ਜੀਉ ਧਰੇਇ ॥**
**ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ ॥**

**ਗੂਜਰੀ ਮ: ੩, ਅੰਗ ੪੯੦**

ਇਸ ਤਰ੍ਹਾਂ ਉਹ ਪ੍ਰੇਮੀ ਫਿਰ ਸੇਵਾ ਵਿੱਚ ਲੱਗ ਗਿਆ। ਨਾਮ ਜਪਣ ਲੱਗ ਪਿਆ। ਇੱਕ ਦਿਨ ਉਸਦੀ ਪਤਨੀ ਨੇ ਆ ਕੇ ਬਾਬਾ ਜੀ ਪਾਸ ਬੇਨਤੀ ਕੀਤੀ "ਪਾਤਸ਼ਾਹ, ਸਾਡੇ ਕੋਲੋਂ ਭੁੱਲ ਹੋ ਗਈ ਸਾਨੂੰ ਬਖਸ਼ੋ।

ਬਾਬਾ ਜੀ ਹੱਸਕੇ ਕਹਿਣ ਲੱਗੇ "ਤੂੰ ਕਾਹਲੀ ਜੋ ਸੀ। ਸੋ ਜਿਹੜੀ ਚੀਜ਼ ਅਸੀਂ ਤੇਰੇ ਪਤੀ ਨੂੰ ਦਿੱਤੀ ਸੀ ਉਹ ਤਾਂ ਮੁੜਕੇ ਸਾਡੇ ਕੋਲ ਵੀ ਨਾ ਆਈ। ਤੁਹਾਡੇ ਕੰਮ ਦੀ ਨਹੀਂ ਰਹੀ ਸਾਡੇ ਕੰਮ ਤੋਂ ਵੀ ਗਈ।" ਇਸ ਤਰ੍ਹਾਂ ਬਚਨ ਕਰਕੇ ਚੁਪ ਕਰ ਗਏ।

ਮਾਈ ਸੋਚਾਂ ਵਿੱਚ ਡੁੱਬੀ ਹੋਈ ਆਪਣੇ ਕੀਤੇ ਹੋਏ ਤੇ ਆਪਣੇ ਆਪ ਨੂੰ ਲਾਹਣਤਾ ਪਾਉਂਦੀ ਵਾਪਸ ਚਲੀ ਗਈ। ਇਸ ਤਰ੍ਹਾਂ ਮਹਾਂਪੁਰਖਾਂ ਤੋਂ ਮਿਲੀ ਬਰਕਤ ਵੀ ਸੰਭਾਲਣੀ ਬੜੀ ਮੁਸ਼ਕਲ ਹੈ।

**ਸੇਵਾ ਥੋਰੀ ਮਾਗਨ ਬਹੁਤਾ॥ ਸੂਹੀ ਮਃ ੫**

ਨੋਟ : ਪ੍ਰਸੰਗ ਸ੍ਰ. ਝੰਡਾ ਸਿੰਘ ਤੋਂ ਪ੍ਰਾਪਤ ਕੀਤਾ।

# ਸਾਧ ਸੇਵਾ ਵਡਭਾਗੀ ਪਾਈਐ

ਪਹਿਲਾਂ ਵੀ ਜ਼ਿਕਰ ਆ ਚੁੱਕਿਆ ਹੈ ਕਿ ਬਾਬਾ ਜੀ ਪਾਣੀ ਕਾਫੀ ਮਾਤਰਾ ਵਿੱਚ ਵਰਤਦੇ ਸਨ। ਪੈਰ ਧੋਣ ਲੱਗੇ ਕਈ-ਕਈ ਘੜੇ ਵਰਤਦੇ ਸਨ। ਪੈਰ ਧੋਣ ਲੱਗੇ ਪੰਜ ਛੇ ਘੜੇ ਪਾਣੀ ਦੇ ਪਾ ਦਿੰਦੇ ਸਨ। ਸੋ ਪਾਣੀ ਦੀ ਜ਼ਰੂਰਤ ਕਾਫੀ ਰਹਿੰਦੀ ਸੀ। ਗੋਬਿੰਦਪੁਰੇ ਆਉਣ ਜਾਣ ਦਾ ਰਸਤਾ ਕਰਕੇ ਵੀ ਰਾਹੀ ਪਾਣੀ ਪੀਣ ਲਈ ਰੁਕ ਜਾਂਦੇ ਸਨ। ਪਾਣੀ ਲਈ ਇਹ ਇਲਾਕਾ ਇਸ ਤਰ੍ਹਾਂ ਸੀ ਜਿਵੇਂ ਅੱਜ ਕੱਲ ਬੀਕਾਨੇਰ ਜ਼ਿਲਾ ਹੈ। ਸੰਤ ਬਹਾਲ ਦਾਸ ਜੀ ਹੋਰ ਸੇਵਾ ਕਰਦੇ ਸਨ। ਪਾਣੀ ਦੀ ਸੇਵਾ ਕਰਨ ਲਈ ਇਨ੍ਹਾ ਕੋਲ ਸਮਾਂ ਨਹੀਂ ਸੀ। ਇਹ ਸੇਵਾ ਭਾਈ ਅਤਰ ਸਿੰਘ, ਠਾਕਰਾ ਸਿੰਘ ਅਤੇ ਇੱਕ ਮਾਈ ਖੇਮ ਕੌਰ ਕਰਿਆ ਕਰਦੇ ਸਨ। ਠਾਕਰਾ ਸਿੰਘ ਨੂੰ ਤਾਂ ਬਾਬਾ ਜੀ ਕਹਿ ਦਿੰਦੇ ਸਨ ਤੇਰੀ ਸੇਵਾ ਪਹਿਲਾ ਹੀ ਬਹੁਤ ਹੈ, ਇਨ੍ਹੀਂ ਖੇਚਲ ਨਾ ਕਰਿਆ ਕਰ। ਪਰ ਇਹ ਸੇਵਾ ਵਿੱਚ ਹੀ ਰਿਹਾ। ਸੰਤ ਬਹਾਲ ਦਾਸ ਜੀ ਨੂੰ ਹੁਕਮ ਸੀ ਜੇ ਕਿਤੇ ਕੋਈ ਘੜਾ ਖਾਲੀ ਨਜ਼ਰ ਆਵੇ ਤਾਂ ਭਰ ਲਿਆਇਆ ਕਰ ਕੋਈ ਖਾਲੀ ਨਹੀਂ ਹੋਣਾ ਚਾਹੀਦਾ।

ਮਾਈ ਖੇਮ ਕੌਰ ਨੇ ਘਰੋਂ ਜਾਣ ਵੇਲੇ ਘੜਾ ਪਾਣੀ ਦਾ ਸਿਰ ਤੇ ਚੁੱਕੀ ਜਾਣਾ। ਉਥੇ ਪਹੁੰਚ ਕੇ ਬਾਬਾ ਜੀ ਦੇ ਆਸਣ ਦੇ ਆਸੇ ਪਾਸੇ ਦੂਰ ਦੂਰ ਤਕ ਜਗ੍ਹਾ ਦੀ ਸਫਾਈ ਕਰਨੀ। ਫਿਰ ਪਾਣੀ ਦੀ ਸੇਵਾ ਕਰਦੇ ਰਹਿਣਾ। ਇੱਕ ਦਿਨ ਬਾਬਾ ਜੀ ਨੇ ਮਾਈ ਨੂੰ ਤਾਕੀਦ ਕੀਤੀ "ਕਿ ਨਾਮ ਜਪਿਆ ਕਰ।"

ਮਾਈ ਨੇ ਕਿਹਾ "ਬਾਬਾ ਜੀ ਮੈਂ ਪੜ੍ਹੀ ਨਹੀਂ ਹਾਂ ਅਤੇ ਘਰ ਦਾ ਕੰਮ ਵੀ ਰਹਿੰਦਾ ਹੈ।"

ਬਾਬਾ ਜੀ ਨੇ ਫੁਰਮਾਇਆ "ਇਸ ਵਿੱਚ ਬਹੁਤੀ ਪੜ੍ਹਾਈ ਦੀ ਲੋੜ ਨਹੀਂ ਤੇ ਕੰਮ ਛੱਡਣ ਦੀ ਵੀ ਲੋੜ ਨਹੀਂ।

ਮਾਈ ਨੇ ਹੈਰਾਨ ਜਿਹਾ ਹੋ ਕੇ ਕਿਹਾ "ਇਹ ਕਿਵੇਂ ਹੋ ਸਕਦਾ ਹੈ।"

ਬਾਬਾ ਜੀ ਨੇ ਬਚਨ ਕੀਤਾ "ਵਾਹਿਗੁਰੂ" ਦਾ ਜਾਪ ਕਰਦੀ ਰਿਹਾ ਕਰ। ਕੰਮ ਕਰਦੇ ਸਮੇਂ ਵੀ ਵਾਹਿਗੁਰੂ ਜਪਦੇ ਰਹਿਣਾ ਵੇਹਲੇ ਸਮੇਂ ਵੀ ਵਾਹਿਗੁਰੂ ਜਪਦੇ ਰਹਿਣਾ। ਇਸ ਦੇ ਲਈ ਤਾਂ ਪੜ੍ਹਾਈ ਦੀ ਲੋੜ ਨਹੀਂ।

**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥**

**ਸਲੋਕ ਕਬੀਰ, ਅੰਗ ੧੩੭੬**

**ਊਠਤ ਬੈਠਤ ਸੋਵਤ ਨਾਮੁ ॥ ਕਹੁ ਨਾਨਕ ਜਨ ਕੈ ਸਦ ਕਾਮ ॥**

**ਅੰਗ ੨੮੬**

ਜਦੋਂ ਬਾਬਾ ਜੀ ਭੁੱਚੋ ਆ ਗਏ ਸਨ, ਉਸ ਸਮੇਂ ਵੀ ਇਹ ਮਾਈ ਸੇਵਾ ਕਰਦੀ ਰਹੀ ਤੇ ਹੁਕਮ ਅਨੁਸਾਰ ਜਾਪ ਕਰਦੀ ਰਹੀ। ਬਾਬਾ ਜੀ ਨੇ ਆਪਣੀ ਅਥਾਹ ਕ੍ਰਿਪਾ ਦੁਆਰਾ ਮਾਈ ਦੇ ਪੁੱਤਰ ਨੂੰ ਕੁਕਰਮ ਕਰਦੇ ਹੋਏ ਵੀ ਨਾਮ ਜਪਣ ਲਾ ਦਿੱਤਾ।

ਇਸ ਤੇ ਕ੍ਰਿਪਾ ਕੀਤੀ ਉਹ ਪ੍ਰਸੰਗ ਅੱਗੇ ਆਵੇਗਾ। ਜਦੋਂ ਮਨ ਸਿਮਰਨ ਵਿੱਚ ਹੋਵੇ ਸਰੀਰ ਨੂੰ ਕਿਸੇ ਤਰ੍ਹਾਂ ਦੀ ਤਕਲੀਫ ਨਹੀਂ ਹੁੰਦੀ। ਮਨੁੱਖ ਦਾ ਮਨ ਸੇਵਾ ਵਿੱਚ ਉਤਸਾਹ ਨਾਲ ਲੱਗਦਾ ਹੈ।

**ਸੁਖੁ ਨਾਨਕ ਸੰਤਨ ਕੀ ਸੇਵਾ ਚਰਣ ਸੰਤ ਧੋਇ ਪੀਵਨਾ ॥**

**ਮਾਰੂ ਮ: ੫, ਅੰਗ ੧੦੧੮**

## "ਅਨਿਕ ਬਿਘਨ ਤੇ ਸਾਧੂ ਰਾਖੈ"

ਇਕ ਦਿਨ ਮਾਈ ਖੇਮ ਕੌਰ ਦੀ ਵੱਡੀ ਨੂੰਹ ਬੀਬੀ ਚੰਦ ਕੌਰ ਕੰਮ ਕਰਨ ਲਈ ਸਵੇਰੇ ਉਠੀ। ਉਸ ਦੀ ਨਜ਼ਰ ਵਿਹੜੇ ਵਿੱਚ ਇੱਕ ਮੋਟੀ ਸਾਰੀ ਲੀਹ ਦੇ ਨਿਸ਼ਾਨ ਉਪਰ ਪਈ। ਉਸਨੇ ਦੂਸਰੇ ਪਰਵਾਰ ਦੇ ਮੈਂਬਰਾਂ ਨੂੰ ਦਿਖਾਈ ਤਾਂ ਯਕੀਨ ਹੋ ਗਿਆ ਕਿ ਇਹ ਕਿਸੇ ਮੋਟੇ ਸੱਪ ਦੀ ਲੀਹ ਹੈ। ਜੋ ਕਿ ਆਪਣੇ ਘਰ ਵਿੱਚ ਆ ਗਿਆ। ਸੱਪ ਦਾ ਡਰ ਤਾਂ ਬਹੁਤ ਹੁੰਦਾ ਕਿਉਂਕਿ ਜ਼ਹਿਰੀਲਾ ਜਾਨਵਰ ਹੋਇਆ। ਕਿਸ ਵੇਲੇ ਡੱਸ ਦੇਵੇ ਤੇ ਮੌਤ ਹੋ ਜਾਵੇ। ਕਈ ਦਿਨ ਇਹ ਲੀਹ ਦਿਸਦੀ ਰਹੀ ਕਿਉਂਕਿ ਕੱਚੇ ਮਕਾਨ ਵਿੱਚ ਖੁੱਡਾਂ ਬਹੁਤ ਹੁੰਦੀਆਂ

ਹਨ। ਇਸ ਕਰਕੇ ਦਿਨ ਚੜ੍ਹਨ ਤੇ ਅਲੋਪ ਹੋ ਜਾਵੇ। ਕੁਝ ਦਿਨਾਂ ਬਾਅਦ ਮਾਈ ਦੀ ਨੂੰਹ ਬੀਬੀ ਚੰਦ ਕੌਰ ਨੂੰ ਸੱਪ ਨੇ ਕੱਟ ਲਿਆ। ਇੰਨੇ ਜੋਰ ਨਾਲ ਸੱਪ ਨੇ ਦੰਦ ਮਾਰੇ ਕਿ ਚੰਦ ਕੌਰ ਤੋ ਤੋੜ ਕੇ ਸੱਪ ਨੂੰ ਲਾਂਭੇ ਸੁੱਟਣਾ ਪਿਆ। ਸੱਪ ਤਾਂ ਭੱਜ ਕੇ ਕਿਤੇ ਲੁੱਕ ਗਿਆ ਤੇ ਬੀਬੀ ਨੇ ਰੌਲਾ ਪਾ ਦਿੱਤਾ। ਸਾਰਾ ਪਰਿਵਾਰ ਘਬਰਾ ਗਿਆ ਕਿ ਹੁਣ ਕੀ ਹੋ ਸਕਦਾ ਹੈ।

ਮਾਈ ਖੇਮ ਕੌਰ ਨੇ ਉਸੇ ਵਕਤ ਕਿਹਾ "ਕਿ ਚਲੋ ਸੰਤਾਂ ਕੋਲ ਲੈ ਚਲਦੇ ਹਾਂ।"

ਮਾਈ ਆਪਣੀ ਨੂੰਹ ਸਮੇਤ ਝੱਟ ਹੀ ਬਾਬਾ ਜੀ ਕੋਲ ਪਹੁੰਚ ਤੇ ਗਈ ਨਮਸਕਾਰ ਕੀਤੀ। ਕਾਹਲੀ ਨਾਲ ਬਾਬਾ ਜੀ ਨੂੰ ਹਕੀਕਤ ਦੱਸਣ ਲੱਗੀ।

ਬਾਬਾ ਜੀ ਨੇ ਫੁਰਮਾਇਆ "ਉਸ ਵੇਲੇ ਗੱਲ ਕਰਨੀ ਸੀ ਜਿਸ ਸਮੇਂ ਤੁਹਾਨੂੰ ਲੀਹ ਦਿਸੀ ਸੀ। ਸੱਪ ਨੂੰ ਇਥੇ ਹੀ ਬੁਲਾ ਲੈਂਦੇ।"

ਮਾਈ ਨੇ ਕਿਹਾ "ਮਹਾਰਾਜ ਜੋ ਹੋਣਾ ਸੀ ਉਹ ਹੋ ਗਿਆ, ਹੁਣ ਕ੍ਰਿਪਾ ਕਰੋ। ਮੇਰੀ ਨੂੰਹ ਨੂੰ ਬਚਾ ਲਵੋਂ।"

"ਮਾਈ ਇਸ ਨੂੰ ਉਸ ਵੇਲੇ ਹੀ ਆਰਾਮ ਆ ਗਿਆ ਸੀ ਜਿਸ ਸਮੇਂ ਤੁਸੀਂ ਇਧਰ ਨੂੰ ਚੱਲ ਪਈਆਂ ਸੀ।" ਬਾਬਾ ਜੀ ਨੇ ਫੁਰਮਾਇਆ।

ਬੀਬੀ ਚੰਦ ਕੌਰ ਨੇ ਕਿਹਾ "ਬਾਬਾ ਜੀ ਪਹਿਲਾ ਮੈਨੂੰ ਬਹੁਤ ਤਕਲੀਫ ਹੋ ਗਈ ਸੀ, ਪਰ ਜਿਸ ਵੇਲੇ ਅਸੀਂ ਇਧਰ ਮੂੰਹ ਕੀਤਾ ਸੀ ਤਕਲੀਫ ਦੂਰ ਹੋ ਗਈ ਸੀ। ਹੁਣ ਤਾਂ ਇਸ ਤਰ੍ਹਾਂ ਲੱਗ ਰਿਹਾ ਹੈ ਜਿਵੇਂ ਕਦੇ ਸੱਪ ਨੇ ਮੂੰਹ ਹੀ ਨਹੀਂ ਲਾਇਆ। ਹੁਣ ਕ੍ਰਿਪਾ ਕਰੋ ਉਹ ਸੱਪ ਵੀ ਸਾਡੇ ਘਰ ਵਿਚੋਂ ਚਲਾ ਜਾਵੇ।"

ਬਾਬਾ ਜੀ ਥੋੜ੍ਹਾ ਜਿਹਾ ਮੁਸਕਰਾ ਕਰ ਕਹਿਣ ਲੱਗੇ "ਇਥੇ ਹੀ ਬੁਲਾ ਲੈਂਦੇ ਹਾਂ। ਪਛਾਣ ਲਵੇਂਗੀ ਉਸ ਨੂੰ ਕਿਉਂਕਿ ਤੂੰ ਤੋੜ ਕੇ ਸੁਟਿਆ ਹੈ।

"ਹਾਂ ਮਹਾਰਾਜ ਪਛਾਣ ਲਵਾਂਗੀ" ਚੰਦ ਕੌਰ ਨੇ ਕਿਹਾ।

"ਚੰਗਾ ਫਿਰ ਆਪਣੀ ਸੱਸ ਨਾਲ ਥੋੜ੍ਹੀ ਦੇਰ ਸੇਵਾ ਵਿੱਚ ਹੱਥ ਵਟਾ ਪਾਣੀ ਭਰ ਲਿਆਉ ਤੇ ਝਾੜੂ ਦਿਉ" ਬਾਬਾ ਜੀ ਨੇ ਹੁਕਮ ਕੀਤਾ।

ਉਹ ਸੇਵਾ ਵਿੱਚ ਲੱਗ ਗਈਆਂ। ਦੋ ਕੁ ਘੰਟੇ ਬਾਅਦ ਬਾਬਾ ਜੀ ਨੇ

ਆਵਾਜ਼ ਦੇ ਕੋਲ ਬੁਲਾਇਆ ਤੇ ਕਹਿਣ ਲੱਗੇ।"

"ਆਉ ਵੇਖ ਲਉ ਸੱਪ। ਉਹ ਸਾਹਮਣੇ ਖੜਾ ਹੈ ਹੱਥ ਦਾ ਇਸ਼ਾਰਾ ਕਰਕੇ।"

ਮਾਈ ਤੇ ਉਸਦੀ ਨੂੰਹ ਨੇ ਜਦੋਂ ਸੱਪ ਵੱਲ ਦੇਖਿਆ ਤਾਂ ਕਹਿਣ ਲੱਗੀਆਂ "ਹਾਂ ਮਹਾਰਾਜ ਉਹੀ ਹੈ।"

ਫਿਰ ਬਾਬਾ ਜੀ ਨੇ ਬਚਨ ਕੀਤਾ "ਹੁਣ ਇਹ ਤੁਹਾਡੇ ਘਰ ਨਹੀਂ ਜਾਏਗਾ" ਇਸ ਤੋਂ ਬਾਅਦ ਉਨ੍ਹਾਂ ਦੇ ਘਰ ਕੋਈ ਬਿਘਨ ਨਾ ਪਿਆ ਤੇ ਇਹ ਦੇਖ ਕੇ ਸਾਰੇ ਪਰਿਵਾਰ ਦੀ ਸ਼ਰਧਾ ਵੱਧ ਗਈ ਤੇ ਸੇਵਾ ਵਿੱਚ ਜੁੱਟ ਗਿਆ।

**ਬਿਘਨ ਬਿਨਾਸਨ ਸਭਿ ਦੁਖ ਨਾਸਨ**
**ਸਤਿਗੁਰਿ ਨਾਮੁ ਦ੍ਰਿੜਾਇਆ॥**

ਨੋਟ : ਉਪਰੋਕਤ ਕਥਾ ਸ੍ਰ. ਝੰਡਾ ਸਿੰਘ ਤੋਂ ਸੁਣੀ।

## ਦੁਹਾ ਸਿਰਿਆ ਕਾ ਆਪਿ ਸੁਆਮੀ ॥
## ਖੇਲੈ ਬਿਗਸੈ ਅੰਤਰਜਾਮੀ ॥

**ਅੰਗ ੨੭੭**

ਭਾਈ ਅਤਰ ਸਿੰਘ ਜਿਵੇਂ ਪਿੱਛੇ ਦੱਸਿਆ ਹੈ ਬਾਬਾ ਜੀ ਦੀ ਸੇਵਾ ਕਰਨ ਆ ਜਾਇਆ ਕਰਦਾ ਸੀ। ਕਦੇ ਕਦੇ ਬਹਾਲ ਦਾਸ ਜੀ ਦੀ ਮਦਦ ਕਰਨ ਲੱਗ ਜਾਂਦਾ, ਕਦੇ ਪਾਣੀ ਦੀ ਸੇਵਾ ਕਰਦਾ, ਕਦੇ ਬਾਬਾ ਜੀ ਨੂੰ ਇਸ਼ਨਾਨ ਕਰਵਾਉਂਦਾ। ਉਸ ਪ੍ਰੇਮੀ ਦੇ ਦੋ ਲੜਕੇ ਤੇ ਇੱਕ ਲੜਕੀ ਸੀ। ਉਸ ਦੇ ਵੱਡੇ ਲੜਕੇ ਦਾ ਨਾਮ ਕਾਕੜ ਸਿੰਘ ਤੇ ਛੋਟੇ ਦਾ ਗੁਰਦਿੱਤ ਸਿੰਘ ਸੀ। ਗੁਰਦਿਤ ਦੀ ਉਮਰ ਬਾਰਾਂ ਕੁ ਸਾਲ ਦੀ ਸੀ। ਜਿਸ ਤਰ੍ਹਾਂ ਬਹਾਲ ਦਾਸ ਜੀ ਪਹਿਲਾਂ ਪਸ਼ੂ ਚਾਰਨ ਇਥੇ ਆਉਂਦੇ ਸਨ, ਉਸੇ ਹੀ ਤਰ੍ਹਾਂ ਗੁਰਦਿਤ ਸਿੰਘ ਵੀ ਪਸ਼ੂ ਚਾਰਦਾ ਸੀ। ਉਸਨੇ ਬਾਬਾ ਜੀ ਦੇ ਨੇੜੇ ਆ ਕੇ ਨਮਸ਼ਕਾਰ ਕੀਤੀ।

ਬਾਬਾ ਜੀ ਨੇ ਇਸ ਨੂੰ "ਬਾਦਸ਼ਾਹ" ਕਹਿ ਕੇ ਬੁਲਾਇਆ। ਗੁਰਦਿਤ ਸਿੰਘ ਨੇ ਆਪਣੇ ਪਿਤਾ ਜੀ ਕੋਲ ਗੱਲ ਕਰ ਦਿੱਤੀ ਕਿ ਬਾਬਾ ਜੀ ਮੈਨੂੰ "ਬਾਦਸ਼ਾਹ" ਕਹਿੰਦੇ ਹਨ।

ਅਤਰ ਸਿੰਘ ਜਦੋਂ ਸੇਵਾ ਵਿੱਚ ਗਿਆ ਤਾਂ ਕਹਿਣ ਲੱਗਾ "ਪਾਤਸ਼ਾਹ ਗੁਰਦਿਤ ਸਿੰਘ ਨੂੰ ਬਾਦਸ਼ਾਹ ਕਿਉਂ ਕਹਿੰਦੇ ਹੋ। ਅਸੀਂ ਤਾਂ ਸੇਵਾਦਾਰ ਹਾਂ।"

ਬਾਬਾ ਜੀ ਹੱਸ ਕੇ ਕਹਿਣ ਲੱਗੇ "ਭਲਿਆ ਲੋਕਾ ਇਹ ਪਿਛਲੇ ਜਨਮ ਬਾਦਸ਼ਾਹ ਸੀ। ਜੇ ਦੇਖਣਾ ਚਾਹੁੰਦਾ ਹੈਂ ਤਾਂ ਦਿਖਾਈਏ।"

ਅਤਰ ਸਿੰਘ ਇਹ ਸੁਣਕੇ ਚੁਪ ਕਰ ਗਿਆ। ਕਈ ਦਿਨਾਂ ਬਾਅਦ ਗੁਰਦਿਤ ਸਿੰਘ ਫਿਰ ਪਸ਼ੂ ਚਾਰਨ ਆ ਗਿਆ। ਬਾਬਾ ਜੀ ਕੋਲ ਬੁਲਾ ਕੇ ਕਹਿਣ ਲੱਗੇ "ਬਾਦਸ਼ਾਹ, ਆ ਤੈਨੂੰ ਤੇਰੀ ਪ੍ਰਜਾ ਦਿਖਾਈਏ।"

ਬੱਚੇ ਨੂੰ ਕੌਤਕ ਦੇਖਣ ਦਾ ਚਾਅ ਹੁੰਦਾ ਹੈ। ਉਹ ਛੇਤੀ ਨਾਲ ਕੋਲ ਆ ਗਿਆ ਤੇ ਕਹਿਣ ਲੱਗਾ "ਦਿਖਾ ਦਿਓ"

ਬਾਬਾ ਜੀ ਨੇ ਇੱਕ ਲਕੀਰ ਖਿਚ ਦਿੱਤੀ ਤੇ ਹੁਕਮ ਕੀਤਾ।

"ਇਸ ਉਪਰ ਬਹਿ ਜਾ"

"ਉਹ ਬੈਠ ਗਿਆ"

ਬਾਬਾ ਜੀ ਨੇ ਫੁਰਮਾਇਆ "ਅੱਖਾਂ ਬੰਦ ਕਰਕੇ ਫਿਰ ਖੋਲ੍ਹ ਦੇਈ।"

ਉਸਨੇ ਉਸੇ ਤਰ੍ਹਾਂ ਕੀਤਾ ਅੱਖਾਂ ਬੰਦ ਕਰਕੇ ਫੇਰ ਖੋਲੀਆਂ ਤਾਂ ਕੀ ਦੇਖਿਆ। ਸਾਹਮਣੇ ਬੇਅੰਤ ਸਿਰ ਤੋਂ ਨੰਗੇ ਨੀਲੇ ਰੰਗ ਦੇ ਤਹਿਮਤ ਬੰਨੇ ਹੋਏ, ਹੱਥਾਂ ਵਿੱਚ ਹਥਿਆਰ ਫੜੇ ਹੋਏ ਆ ਰਹੇ ਹਨ। ਇਹ ਸਭ ਦੇਖ ਕੇ ਗੁਰਦਿਤ ਸਿੰਘ ਸਹਿਮ ਗਿਆ ਤੇ ਕਹਿਣ ਲੱਗਾ "ਬਾਬਾ ਜੀ ਇਹ ਮੈਨੂੰ ਮਾਰਨ ਆ ਰਹੇ ਹਨ।"

ਅੱਗੋਂ ਬਾਬਾ ਜੀ ਨੇ ਕਿਹਾ "ਡਰਨਾ ਨਹੀਂ" ਇਹ ਤਾਂ ਤੈਨੂੰ ਸਲਾਮ ਕਰਨ ਆ ਰਹੇ ਹਨ ਇਹ ਤੇਰੀ ਫੌਜ ਤੇ ਪਰਜਾ ਹੈ।"

ਜਦੋਂ ਇਸ ਨੇ ਫਿਰ ਕਿਹਾ "ਡਰ ਲੱਗਦਾ ਹੈ" ਬਾਬਾ ਜੀ ਨੇ ਹੁਕਮ ਦਿੱਤਾ "ਅੱਖਾਂ ਫਿਰ ਬੰਦ ਕਰਕੇ ਖੋਲ੍ਹ ਦੇ।"

ਉਸ ਤੋਂ ਬਾਅਦ ਇਸ ਨੂੰ ਸਭ ਕੁਝ ਦਿੱਸਣਾ ਬੰਦ ਹੋ ਗਿਆ। ਸਾਹਮਣੇ ਤਾਂ ਸਭ ਕੁਝ ਦਿੱਸਦਾ ਨਹੀਂ ਸੀ ਪਰ ਉਸਦੇ ਦਿਮਾਗ ਅੰਦਰ ਉਹੀ ਦ੍ਰਿਸ਼ ਬਣਦਾ ਰਿਹਾ। ਇਸੇ ਹੀ ਘਬਰਾਹਟ ਨਾਲ ਉਸ ਨੂੰ ਘਰ ਪਹੁੰਚ ਕੇ ਬੁਖਾਰ ਚੜ੍ਹ ਗਿਆ। ਇਸ ਬਾਰੇ ਅਤਰ ਸਿੰਘ ਨੇ ਉਲਾਮਾ ਜਿਹਾ ਦਿੱਤਾ ਕਿ 'ਸੰਤਾਂ ਨੇ ਮੇਰੇ ਮੁੰਡੇ ਨੂੰ ਡਰਾ ਦਿੱਤਾ ਹੈ' ਕਹਿਣ ਲੱਗਾ ਜੇ ਮੇਰੇ ਮੁੰਡੇ ਨੂੰ ਕੁਝ ਹੋ ਗਿਆ ਤਾਂ ਮੈਂ ਸੰਤ ਤੇ "ਦਾਅਵਾ ਕਰ ਦਿਆਂਗਾ।"

ਜਦੋਂ ਬਹਾਲ ਦਾਸ ਜੀ ਵਾਪਿਸ ਬਾਬਾ ਜੀ ਕੋਲ ਆਏ, ਉਨ੍ਹਾਂ ਸਾਰੀ ਵਾਰਤਾ ਦੱਸੀ ਜੋ ਅਤਰ ਸਿੰਘ ਨਾਲ ਹੋਈ ਸੀ। ਬਾਬਾ ਜੀ ਕਹਿਣ ਲੱਗੇ "ਤੂੰ ਹੁਣੇ ਹੀ ਜਾ ਕੇ ਅਤਰ ਸਿੰਘ ਨੂੰ ਕਹਿ ਦੇ ਕਿ ਸਾਡਾ ਤਵੀਤ ਮੁੰਡੇ ਦੇ ਗਲੇ ਵਿਚੋਂ ਲਾਹ ਦੇ ਤੇ ਫਿਰ ਦਾਅਵਾ ਕਰ ਦੇਵੀਂ।

ਬਹਾਲ ਦਾਸ ਨੇ ਉਸੇ ਤਰ੍ਹਾਂ ਹੀ ਸੁਨੇਹਾ ਪਹੁੰਚਾ ਦਿੱਤਾ।

ਇਹ ਸੁਣ ਕੇ ਅਤਰ ਸਿੰਘ ਸੋਚਾਂ ਵਿੱਚ ਪੈ ਗਿਆ ਤੇ ਅੰਦਰੋਂ ਅੰਦਰ ਡਰਿਆ ਕਿਤੇ ਗਲਤੀ ਨਾ ਕਰ ਲਵਾਂ।

ਜਿਸ ਵੇਲੇ ਬਹਾਲ ਦਾਸ ਜੀ ਨੇ ਅਤਰ ਸਿੰਘ ਦੀ ਚਿੰਤਾ ਦੀ ਬਾਬਾ ਜੀ ਨੂੰ ਖਬਰ ਦਿੱਤੀ, ਤਾਂ ਬਾਬਾ ਜੀ ਨੇ ਫਿਰ ਬਹਾਲ ਦਾਸ ਜੀ ਨੂੰ ਹੁਕਮ ਦਿੱਤਾ 'ਇਹ ਮੱਟੀ ਵਿਚੋਂ ਜਲ ਲੈ ਕੇ ਉਸ ਮੁੰਡੇ ਨੂੰ ਦੇ ਆਵੀਂ ਠੀਕ ਹੋ ਜਾਏਗਾ ਤੇ ਅਤਰ ਸਿੰਘ ਹੁਣ ਦਾਅਵਾ ਨਹੀਂ ਕਰਦਾ।'

ਬਹਾਲ ਦਾਸ ਜੀ ਜਲ ਲੈ ਕੇ ਘਰ ਪਹੁੰਚ ਗਏ। ਗੁਰਦਿੱਤ ਸਿੰਘ ਨੂੰ ਜਲ ਦਿੱਤਾ ਉਹ ਠੀਕ ਹੋ ਗਿਆ। ਇਹ ਸਭ ਦੇਖ ਅਤਰ ਸਿੰਘ ਹੈਰਾਨ ਹੋ ਗਿਆ ਅਤੇ ਆਪਣੇ ਕੀਤੇ ਉਪਰ ਪਸ਼ਚਾਤਾਪ ਕਰਨ ਲੱਗਾ। ਉਸ ਸਮੇਂ ਮਾਫੀ ਮੰਗਣ ਲਈ ਅੰਦਰੋਂ ਪ੍ਰੇਰਨਾ ਹੋਈ। ਬਾਬਾ ਜੀ ਅੱਗੋਂ ਹੱਸ ਕੇ ਕਹਿਣ ਲੱਗੇ "ਤੂੰ ਤਾਂ ਦਾਅਵਾ ਕਰਨ ਜਾ ਰਿਹਾ ਸੀ।" ਅਤਰ ਸਿੰਘ ਸ਼ਰਮਿੰਦਾ ਜਿਹਾ ਹੋ ਕੇ ਖੜ੍ਹਾ ਰਿਹਾ ਤੇ ਫਿਰ ਮਾਫੀ ਦੀ ਅਰਜ ਕੀਤੀ ਤੇ ਕਹਿਣ ਲੱਗਾ "ਮਹਾਰਾਜ, ਓਸ ਤਵੀਤ ਦੀ ਮੈਨੂੰ ਸਮਝ ਨਹੀਂ ਆਈ ਕਿਹੜਾ ਸੀ।" ਬਾਬਾ ਜੀ ਨੇ ਬਚਨ ਕੀਤਾ ਉਹ ਸਾਡਾ ਦਰਗਾਹੀ ਪਹਿਰਾ ਜੋ ਲੱਗਾ ਹੋਇਆ ਹੈ। ਉਹੀ ਸਾਡਾ ਤਵੀਤ ਹੈ।

ਅਤਰ ਸਿੰਘ ਨੇ ਕਿਹਾ "ਪਾਤਸ਼ਾਹ ਉਹ ਨਹੀਂ ਮੋੜਨਾ ਮੇਰੇ ਕੋਲੋਂ ਭੁਲ ਹੋ ਗਈ ਹੈ।"

ਬਾਬਾ ਜੀ ਮੁਸਕਰਾ ਕੇ ਕਹਿਣ ਲੱਗੇ "ਚੰਗਾ ਫਿਰ ਸ਼ੁਧ ਹੈ"। ਸਾਡੀ ਤੇਰੇ ਨਾਲ ਕੋਈ ਨਰਾਜ਼ਗੀ ਨਹੀਂ, ਅਸੀਂ ਸਿਰਫ ਤੈਨੂੰ ਅਹਿਸਾਸ ਕਰਾਇਆ ਹੈ ਕਿ ਤੇਰਾ ਸਾਡਾ ਕੀ ਸੰਬੰਧ ਹੈ। ਜਾਹ ਸੇਵਾ ਕਰ।"

ਇਸ ਤੋਂ ਉਪਰੰਤ ਅਤਰ ਸਿੰਘ ਸੇਵਾ ਕਰਦਾ ਰਿਹਾ।

ਨੋਟ : ਬਚਨ ਮਿਲਿਆ (ਵੱਡਾ ਝੰਡਾ ਸਿੰਘ ਸੇਮਾ) ਤੇ।

## "ਸੰਤ ਸਰਣਿ ਸੰਤ ਟਹਲ ਕਰੀ"

**ਸੰਤ ਸਰਣਿ ਸੰਤ ਟਹਲ ਕਰੀ ॥**

**ਧੰਧੁ ਬੰਧੁ ਅਰੁ ਸਗਲ ਜੰਜਾਰੋ ਅਵਰ ਕਾਜ ਤੇ ਛੂਟਿ ਪਰੀ ॥**

**ਅੰਗ ੮੨੨**

ਬਹਾਲ ਦਾਸ ਜੀ ਬਾਬਾ ਜੀ ਦੀ ਸੇਵਾ ਵਿੱਚ ਮਗਨ ਹਨ। ਕਿਸੇ ਹੋਰ ਪ੍ਰਾਣੀ ਨਾਲ ਗੱਲ ਨਹੀਂ ਕਰਨੀ, ਕਿਸੇ ਕੋਲ ਖੜਨਾ ਬੈਠਣਾ ਨਹੀਂ। ਸਭ ਦੀ ਸੰਗਤ ਤਿਆਗ ਕੇ ਇਕੋ ਹੀ ਲਿਵ ਲੱਗੀ ਹੋਈ ਹੈ :

**ਜਨ ਕੀ ਟਹਲ ਸੰਭਾਖਨੁ ਜਨ ਸਿਉ**

**ਊਠਨੁ ਬੈਠਨੁ ਜਨ ਕੈ ਸੰਗਾ ॥**

**ਬਿਲਾਵਲੁ ਮ: ੫, ਅੰਗ ੮੨੮**

ਇਸ ਅਵਸਥਾ ਵਿੱਚ ਰਹਿਕੇ ਸੇਵਾ ਕਰ ਰਹੇ ਹਨ ਕਿ ਲੋਕ ਦੇਖ ਕੇ ਹੈਰਾਨ ਹੋ ਗਏ ਹਨ। ਤਰ੍ਹਾਂ ਤਰ੍ਹਾਂ ਦੀਆਂ ਵਿਚਾਰਾਂ ਕਰਦੇ ਹਨ ਇਕੱਠੇ ਬੈਠ ਕੇ। ਪਰ ਅਸਲੀਅਤ ਨੂੰ ਸਮਝਣ ਵਾਲੇ ਤਾਂ ਮੁੱਢ ਤੋਂ ਘੱਟ ਪੁਰਸ਼ ਹਨ। ਦੁਨੀਆਂਦਾਰਾਂ ਨੇ ਤਾਂ ਆਪਣੀ ਆਪਣੀ ਬੁੱਧੀ ਮੁਤਾਬਿਕ ਹੀ ਅਨੁਮਾਨ ਲਾਏ ਤਾਂ ਕਬੀਰ ਜੀ ਨੇ ਕਥਨ ਕੀਤਾ :

**ਲੋਗੁ ਕਹੈ ਕਬੀਰੁ ਬਉਰਾਨਾ ॥**

**ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥**

**ਭੈਰਉ ਕਬੀਰ, ਅੰਗ ੧੧੫੮**

ਕਈਆਂ ਨੇ ਬਹਾਲ ਦਾਸ ਜੀ ਦੇ ਨੇੜੇ ਹੋ ਕੇ ਗੱਲ ਕਰਨ ਦੀ ਕੋਸ਼ਿਸ਼ ਕਰਨੀ ਪਰ ਆਪਨੇ ਪਹਿਲਾਂ ਤਾਂ ਨੇੜੇ ਹੋਣਾ ਹੀ ਨਹੀਂ। ਜੇ ਨੇੜੇ ਹੋ ਵੀ ਗਏ ਤਾਂ ਸੁਣੀ ਗੱਲ ਅਣਸੁਣੀ ਕਰ ਦੇਣੀ। ਕਿਉਂਕਿ ਬਾਬਾ ਜੀ ਦੀ ਤਾਕੀਦ ਸੀ ਕਿ 'ਬਹਾਲ ਦਾਸ ਦੁਨੀਆਂ ਤੋਂ ਬਚ ਕੇ ਰਹਿਣਾ ਹੈ।'

ਇਕ ਦਿਨ ਸੇਮਾ ਪਿੰਡ ਦਾ ਅਧਖੜ ਉਮਰ ਦਾ ਮਨੁੱਖ ਬਹਾਲ ਦਾਸ ਜੀ ਨੂੰ ਕਹਿਣ ਲੱਗਾ, "ਬਹਾਲ ਦਾਸ, ਮੈਨੂੰ ਪਤਾ ਲੱਗਾ ਹੈ ਕਿ ਜਿਨ੍ਹਾਂ ਸੰਤਾਂ ਕੋਲ ਤੂੰ ਜਾਂਦਾ ਹੈ ਉਨ੍ਹਾਂ ਕੋਲ ਰੁਪਏ ਬਹੁਤ ਹਨ। ਜਦੋਂ ਦਿਲ ਕਰੇ ਰੁਪਏ ਬਣਾ ਦੇਂਦੇ ਹਨ। ਉਹ ਰਹਿੰਦੇ ਉਜਾੜ ਵਿੱਚ ਹਨ। ਜੋ ਕਦੇ ਰਾਤ ਨੂੰ ਡਾਕੂਆਂ ਨੇ ਉਸਨੂੰ ਪੈਸੇ ਲੈਣ ਬਦਲੇ ਮਾਰ ਦਿੱਤਾ ਤਾਂ ਪੁਲੀਸ ਮੁਕੱਦਮਾ ਤੇਰੇ ਤੇ ਦਰਜ ਕਰੇਗੀ। ਤੂੰ ਉਥੇ ਨਾ ਜਾਇਆ ਕਰ। ਇਸ ਤਰ੍ਹਾਂ ਉਹ ਕਈ ਦਿਨ ਕਹਿੰਦਾ ਰਿਹਾ। ਇੱਕ ਦਿਨ ਬਾਬਾ ਜੀ ਨੇ ਬਹਾਲ ਦਾਸ ਜੀ ਨੂੰ ਅੱਧੀ ਰਾਤ ਨੂੰ ਆਉਣ ਲਈ ਹੁਕਮ ਦਿੱਤਾ। ਜਿਸ ਵੇਲੇ ਬਹਾਲ ਦਾਸ ਜੀ ਅੱਧੀ ਰਾਤ ਨੂੰ ਆਏ ਤਾਂ ਬਾਬਾ ਜੀ ਦੇ ਸਰੀਰ ਦੇ ਅੰਗ ਅਡੋ ਅੱਡ ਵੇਖ ਕੇ ਡਰ ਗਏ। ਉਸ ਦਿਨ ਉਹ ਰਸਤੇ ਵਿੱਚ ਮਿਲੇ ਉਸ ਪੁਰਸ਼ ਦੀ ਗੱਲ ਸਾਹਮਣੇ ਆ ਗਈ। ਡਰ ਕੇ ਪਿੱਛੇ ਮੁੜ ਪਏ। ਜਦੋਂ ਬਾਅਦ ਵਿੱਚ ਪਹੁੰਚੇ ਤਾਂ ਬਾਬਾ ਜੀ ਨੇ ਆਵਾਜ਼ ਦਿੱਤੀ "ਇੰਨਾ ਸਮਾਂ ਲਾ ਦਿੱਤਾ ਤੂੰ ਆਉਣਾ ਤਾਂ ਪਹਿਲਾ ਸੀ" ਬਹਾਲ ਦਾਸ ਨੇ ਨੇੜੇ ਪਹੁੰਚ ਕੇ ਸਾਰੀ ਹਕੀਕਤ ਦੱਸੀ। ਬਾਬਾ ਜੀ ਨੇ ਬਚਨ ਕੀਤਾ "ਕਿ ਤੂੰ ਜਦੋਂ ਇਹ ਸਭ ਕੁਝ ਦੇਖਿਆ ਉਸ ਵੇਲੇ ਸ਼ਬਦ ਦਾ ਜਾਪ ਨਹੀਂ ਕਰਦਾ ਸੀ।"

ਬਹਾਲ ਦਾਸ ਜੀ ਨੇ ਕਿਹਾ 'ਨਹੀਂ ਪਾਤਸ਼ਾਹ! ਮੈਂ ਸਭ ਕੁਝ ਭੁੱਲ ਗਿਆ ਸੀ।'

ਬਾਬਾ ਜੀ ਨੇ ਸਮਝਾਇਆ 'ਕਿ ਜਦੋਂ ਜਾਪ ਨਾ ਕਰੀਏ ਉਸ ਸਮੇਂ ਹੀ ਇਹ ਸਭ ਕੁਝ ਦਿੱਸਦਾ ਹੈ। ਸੋ ਸਿਮਰਨ ਨਹੀਂ ਛੱਡਣਾ ਇਹ ਤੇਰੀ ਇੱਕ ਪਰਖ ਸੀ। ਕਿਉਂ ਜੋ ਤੂੰ ਨਾਮ ਵਿਸਾਰ ਦਿੱਤਾ ਸੀ। ਜੇ ਕੁਝ ਚਾਹੀਦਾ ਹੈ, ਤਾਂ ਸਿਮਰਨ ਨਹੀਂ ਭੁਲਣਾ।

ਨੋਟ : ਬਚਨ ਸੁਣਿਆ ਸੰਤ ਬਹਾਲ ਦਾਸ ਜੀ ਪਾਸੋਂ ਭਾਈ ਰਤਨ ਸਿੰਘ ਜੀ ਡਰੌਲੀ ਵਾਲੇ ਪ੍ਰੇਮੀ ਨੇ।

# ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ

ਇਕ ਵਾਰ ਬਾਬਾ ਜੀ ਬਹਾਲ ਦਾਸ ਜੀ ਨੂੰ ਭੂਤਕਾਲ ਦੀਆਂ ਵਾਰਤਾ ਸੁਣਾ ਰਹੇ ਸਨ। ਬਾਬਾ ਜੀ ਕਹਿਣ ਲੱਗੇ ਇੱਕ ਪ੍ਰੇਮੀ ਸਾਡੇ ਕੋਲ ਸੇਵਾ ਕਰਦਾ ਹੁੰਦਾ ਸੀ। ਇੱਕ ਦਿਨ ਉਸਨੇ ਕਿਹਾ, ਬਾਬਾ ਜੀ ਨਰ ਸਿੰਘ ਅਵਤਾਰ ਦੇ ਦਰਸ਼ਨ ਕਰਵਾਉ। ਅਸੀਂ ਉਸਨੂੰ ਕਿਹਾ ਕਿ "ਡਰ ਜਾਵੇਂਗਾ।" ਉਸਨੇ ਕਿਹਾ "ਨਹੀਂ ਜੀ"। ਅਸੀਂ ਕਿਹਾ "ਚੰਗਾ ਫਿਰ ਦੇਖ ਲੈ।" ਉਹ ਦੇਖ ਕੇ ਇਤਨਾਂ ਡਰਿਆ ਕਿ ਮੁੜ ਅਸਾ ਕੋਲ ਹੀ ਨਾ ਆਇਆ।

ਇਹ ਬਚਨ ਸੁਣ ਕੇ ਬਹਾਲ ਦਾਸ ਜੀ ਦੇ ਮਨ ਵਿੱਚ ਖਿਆਲ ਆਇਆ ਕਿ ਮੈਂ ਨਰ ਸਿੰਘ ਦੇ ਦਰਸ਼ਨ ਕਰਕੇ ਦੇਖਾਂ। ਇੱਕ ਵਾਰ ਇਸ ਨੇ ਬੇਨਤੀ ਕਰ ਦਿੱਤੀ ਕਿ "ਮਹਾਰਾਜ ਮੈਨੂੰ ਵੀ ਦਰਸ਼ਨ ਕਰਵਾ ਦਿਓ।" ਬਾਬਾ ਜੀ ਨੇ ਹੱਸ ਕੇ ਕਿਹਾ "ਚੰਗਾ ਫੇਰ ਦੁੱਧ ਲਿਆ" ਬਾਬਾ ਜੀ ਨੇ ਫੁਰਮਾਇਆ। ਦੁੱਧ ਛੱਕ ਕੇ ਕਹਿਣ ਲੱਗੇ। "ਉਹ ਸਾਹਮਣੇ ਜੰਡ ਦੇ ਉਪਰ ਚੜ ਜਾ ਡਰਨਾ ਨਹੀਂ।"

ਬਹਾਲ ਦਾਸ ਜੀ ਹੁਕਮ ਅਨੁਸਾਰ ਜੰਡ ਉਪਰ ਚੜ ਗਏ। ਬਾਬਾ ਜੀ ਵੱਲ ਨੀਝ ਨਾਲ ਤੱਕਣ ਲੱਗੇ। ਬਾਬਾ ਜੀ ਆਸਣ ਤੋਂ ਖੜੇ ਹੋ ਗਏ ਤੇ ਕਰੀਰਾਂ ਵੱਲ ਤੁਰ ਪਏ। ਥੋੜ੍ਹੀ ਹੀ ਦੇਰ ਬਾਅਦ ਬਾਬਾ ਜੀ ਕਰੀਰਾਂ ਦੇ ਪਿੱਛੇ ਅਲੋਪ ਹੋ ਗਏ। ਕੁਝ ਕੁ ਮਿੰਟਾ ਬਾਅਦ ਬਹਾਲ ਦਾਸ ਨੇ ਦੇਖਿਆ ਕਿ ਇੱਕ ਪ੍ਰਕਾਸ਼ ਮਈ ਸ਼ੇਰ ਦਾ ਚਿਹਰਾ ਭੈ ਦਾਇਕ ਸਰੂਪ ਗਰਜਨ ਹੋਈ ਆਵਾਜ਼ ਜਿਸ ਨਾਲ ਧਰਤੀ ਵੀ ਕੰਬਦੀ ਹੈ, ਸਾਹਮਣੇ ਆ ਰਿਹਾ ਹੈ। ਉਨ੍ਹਾਂ ਇੱਕ ਵਾਰ ਤੱਕ ਕੇ ਅੱਖਾਂ ਬੰਦ ਕਰ ਲਈਆਂ। ਫਿਰ ਉਸ ਵੇਲੇ ਤੱਕ ਨਾ ਖੋਲ੍ਹੀਆਂ ਜਦੋਂ ਤੱਕ ਬਾਬਾ ਜੀ ਨੇ ਆਵਾਜ਼ ਦੇ ਕੇ ਹੇਠਾਂ ਉਤਰ ਆਉਣ ਲਈ ਨਾ ਬੁਲਾਇਆ। ਹੇਠਾਂ ਉਤਰ ਬਾਬਾ ਜੀ ਅੱਗੇ ਨਮਸ਼ਕਾਰ ਕੀਤੀ। ਬਾਬਾ ਜੀ ਨੇ ਹੱਸ ਕੇ ਬਚਨ ਕੀਤਾ "ਤੂੰ ਕਾਹਲਾ ਤਾਂ ਬਹੁਤ ਸੀ ਫਿਰ ਅੱਖਾਂ ਕਿਉਂ ਬੰਦ ਕਰ ਲਈਆਂ ਸਨ।"

ਬਹਾਲ ਦਾਸ ਜੀ ਨੇ ਹੱਥ ਜੋੜਕੇ ਅਰਜ ਕੀਤੀ "ਮਹਾਰਾਜ ਇੱਕ ਵਾਰ ਤਾਂ ਮੁਸ਼ਕਲ ਨਾਲ ਦੇਖ ਸਕਿਆ ਹਾਂ ਬਹੁਤ ਡਰ ਆਉਂਦਾ ਸੀ।

ਬਾਬਾ ਜੀ ਨੇ ਦੱਸਿਆ ਕਿ "ਬਹਾਲ ਦਾਸ ਜਿਸ ਵੇਲੇ ਇਹ ਅਵਤਾਰ ਹੋਇਆ ਸੀ ਉਸ ਸਮੇਂ ਇੱਕ ਪ੍ਰਲਹਾਦ ਨਹੀਂ ਡਰਿਆ ਸੀ ਬਾਕੀ ਸਾਰੇ ਦੇਵਤੇ ਡਰ ਗਏ ਸੀ।"

**ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ ॥**
**ਮਾਤਾ ਨਰਸਿੰਘ ਕਾ ਰੂਪੁ ਨਿਵਾਰੁ ॥**
**ਲਖਿਮੀ ਭਉ ਕਰੈ ਨ ਸਾਕੈ ਜਾਇ ॥**
**ਪ੍ਰਹਲਾਦੁ ਜਨੁ ਚਰਣੀ ਲਾਗਾ ਆਇ ॥**

**ਭੈਰਉ ਮ: ੩, ਅੰਗ ੧੧੫੪**

"ਸੋ ਬਹਾਲ ਦਾਸ ਭਗਤ ਨਹੀਂ ਡਰਦੇ ਹੁੰਦੇ ਕਿਉਂਕਿ ਭਗਤਾਂ ਦਾ ਪ੍ਰਮੇਸ਼ਰ ਸਾਥੀ ਹੁੰਦਾ ਹੈ। ਤੂੰ ਨਾਮ ਵਿੱਚ ਮਸਤ ਰਿਹਾ ਕਰ ਇਹੋ ਜਿਹੇ ਖਿਆਲ ਮਨ ਵਿੱਚ ਨਾ ਲਿਆਇਆ ਕਰ ਜੋ ਤੇਰੇ ਨਾਲ ਬਚਨ ਹੁੰਦੇ ਹਨ ਉਨ੍ਹਾਂ ਦਾ ਨਤੀਜਾ ਨਾ ਕਢਾਇਆ ਕਰ।"

**"ਮਨ ਨਾਮੁ ਜਪਿ ਨਾਮੁ ਆਰਾਧਿ ਅਨਦਿਨੁ ਨਾਮੁ ਵਖਾਣੀ॥**
**ਉਪਦੇਸੁ ਸੁਣਿ ਸਾਧ ਸੰਤਨ ਕਾ ਸਭ ਚੂਕੀ ਕਾਣਿ ਜਮਾਣੀ॥"**

ਬਹਾਲ ਦਾਸ ਨੇ ਕਿਹਾ "ਗਰੀਬ ਨਿਵਾਜ, ਜਦੋਂ ਮੈਂ ਡਾਲੀ ਕਰਨ ਜਾਂਦਾ ਹੈ ਮੇਰੇ ਅੱਗੇ ਪਿੱਛੇ ਬੰਦੇ ਜਾਪਦੇ ਸਨ, ਪਰ ਪਰਛਾਵਾ ਨਹੀਂ ਹੁੰਦਾ।"

ਬਾਬਾ ਜੀ ਨੇ ਬਚਨ ਕੀਤਾ "ਬਹਾਲ ਦਾਸ ਨਾਮ ਜਪਣ ਨਾਲ ਤੇਰੀ ਸੁਰਤੀ ਉੱਚੀ ਹੋ ਗਈ। ਇਸ ਲਈ ਇਹ ਤੇਰੀ ਸਹਾਇਤਾ ਵਾਸਤੇ ਹਨ। ਇਹ ਕੁਝ ਨਹੀਂ ਕਹਿੰਦੇ। ਇਹ ਨਿਰੰਕਾਰ ਦੇ ਸੇਵਾਦਾਰ ਵੰਡੇ ਹੋਏ ਹਨ। ਲਿਵ ਲੱਗੀ ਹੈ ਹੁਣ ਤੂੰ ਆਪਣੀ ਮੰਜ਼ਿਲ ਵੱਲ ਵੱਧ ਰਿਹਾ ਹੈ।"

# ਪਰਖਿ ਖਜਾਨੈ ਪਾਇ ਸੇ ਬਹੁੜਿ ਨ ਖੋਟਿਆ ॥

**ਅੰਗ ੫੨੦**

ਸੰਸਾਰ ਵਿੱਚ ਗੁਰੂਆਂ ਤੇ ਚੇਲਿਆਂ ਨਾਲ ਹੀ ਇਤਿਹਾਸ ਬਣਦਾ ਹੈ। ਗੁਰੂ ਆਪਣੇ ਚੇਲਿਆਂ ਨੂੰ ਪੜਾਉਂਦਾ ਹੈ ਫਿਰ ਉਨ੍ਹਾਂ ਦੀ ਪ੍ਰੀਖਿਆ ਵੀ ਕਰਦਾ ਹੈ। ਜਿਵੇਂ ਸਕੂਲ ਦਾ ਅਧਿਆਪਕ ਪਹਿਲਾਂ ਬੱਚਿਆਂ ਨੂੰ ਪੜਾਉਂਦਾ ਹੈ ਫਿਰ ਇਮਤਿਹਾਨ ਲੈਂਦਾ ਹੈ ਇਸ ਤਰ੍ਹਾਂ ਦੁਨੀਆਂ ਵਿੱਚ ਜੋ ਵੀ ਮਹਾਂਪੁਰਖ ਆਏ ਹਨ ਉਨ੍ਹਾਂ ਆਪਣੇ ਸ਼ਿਸ਼ਾਂ ਦੀ ਪ੍ਰੀਖਿਆ ਕੀਤੀ ਹੈ। ਪਹਿਲਾਂ ਪੜ੍ਹਾਉਂਦੇ ਹਨ ਫਿਰ ਚੋਟਾਂ ਮਾਰਦੇ ਹਨ ਆਖਰ ਹੇਠਾਂ ਹੱਥ ਵੀ ਰੱਖਦੇ ਹਨ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ :

**"ਜਾਹ ਓ ਲਹਿਣਿਆ ਮੁਰਦਾ ਖਾਹ"**

ਪਰ ਜਦੋਂ ਲਹਿਣਾ ਜੀ ਖਾਣ ਨੂੰ ਗਏ ਅੱਗੇ ਹੱਥ ਰੱਖ ਦਿੱਤਾ ਕਿ ਕੜਾਹ ਪ੍ਰਸ਼ਾਦਿ ਪਿਆ ਹੈ। ਚੋਟ ਮਾਰੀ ਵੱਲ ਵਿੰਗ ਜੋ ਕੱਢਣੇ ਹੋਏ ਹੱਥ ਰੱਖ ਦਿੱਤਾ ਤਾਂ ਜੋ ਸੱਟ ਨਾ ਲੱਗੇ। ਫਿਰ ਲਹਿਣਾ ਜੀ ਬਣੇ ਗੁਰੂ ਅੰਗਦ ਦੇਵ ਜੀ ਤੇ ਪਰਖ ਕੀਤੀ ਗੁਰੂ ਅਮਰ ਦਾਸ ਜੀ ਦੀ। ਇਸ਼ਨਾਨ ਕਰਨ ਲਈ ਬਾਰਾਂ ਸਾਲ ਪਾਣੀ ਲੈਣ ਭੇਜਦੇ ਰਹੇ ਬਿਆਸ ਦਰਿਆ ਤੋਂ।  ਕੀ ਰਸਤੇ ਵਿੱਚ ਹੋਰ ਕੋਈ ਤਲਾਬ ਜਾਂ ਖੂਹ ਨਹੀਂ ਸੀ। ਪਰਖ ਜੋ ਕਰਨੀ ਸੀ। ਲੰਗਰ ਵਾਸਤੇ ਪਾਣੀ ਆਉਂਦਾ ਸੀ ਖਡੂਰ ਸਾਹਿਬ ਤੋਂ।

ਜਿਉਂ ਹੀ ਬਾਬਾ ਜੀ ਨੇ ਬਹਾਲ ਦਾਸ ਜੀ ਦੀ ਪ੍ਰੀਖਿਆ ਸ਼ੁਰੂ ਕੀਤੀ ਬਾਬਾ ਜੀ ਨੇ ਪੁੱਛਿਆ "ਬਹਾਲ ਦਾਸ, ਜਾ ਕੇ ਕੀ ਕਰਦਾ ਹੁੰਦਾ ਹੈ?"

ਬਹਾਲ ਦਾਸ ਜੀ ਚੁੱਪ ਕਰ ਗਏ ਕੁਝ ਨਾ ਬੋਲੇ। ਫਿਰ ਆਪ ਹੀ ਕਹਿਣ ਲੱਗੇ "ਵਿਹਲਾ ਨਾ ਰਿਹਾ ਕਰ ਖੂਹ ਪੱਟਿਆ ਕਰ।" ਬਹਾਲ ਦਾਸ ਜੀ ਨੇ ਸਤਿ ਬਚਨ ਕਿਹਾ।

ਰਾਤ ਨੂੰ ਜਦੋਂ ਘਰ ਜਾਂਦੇ ਖੂਹ ਪੁਟਨ ਲੱਗ ਜਾਂਦੇ ਕਈ ਦਿਨ ਇਸ

ਤਰ੍ਹਾਂ ਲੰਘ ਗਏ ਫਿਰ ਬਾਬਾ ਜੀ ਨੇ ਬਚਨ ਕੀਤਾ " ਘਰ ਵਾਲਾ ਖੂਹ ਛੱਡ ਦੇ ਤੇ ਇਥੇ ਖੂਹ ਪੁਟ ਦੇ।" ਸੇਵਕ ਨੇ ਫਿਰ ਸਤਿ ਬਚਨ ਕਿਹਾ।"

ਹੁਕਮ ਅਨੁਸਾਰ ਘਰ ਤੋਂ ਪੌੜੀ ਚੁੱਕ ਲਿਆਏ ਤੇ ਨਿਸ਼ਾਨ ਲੈ ਕੇ ਖੂਹ ਪੁਟਨ ਲੱਗ ਪਏ। ਪਹਿਲਾਂ ਤਾਂ ਉਂਝ ਹੀ ਪੁਟਿਆ ਜਦੋਂ ਡੂੰਘਾ ਹੋ ਗਿਆ ਤਾਂ ਪੌੜੀ ਨਾਲ ਮਿੱਟੀ ਬਾਹਰ ਕੱਢਣ ਲੱਗ ਪਏ। ਇਹ ਕੰਮ ਕਈ ਦਿਨ ਚਲਦਾ ਰਿਹਾ। ਹਰ ਵੇਲੇ ਇਸੇ ਸੇਵਾ ਦਾ ਖਿਆਲ ਰਹਿੰਦਾ ਕਿਉਂਕਿ :

**"ਨ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ"**

ਕਈ ਦਿਨ ਬਾਅਦ ਬਾਬਾ ਜੀ ਨੇ ਵੇਖ ਕੇ ਕਿਹਾ, "ਸ਼ੁਧ ਹੈ। ਹੁਣ ਅਸੀਂ ਇਸ ਵਿੱਚ ਦਿਨ ਵੇਲੇ ਰਹਿਣਾ ਹੈ ਕਿਉਂਕਿ ਗਰਮੀ ਬਹੁਤ ਹੈ।" ਫਿਰ ਆਪ ਕਦੀ ਦਿਨ ਵੇਲੇ ਕਦੀ ਰਾਤ ਨੂੰ ਇਸ ਵਿੱਚ ਰਹਿੰਦੇ ਸਨ। ਇਸ ਤੋਂ ਉਪਰੰਤ ਬਾਬਾ ਜੀ ਨੇ ਹੁਕਮ ਲਾਇਆ "ਬਹਾਲ ਦਾਸ, ਇਸ ਵਾਰ ਜਦੋਂ ਕਣਕ ਦੀ ਫਸਲ ਕੱਟਣ ਤੋਂ ਪਿੱਛੇ ਜਿਹੜੀ ਬੱਲੀ (ਸਿਟਾ) ਟੁੱਟ ਕੇ ਡਿੱਗੇ ਉਹ ਇਕੱਠੇ ਕਰਕੇ ਕਣਕ ਕੱਢਨੀ ਹੈ। ਉਸ ਦਾ ਆਟਾ ਬਣਾਕੇ ਖਾਂਵਾਗੇ।" ਇਸ ਤਰ੍ਹਾਂ ਹੀ ਬਹਾਲ ਦਾਸ ਜੀ ਨੇ ਕੀਤਾ। ਕਣਕ ਦੇ ਸਿੱਟੇ ਇਕੱਠੇ ਕਰਕੇ ਕਣਕ ਕੱਢ ਲਈ। ਉਸ ਤੋਂ ਬਾਅਦ ਧੋਤੀ ਅਤੇ ਫਿਰ ਸੁਕਾ ਕੇ ਆਪਣੇ ਹੱਥੀਂ ਆਪ ਪੀਸ ਕੇ ਲਿਆਂਦੀ ਪੁਰਾਨੇ ਤਰੀਕੇ ਵਾਂਗ। ਪਰੌਠਾ ਤਿਆਰ ਕਰਨਾ। ਬਾਬਾ ਜੀ ਕੋਲ ਆ ਕੇ ਰੱਖ ਦੇਣਾ ਆਪ ਪਿੱਛੇ ਹੋ ਕੇ ਬੈਠ ਜਾਣਾ ਬਾਬਾ ਜੀ ਨੇ ਇੱਕ ਗਰਾਹੀ ਤੋੜ ਲੈਣੀ ਤੇ ਪਰੌਂਠੇ ਦੀ ਇੱਕ ਗਰਾਹੀ ਹੀ ਸੰਤ ਬਹਾਲ ਦਾਸ ਜੀ ਨੂੰ ਦੇਣੀ। ਬੁਰਕੀ ਤੋਂ ਬਾਅਦ ਕਹਿਣਾ, ਬਹਾਲ ਦਾਸ, ਪਾਣੀ ਪੀ ਲੈ ਅਤੇ ਅਨੰਦ ਹੋ ਜਾ।" ਚੌਵੀਂ ਘੰਟੇ ਦੇ ਅੰਦਰ ਬਹਾਲ ਦਾਸ, ਜੀ ਨੇ ਪਾਣੀ ਤੋਂ ਬਿਨਾਂ ਹੋਰ ਕਿਸੇ ਚੀਜ਼ ਨੂੰ ਹੱਥ ਨਾ ਲਾਉਣਾ (ਕੋਈ ਚੀਜ਼ ਨਾ ਖਾਣੀ)। ਮਹਾਂਪੁਰਸ਼ਾਂ ਦੀ ਕ੍ਰਿਪਾ ਹੀ ਇਹੋ ਜਿਹੀ ਹੁੰਦੀ ਹੈ। ਜਿਵੇਂ ਭਾਈ ਨੰਦ ਲਾਲ ਦਾ ਕਥਨ ਹੈ –

**ਫਿਦਾ ਅਸਤ ਜਾਨੋ ਦਿਲਿ ਮਨ ਬ-ਖਾਕਿ ਮਕੱਦਸਿ ਪਾਕ॥**

ਪਦ ਅਰਥ : **ਹਰ ਆਂ ਕਸੇ ਕਿ ਬਸੂਏ ਤੇ ਰਹ ਨਮੂਦ ਮਰਾ**

ਫਿਦ ਅਸਤ (ਕੁਰਬਾਨ ਹੈ)

ਬ-ਖਾਕਿ (ਧੂੜੀ ਤੋਂ)

ਮਕੱਦਸਿ ਪਾਕ (ਚਰਣ ਰੱਖਣ ਦੀ ਪਵਿੱਤਰ ਥਾਂ)

ਹਰ ਆਂ ਕਸੇ (ਹਰੇਕ ਉਸ ਪੁਰਸ਼ ਤੋਂ)

ਕਿ ਬਸੂਏ ਤੋਂ (ਤੇਰੀ ਦਿਸ਼ਾ ਵੱਲ)

ਨਮੁਦ (ਵਿਖਾਵੇ ਯਾਂ ਦੱਸੇ)

ਸਰਾ (ਮੈਨੂੰ)

ਤੇਰਾ ਰਾਹ (ਰਸਤਾ) ਵਿਖਾਉਂਦਾ ਹੈ।

**ਧੂੜਿ ਤਿਨਾ ਦੀ ਚਰਨਾ ਉਪਰ ਤਨ ਮਨ ਭੇਟ ਚੜਾਇਆ**
**ਆਪ ਗਵਾਇਆ॥**
**ਜਿਹੜੇ ਸਤਿਗੁਰੂ ਪੂਰੇ ਨੇ ਤੁਧ ਵਲ ਮਾਰਗ ਪਾਇਆ**
**ਦਰ ਦਿਖਲਾਇਆ॥**

ਬਹਾਲ ਦਾਸ ਦੀ ਸੇਵਾ ਨੂੰ ਰੰਗ ਚੜਨ ਲੱਗ ਪਿਆ। ਮਨ ਨਾਮ ਵਿੱਚ ਰੰਗਿਆ ਗਿਆ। ਦੁਨੀਆਂ ਵਾਲੇ ਹੋਰ ਵੀ ਸੱਜਣ ਨਾਮ ਜਪਦੇ ਹਨ ਉਹ ਮਨ ਵਿੱਚ ਕੋਈ ਨਾ ਕੋਈ ਪਦਾਰਥ ਦੀ ਕਾਮਨਾ ਰੱਖ ਕੇ ਜਪਦੇ ਹਨ। ਸਿਮਰਨ ਦਾ ਅਸਲੀ ਰਸ ਤਾਂ ਉਸ ਵੇਲੇ ਹੀ ਆਉਂਦਾ ਹੈ ਜਦੋਂ ਅੰਦਰ ਦੀ ਕੋਈ ਕਾਮਨਾ ਨਾ ਹੋਵੇ, ਸਗੋਂ ਉਸ ਨੂੰ ਮਿਲਣ ਦੀ ਹੀ ਤਮੰਨਾ ਹੋਵੇ। ਜਿਵੇਂ ਕਿ ਲੋਹੇ ਦੀ ਡੱਬੀ ਵਿੱਚ ਪਾਰਸ ਦੀ ਵੱਟੀ ਕਾਗਜ਼ ਵਿੱਚ ਲਪੇਟ ਕੇ ਰੱਖ ਦੇਈਏ ਉਹ ਸੋਨਾ ਨਹੀਂ ਬਣੇਗੀ ਕਿਉਂ ਕਿ ਉਸ ਦੇ ਵਿਚਾਲੇ ਕਾਗਜ਼ ਜੋ ਹੈ। ਇਸੇ ਤਰ੍ਹਾਂ ਦੁਨੀਆਦਾਰ ਤੇ ਪ੍ਰਮੇਸ਼ਰ ਦੇ ਵਿਚਾਲੇ ਦੁਨਿਆਵੀ ਪਦਾਰਥ ਹਨ। ਉਹ ਸੱਚੇ ਗੁਰੂ ਨੂੰ ਮਿਲਨ ਦੇ ਰਸਤੇ ਵਿੱਚ ਕਾਗਜ਼ ਦਾ ਕੰਮ ਕਰਦੇ ਹਨ। ਜਿਹੜੇ ਪੁਰਸ ਦੇ ਵਿਚਾਲੇ ਇਹ ਕਾਗਜ਼ ਕੱਢ ਦੇਈਏ ਤਾਂ ਉਹ ਡੱਬੀ ਵੀ ਸੋਨਾ ਬਣ ਜਾਏਗੀ। ਸੋ ਇਸ ਤਰ੍ਹਾਂ ਜੋ ਵੀ ਪੁਰਸ਼ ਇਹ ਦੁਨਿਆਵੀ ਪਦਾਰਥਾਂ ਦੀ ਦੀਵਾਰ ਤੋੜ ਕੇ ਪਾਰਸ ਰੂਪੀ ਪ੍ਰਮੇਸ਼ਰ ਦੇ ਨਾਲ ਆਪਣਾ ਨਾਤਾ ਜੋੜਦਾ ਹੈ। ਉਸ ਨਾਲ ਲੱਗ ਕੇ ਸੋਨਾ ਬਣ ਜਾਂਦਾ ਹੈ। ਇਹੋ ਜਿਹੀ ਹਾਲਤ ਹੀ ਹੋ ਗਈ ਸੀ ਸੰਤ ਬਹਾਲ ਦਾਸ ਜੀ ਦੀ ਜਿਨ੍ਹਾਂ ਨੇ ਬਾਬਾ ਜੀ ਸ੍ਰੀ ਮਹਾਂ ਹਰਨਾਮ ਸਿੰਘ ਜੀ ਮਹਾਰਾਜ ਦੀ ਸੇਵਾ ਕਮਾਈ ਸੀ।

**ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥**
**ਗਉੜੀ ਸੁ: ਮ: ੫, ਅੰਗ ੨੮੬**

ਇਹ ਪ੍ਰਾਪਤੀ ਤਾਂ ਹੀ ਹੁੰਦੀ ਹੈ ਜੇ, ਬਾਬਾ ਜੀ ਵਰਗਾ ਮਹਾਂਪੁਰਖ ਹੋਵੇ ਤੇ ਸੇਵਾਦਾਰ ਹੋਵੇ ਸੰਤ ਬਹਾਲ ਦਾਸ ਜੀ ਵਰਗਾ।

ਮੁਰਸ਼ਿਦ ਕਾਮਿਲ-ਮੁਰੀਦ ਆਮਿਲ-ਖੁਦਾ ਸ਼ਾਮਿਲ।

ਪਰ ਇਹ ਪ੍ਰਾਪਤੀਆਂ ਉਸੇ ਪ੍ਰਾਣੀ ਨੂੰ ਹੁੰਦੀਆਂ ਹਨ ਜਿਸ ਉਪਰ ਪ੍ਰਮੇਸ਼ਰ ਆਪ ਕ੍ਰਿਪਾ ਕਰੇ। ਜਿਵੇਂ ਸਤਿਗੁਰਾਂ ਦਾ ਫੁਰਮਾਨ ਹੈ।

**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥**

**ਸੋਰਠਿ ਮ: ੫, ਅੰਗ ੬੪੨**

# ਸਰਬ ਰੋਗ ਕਾ ਅਉਖਦੁ ਨਾਮੁ ॥

**ਅੰਗ ੨੭੪**

ਕਦੇ ਕਦੇ ਹੁਕਮ ਹੋਣਾ ਤਾਂ ਬਹਾਲ ਦਾਸ ਜੀ ਨੇੜੇ ਦੇ ਪਿੰਡ ਗੋਬਿੰਦਪੁਰੇ ਗਜਾ ਕਰਨ ਜਾਇਆ ਕਰਦੇ ਸਨ। ਇੱਕ ਦਿਨ ਹੁਕਮ ਅਨੁਸਾਰ ਗਜਾ ਕਰਨ ਗਏ। ਇੱਕ ਘਰ ਦੇ ਬੂਹੇ ਅੱਗੇ ਅਲਖ ਜਗਾਈ। ਘਰ ਵਾਲੇ ਬਹੁਤ ਉਦਾਸ ਬੈਠੇ ਸਨ। ਬਹਾਲ ਦਾਸ ਜੀ ਨੇ ਗਜਾ ਪਾਉਣ ਆਏ ਪ੍ਰੇਮੀ ਨੂੰ ਉਦਾਸੀ ਦਾ ਕਾਰਨ ਪੁਛਿਆ। ਉਸ ਨੇ ਉਤਰ ਦਿੱਤਾ ਕਿ ਸਾਡੇ ਲੜਕੇ ਨੂੰ ਚੇਚਕ ਨਿਕਲੀ ਹੈ। ਉਸ ਦੀ ਬਚ ਜਾਣ ਦੀ ਉਮੀਦ ਨਹੀਂ ਹੈ। ਇਸ ਕਰਕੇ ਸਾਰਾ ਟੱਬਰ ਨਿਰਾਸ਼ ਬੈਠਾ ਹੈ। ਉਨ੍ਹਾਂ ਬਹਾਲ ਦਾਸ ਜੀ ਨੂੰ ਸਾਧੂ ਸਮਝ ਕੇ ਬੇਨਤੀ ਕੀਤੀ "ਮਹਾਰਾਜ ਕੋਈ ਕ੍ਰਿਪਾ ਕਰੋ।" ਕਿਉਂਕਿ ਡੁੱਬਦੇ ਨੂੰ ਤਿਨਕੇ ਦਾ ਸਹਾਰਾ। ਦੁਖੀ ਬੰਦੇ ਨੂੰ ਤਾਂ ਇਹ ਹੁੰਦਾ ਹੈ ਕਿ ਕਿਸੇ ਨੂੰ ਦੁੱਖ ਦੱਸਿਆ ਕੋਈ ਦਵਾਈ ਹੀ ਲੱਭ ਪਵੇ। ਜਾਨ ਬਚਾਉਣ ਲਈ ਮਨੁੱਖ ਹਰ ਤਰ੍ਹਾਂ ਨਾਲ ਹੱਥ ਪੈਰ ਮਾਰਦਾ ਹੈ।

ਬਹਾਲ ਦਾਸ ਜੀ ਨੇ ਕਿਹਾ "ਮੇਰੇ ਗੁਰੂ ਰੂੰਮੀ ਬੈਠੇ ਹਨ ਉਨ੍ਹਾਂ ਕੋਲੋਂ ਤੁਹਾਨੂੰ ਖੈਰ ਪੈ ਸਕਦੀ ਹੈ, ਮੇਰੇ ਕੋਲ ਤਾਂ ਕੁਝ ਨਹੀਂ। ਉਹ ਪੂਰਨ ਪ੍ਰਮੇਸ਼ਰ ਹਨ, ਜੋ ਚਾਹੁਣ ਕਰ ਸਕਦੇ ਹਨ।" ਇਹ ਗੱਲ ਸੁਣਕੇ ਪ੍ਰੇਮੀ ਦੇ ਦਿਲ ਨੂੰ ਕੁਝ ਹੌਂਸਲਾ ਹੋਇਆ ਬਹਾਲ ਦਾਸ ਜੀ ਵਾਪਸ ਰੂੰਮੀ ਆ ਗਏ। ਉਨ੍ਹਾਂ ਅਜੇ ਬਾਬਾ ਜੀ ਅੱਗੇ ਦੁੱਧ ਰੱਖਿਆ ਹੀ ਸੀ ਕਿ ਗੋਬਿੰਦਪੁਰੇ ਪਿੰਡ ਦਾ ਪ੍ਰੇਮੀ ਵੀ ਆ ਪਹੁੰਚਿਆ।

ਬਾਬਾ ਜੀ ਨੂੰ ਬਹਾਲ ਦਾਸ ਜੀ ਨੇ ਸਭ ਕੁਝ ਦੱਸ ਦਿੱਤਾ ਸੀ। ਬਾਬਾ ਜੀ ਨੇ ਹੁਕਮ ਲਾਇਆ "ਕਿ ਇਸ ਨੂੰ ਪਿੱਛੇ ਹੀ ਖੜਾ ਰਹਿਣ ਲਈ ਕਹਿ ਦੇਵੀਂ।"

ਬਹਾਲ ਦਾਸ ਜੀ ਨੇ ਉਸ ਨੂੰ ਰੋਕ ਦਿੱਤਾ ਅਤੇ ਪਿੱਛੇ ਬੈਠ ਜਾਣ ਦੀ ਤਾਕੀਦ ਕੀਤੀ। ਬਾਬਾ ਜੀ ਦੇ ਦੁੱਧ ਛੱਕਣ ਤੋਂ ਬਾਅਦ ਸੇਵਕ ਨੂੰ ਕਿਹਾ ਕਿ ਉਸ ਪ੍ਰੇਮੀ ਨੂੰ ਬੁਲਾ ਲਉ। ਬਾਬਾ ਜੀ ਮੁੱਖ ਤੇ ਕੱਪੜਾ ਰੱਖਦੇ ਸਨ। ਬਹਾਲ ਦਾਸ ਜੀ ਨੇ ਉਸ ਨੂੰ ਬੁਲਾ ਲਿਆ। ਉਸ ਪ੍ਰੇਮੀ ਨੇ ਨੇੜੇ ਆ ਕੇ ਨਮਸ਼ਕਾਰ ਕੀਤੀ ਤੇ ਭਰੇ ਹੋਏ ਗਲੇ ਨਾਲ ਵਿਆਖਿਆ ਸੁਣਾਈ ਅਤੇ ਅੱਖਾਂ ਵਿਚੋਂ ਨੀਰ ਵਹਿ ਤੁਰਿਆ। ਬਾਬਾ ਜੀ ਨੇ ਧੀਰਜ ਦਿੱਤਾ ਤੇ ਬਚਨ ਕੀਤਾ "ਨਿਰੰਕਾਰ ਦੇ ਹੁਕਮ ਤੋਂ ਬਿਨਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਤੂੰ ਕੋਈ ਚੀਜ਼ ਨਾਲ (ਪ੍ਰਸਾਦਿ ਆਦਿ) ਲੈ ਕੇ ਆਇਆ ਹੈ।

ਨਹੀਂ ਜੀ ਮੈ ਕਾਹਲੀ ਵਿੱਚ ਭੁਲ ਆਇਆ ਹਾਂ।"

ਬਚਨ ਹੋਇਆ "ਚੰਗਾ ਬੇਰੀ ਤੋਂ ਬੇਰ ਹੀ ਤੋੜ ਲਉ।"

ਉਸਨੇ ਖੜ੍ਹਾ ਹੋ ਕੇ ਬੇਰੀ ਦੇ ਬੇਰ ਤੋੜ ਲਏ। ਬਾਬਾ ਜੀ ਨੇ ਹੁਕਮ ਕੀਤਾ "ਬਹਾਲ ਦਾਸ, ਦੋ ਬੇਰ ਇਸ ਤੋਂ ਲੈ ਕੇ ਮੇਰੇ ਕੋਲ ਲਿਆ ਦੇ"। ਬਹਾਲ ਦਾਸ ਜੀ ਨੇ ਦੋ ਬੇਰ ਲਿਆ ਕੇ ਬਾਬਾ ਜੀ ਨੂੰ ਦਿੱਤੇ। ਬਾਬਾ ਜੀ ਨੇ ਬੇਰ ਹੱਥਾਂ ਵਿੱਚ ਘੁੱਟ ਕੇ ਦੋ ਪੰਗਤੀਆਂ ਪੜ੍ਹੀਆਂ।

**ਨਾਰਾਇਣ ਕਹਤ ਜਮੁ ਭਾਗਿ ਪਲਾਇਣ ॥**

**ਗੋਂਡ ਮ: ੫, ਅੰਗ ੮੬੬**

ਇਸ ਤਰ੍ਹ ਇਹ ਪੰਗਤੀਆਂ ਤਿਨ ਵਾਰ ਪੜ੍ਹੀਆਂ ਤੇ ਜਦੋਂ ਬਾਬਾ ਜੀ ਨੇ ਹੱਥ ਖੋਹਲੇ ਤਾਂ ਬੇਰ ਟੁਟੇ ਹੋਏ ਸਨ। ਝਟ ਬਚਨ ਕੀਤਾ "ਵੇਖਿਆ ਦੰਦ ਭੰਨ ਕੇ ਪਿਛਾਹ ਮੋੜੀ ਹੈ। ਜਾਹ ਘਰ ਪਹੁੰਚ ਜਾ। ਹੁਣ ਬੱਚੇ ਨੂੰ ਆਰਾਮ ਹੈ।" ਇਹ ਕੌਤਕ ਵੇਖ ਕੇ ਉਹ ਪ੍ਰੇਮੀ ਹੈਰਾਨ ਹੋ ਗਿਆ। ਸਤਿ ਬਚਨ ਕਹਿ ਕੇ ਤੇ ਨਮਸਕਾਰ ਕਰਕੇ ਘਰ ਨੂੰ ਤੁਰ ਪਿਆ। ਮਨ ਵਿੱਚ ਅਜੇ ਵੀ ਬੱਚੇ ਦਾ ਫਿਕਰ ਹੈ। ਮਹਾਂਪੁਰਖ ਦੀ ਲੀਲਾ ਦੇਖ ਕੇ ਵੀ ਆਦਮੀ ਦਾ ਮਨ ਨਹੀਂ ਟਿਕਦਾ। ਇਹ ਮਨ ਬੇ-ਮੁਹਾਰਾ ਜੋ ਹੋਇਆ। ਘਰ ਪਹੁੰਚ ਕੇ ਦੇਖਿਆ ਤਾਂ ਸਾਰਾ ਪਰਵਾਰ ਖੁਸ਼ ਨਜ਼ਰ ਆ ਰਿਹਾ ਸੀ। ਮੁੰਡਾ ਤੰਦਰੁਸਤ ਹੋ ਕੇ ਖੇਡ ਰਿਹਾ ਸੀ।

ਫਿਰ ਉਹ ਪ੍ਰੇਮੀ ਕਈ ਦਿਨਾਂ ਬਾਅਦ ਬਾਬਾ ਜੀ ਪਾਸ ਆਇਆ ਤੇ ਬੇਨਤੀ ਕੀਤੀ "ਮਹਾਰਾਜ ਕੋਈ ਪੁੰਨਦਾਨ ਤਾਂ ਨਹੀਂ ਕਰਨਾ ਕਿਉਂਕਿ ਉਸ ਦਿਨ ਛੇਤੀ ਨਾਲ ਮੇਰੇ ਕੋਲੋਂ ਪੁੱਛਿਆ ਨਾ ਗਿਆ।"

ਬਾਬਾ ਜੀ ਕਹਿਣ ਲੱਗੇ, "ਜੇ ਕਰ ਸਕਦਾ ਹੈ ਤਾਂ ਕਰਦੇ।"

**ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥**

**ਧਨਾਸਰੀ ਮ: ੫, ਅੰਗ ੬੭੯**

ਪਰ ਜੇ ਘਰ ਵਿੱਚ ਇਤਨੀ ਪਹੁੰਚ ਨਹੀਂ ਤਾਂ ਨਾਮ ਜਪ ਲਿਆ ਕਰ।" ਵਾਹਿਗੁਰੂ ਵਾਹਿਗੁਰੂ ਕਰਦਾ ਰਿਹਾ ਕਰ। ਇਸ ਅੰਦਰ ਹੀ ਸਭ ਪੁੰਨ ਦਾਨ ਆ ਜਾਂਦੇ ਹਨ।

**ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥**

**ਅੰਗ ੪੦੧**

ਇਸ ਤਰ੍ਹਾਂ ਇਸ ਪ੍ਰੇਮੀ ਨੂੰ ਸਭ ਭਰਮਾਂ ਭੁਲੇਖਿਆਂ ਵਿਚੋਂ ਬਾਬਾ ਜੀ ਨੇ ਕੱਢ ਦਿੱਤਾ ਤੇ ਨਾਲ ਹੀ ਨਾਮ ਜਪਣ ਲਾ ਦਿੱਤਾ।

**ਸੰਤ ਕ੍ਰਿਪਾ ਤੇ ਹਿਰਦੈ ਵਾਸੈ।**

ਪ੍ਰਮੇਸ਼ਰ ਦਾ ਨਾਮ ਸੁਨਣ ਕਰਕੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ ਜਿਵੇਂ ਵਜੀਰ ਖਾਂ ਦਾ ਦੁਖ ਦੂਰ ਹੋਇਆ ਸੀ।

ਜਹਾਂਗੀਰ ਬਾਦਸ਼ਾਹ ਦਾ, ਵਜ਼ੀਰ, ਵਜ਼ੀਰ ਖਾਂ ਸੀ। ਇਸ ਨੂੰ ਪੇਟ ਦਾ ਜਲੋਧਰ ਰੋਗ ਹੋ ਗਿਆ। ਇਸ ਨੇ ਬੜੇ ਡਾਕਟਰ ਸੱਦੇ ਪਰ ਰੋਗ ਦੂਰ ਨਾ ਹੋਇਆ। ਇੱਕ ਦਿਨ ਪਿਛਲੀ ਰਾਤ ਅੱਖ ਖੁੱਲ੍ਹ ਗਈ ਜਾਗਦੇ ਹੋਏ ਦੇ ਕੰਨਾਂ ਵਿੱਚ ਆਵਾਜ਼ ਪਈ। ਇਹ ਅਵਾਜ਼ ਇਵੇਂ ਸੀ ਕਿ ਜਿਵੇਂ ਕੋਈ ਸਿੱਖ ਸੁਖਮਨੀ ਸਾਹਿਬ ਪੜ੍ਹਦਾ ਜਾ ਰਿਹਾ ਸੀ। ਅਵਾਜ਼ ਪੈਣ ਦੀ ਦੇਰ ਸੀ ਰੋਗੀ ਨੂੰ ਕੁਝ ਆਰਾਮ ਆਇਆ। ਫਿਰ ਜਦੋਂ ਵੀ ਉਹ ਸਿੱਖ ਬਾਣੀ ਪੜ੍ਹਦਾ ਲੰਘੇ, ਵਜ਼ੀਰ ਖਾਂ ਬੜੇ ਧਿਆਨ ਨਾਲ ਸੁਣਿਆ ਕਰੇ। ਰੋਜ਼ ਸੁਣਦਿਆਂ ਹੋਰ ਅਰਾਮ ਹੋ ਗਿਆ।

ਇਕ ਦਿਨ ਇਸ ਨੇ ਸਿੱਖ ਨੂੰ ਆਪਣੇ ਘਰ ਬੁਲਾ ਲਿਆ ਅਤੇ ਬੜਾ ਸਤਿਕਾਰ ਕੀਤਾ। ਉਸ ਪਾਸੋਂ ਸੁਖਮਨੀ ਸਾਹਿਬ ਜੀ ਦਾ ਸਾਰਾ ਪਾਠ ਸੁਣਿਆ।

ਪਾਠ ਸੁਣਦਿਆਂ ਮਮੂਲੀ ਰੋਗ ਬਾਕੀ ਰਹਿ ਗਿਆ।

ਵਜ਼ੀਰ ਖਾਂ ਨੇ ਪੁੱਛਿਆ "ਇਹ ਕਿਸ ਦੀ ਕਲਾਮ ਹੈ?"

ਗੁਰਸਿੱਖ ਨੇ ਕਿਹਾ "ਇਹ ਬਾਣੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਹੈ। ਜੋ ਇਸ ਵੇਲੇ ਸ੍ਰੀ ਗੁਰੂ ਨਾਨਕ ਜੀ ਦੀ ਗੱਦੀ ਤੇ ਬਿਰਾਜਮਾਨ ਹਨ।"

ਵਜ਼ੀਰ ਖਾਂ ਨੇ ਕਿਹਾ, "ਮੈਨੂੰ ਉਹਨਾਂ ਕੋਲ ਲੈ ਚੱਲ।"

ਵਜ਼ੀਰ ਖਾਂ ਨੂੰ ਲੈ ਕੇ ਸਿੱਖ ਅੰਮ੍ਰਿਤਸਰ ਪਹੁੰਚ ਗਿਆ। ਗੁਰੂ ਜੀ ਅੱਗੇ ਭੇਟਾ ਰੱਖ ਕੇ ਚਰਨਾਂ ਤੇ ਢਹਿ ਪਿਆ। ਉਸ ਵੇਲੇ ਗੁਰੂ ਸਾਹਿਬ ਕਾਰ ਸੇਵਾ ਕਰਵਾ ਰਹੇ ਸਨ। ਵਜ਼ੀਰ ਖਾਂ ਨੇ ਆਪਣੀ ਵਿਥਿਆ ਸੁਣਾ ਕੇ ਬੇਨਤੀ ਕੀਤੀ "ਮਹਾਰਾਜ! ਆਪ ਦੀ ਮੇਹਰ ਸਦਕਾ ਸੁਖਮਨੀ ਸਾਹਿਬ ਦਾ ਪਾਠ ਸੁਨਣ ਨਾਲ ਮੇਰਾ ਰੋਗ ਤਾਂ ਦੂਰ ਹੋ ਗਿਆ ਹੈ ਪਰ ਅਜੇ ਪੇਟ ਵਿੱਚ ਪਾਣੀ ਹੈ, ਡਰ ਹੈ ਕਿਧਰੇ ਫੇਰ ਨਾ ਪੀੜ ਹੋ ਜਾਵੇ। ਕ੍ਰਿਪਾ ਕਰੋ।"

ਗੁਰੂ ਸਾਹਿਬ ਨੇ ਉਸਨੂੰ ਬਾਬਾ ਬੁੱਢਾ ਜੀ ਕੋਲ ਭੇਜ ਦਿੱਤਾ। ਜਿਸ ਥਾਂ ਬਾਬਾ ਬੁੱਢਾ ਜੀ ਦੀ ਬੇਰੀ ਹੈ। ਜਿਸ ਵੇਲੇ ਵਜ਼ੀਰ ਖਾਂ ਆਇਆ ਬਾਬਾ ਜੀ ਆਪ ਟੋਕਰਾ ਚੁੱਕ ਕੇ ਸੇਵਾ ਕਰ ਰਹੇ ਸਨ। ਜਦੋਂ ਇਹ ਨੇੜੇ ਹੋ ਕੇ ਬੇਨਤੀ ਕਰਨ ਲੱਗਾ ਬਾਬਾ ਬੁੱਢਾ ਜੀ ਨੇ ਕਿਹਾ "ਹੱਟ ਜ ਪਰੇ ਸੇਵਾ ਕਰ ਲੈਣ ਦੇਹ"।

ਇਹ ਸੁਣ ਵਜ਼ੀਰ ਖਾਂ ਘਬਰਾਇਆ ਨਹੀਂ ਉਥੇ ਹੀ ਸ਼ਰਧਾ ਧਾਰ ਕੇ ਖੜਾ ਰਿਹਾ। ਇਹ ਸ਼ਰਧਾ ਵੇਖ ਬਾਬਾ ਬੁੱਢਾ ਜੀ ਨੇ ਟੋਕਰੀ ਉਸ ਵਲ ਮਾਰੀ। ਟੋਕਰੀ ਉਸ ਦੇ ਪੇਟ ਤੇ ਵੱਜੀ। ਉਸ ਵੇਲੇ ਹੀ ਅਰੋਗ ਹੋ ਗਿਆ।

ਇਸ ਪ੍ਰਕਾਰ ਨਾਮ ਸੁਨਣ ਨਾਲ ਦੁਖਾਂ ਦਾ ਨਾਸ਼ ਹੋ ਜਾਂਦਾ ਹੈ। ਜਿਵੇਂ ਸੰਤਾਂ ਪਾਸੋਂ ਨਾਮ ਸੁਨਣ ਨਾਲ ਅਜਾਮਲ ਪਾਪੀ ਦੇ ਪਾਪ ਨਸ਼ਟ ਹੋ ਗਏ ਸਨ ਧਾੜਵੀ ਬਾਲਮੀਕ ਤੇ ਸਧਨੇ ਕਸਾਈ ਵਰਗੇ ਤਰ ਗਏ ਸਨ। ਸੋ ਨਾਮ ਹੀ ਸਭ ਦੁਖਾਂ ਦਾ ਦਾਰੂ ਹੈ।

**"ਨਾਮੁ ਸੁਨਤ ਦਰਦ ਦੁਖ ਲਥਾ॥**
**ਸੁਣਿਐ ਦੂਖ ਪਾਪ ਕਾ ਨਾਸੁ॥੮॥"**

# ਜੋ ਇਛੇ ਸੋਈ ਫਲੁ ਪਾਵੈ ॥

ਮਹਾਂਪੁਰਖ ਜਿਸ ਸਮੇਂ ਅਨੰਦ ਹੋ ਜਾਣ ਉਸ ਵੇਲੇ ਉਨ੍ਹਾਂ ਦੇ ਸਾਹਮਣੇ ਕੋਈ ਵੀ ਪ੍ਰਾਣੀ ਆ ਜਾਵੇ, ਉਸ ਦੀ ਮਨੋਕਾਮਨਾ ਪੂਰੀ ਕਰ ਦਿੰਦੇ ਹਨ। ਰਹਿਮਤ ਦੇ ਘਰ ਵਿੱਚ ਆਏ ਹੋਣ ਤਾਂ ਸਭ ਸ਼ਿਕਵੇ ਗਿਲੇ ਮਿਟਾ ਦਿੰਦੇ ਹਨ।

ਲੋਹਾ ਖੇੜਾ ਪਿੰਡ ਦਾ ਵਾਸੀ, ਜਿਸਨੂੰ ਮੋਦਨ ਕਹਿੰਦੇ ਸਨ, ਉਹ ਅਖਾੜੇ ਲਾ ਕੇ ਗੀਤ ਗਾਇਆ ਕਰਦਾ ਸੀ। ਉਨ੍ਹਾਂ ਸਮਿਆਂ ਵਿੱਚ ਢੱਡ ਸਾਰੰਗੀ ਹੀ ਸੰਗੀਤ ਦਾ ਸਾਧਨ ਸੀ। ਅੱਜ ਕੱਲ ਤਾਂ ਕਈ ਤਰ੍ਹਾਂ ਦੇ ਸਾਜ ਸੰਗੀਤ ਨੂੰ ਹੋਰ ਵੀ ਮਿੱਠਾ, ਸੁਰੀਲਾ ਬਣਾਉਂਦੇ ਹਨ। ਪਰ ਉਸ ਵੇਲੇ ਦੇ ਲੋਕਾਂ ਦਾ ਹਰਮਨ ਪਿਆਰਾ ਸੰਗੀਤ ਢੱਡ ਸਾਰੰਗੀ ਹੀ ਸੀ ਤੇ ਗੀਤ ਹੀ ਹੁੰਦੇ ਸਨ, ਕਲੀਆ, ਬੀਤ ਗਏ ਆਸ਼ਕਾਂ ਦੀਆਂ ਵਾਰਾਂ ਵੀ ਗਾਈਆਂ ਜਾਂਦੀਆਂ ਸਨ। ਰਾਜੇ ਮਹਾਰਾਜੇ ਵੀ ਆਪਣੇ ਮਨੋਰੰਜਨ ਲਈ ਇਹ ਕਲੀਆਂ ਸੁਣਦੇ ਸਨ। ਢੱਡ ਨਾਲ ਗਾਉਣ ਵਾਲਾ ਮੋਦਨ ਇੱਕ ਦਿਨ ਬਾਬਾ ਜੀ ਦੇ ਦਰਸ਼ਨ ਕਰਨ ਰੂੰਮੀ ਆਇਆ। ਬਾਬਾ ਜੀ ਪਾਸ ਪਹੁੰਚ ਕੇ ਉਸਨੇ ਨਮਸਕਾਰ ਕੀਤੀ ਅਤੇ ਕੋਲ ਬੈਠ ਗਿਆ। ਬਾਬਾ ਜੀ ਨੇ ਆਪਣੀ ਮਰਯਾਦਾ ਅਨੁਸਾਰ ਉਸ ਦਾ ਨਾਮ ਪਿੰਡ ਗੋਤ ਘਰ ਦੇ ਮੈਂਬਰਾਂ ਦੇ ਨਾਮ, ਕਬੀਲੇ ਦਾ ਨਾਮ ਕੰਮ, ਆਦਿਕ ਪੁੱਛਿਆ (ਬਾਬਾ ਜੀ ਹਰ ਨਵੇਂ ਆਉਣ ਵਾਲੇ ਪ੍ਰੇਮੀ ਨੂੰ ਉਸਦਾ ਨਾਮ, ਪਿੰਡ, ਗੋਤ, ਨਾਨਕੇ, ਭੂਆ, ਸੌਹਰੇ ਆਦਿ ਸਭ ਕੁਝ ਪੁੱਛਦੇ ਸਨ)।

ਉਸਨੇ ਉੱਤਰ ਵਿੱਚ ਸਭ ਕੁਝ ਦੱਸ ਦਿੱਤਾ ਅਤੇ ਆਪਣਾ ਕਿੱਤਾ ਗਾਉਣਾ ਵੀ ਦੱਸਿਆ। ਬਾਬਾ ਜੀ ਨੇ ਬਚਨ ਕੀਤਾ "ਸਾਨੂੰ ਵੀ ਕੁਝ ਸੁਣਾ ਦੇ।" ਮੋਦਨ ਇੱਕ ਵਾਰੀ ਤਾਂ ਝਿੱਜਕ ਗਿਆ ਕਿਉਂਕਿ ਉਹ ਸੋਚਦਾ ਸੀ ਜੋ ਉਹ ਗਾਉਂਦਾ ਹੈ, ਬਾਬਾ ਜੀ ਸ਼ਾਇਦ ਸੁਣ ਕੇ ਨਰਾਜ਼ ਨਾ ਹੋਣ। ਬਾਬਾ ਜੀ ਉਸਦੇ ਅੰਦਰ ਦੀ ਗੱਲ ਬੁੱਝ ਕੇ ਕਹਿਣ ਲੱਗੇ "ਸ਼ਰਮਾਂ ਨਹੀਂ। ਜੋ ਤੈਨੂੰ ਆਉਂਦਾ ਹੈ ਉਹੀ ਸੁਣਾ ਦੇ।"

ਉਸਨੇ ਬਚਨ ਮੰਨ ਕੇ ਹੀਰ ਦੀ ਇੱਕ ਕਲੀ ਉੱਚੀ ਆਵਾਜ਼ ਵਿੱਚ

ਸੁਣਾਈ। ਬਾਬਾ ਜੀ ਕਲੀ ਸੁਣ ਕੇ ਪ੍ਰਸੰਨ ਹੋਏ ਤੇ ਹੁਕਮ ਕੀਤਾ ਕਿ "ਹੋਰ ਵੀ ਸੁਣਾ।" ਉਸ ਨੇ ਹੋਰ ਸੁਣਾ ਦਿੱਤੀਆਂ। ਬਾਬਾ ਜੀ ਪੁੱਛਣ ਲੱਗੇ ਕਿੰਨੀ ਕੁ ਆਮਦਨ ਹੋ ਜਾਂਦੀ ਹੈ ਗਾਉਣ ਵੇਲੇ।

ਉਸਨੇ ਉੱਤਰ ਦਿੱਤਾ 'ਮਹਾਰਾਜ ! ਫਸਲ ਘੱਟ ਹੁੰਦੀ ਹੈ। ਕਾਲ ਪੈ ਜਾਂਦਾ ਹੇ। ਲੋਕਾਂ ਦਾ ਹੱਥ ਤੰਗ ਹੋਣ ਕਰਕੇ ਕੋਈ ਆਨਾ ਕੋਈ ਦੋ ਆਨੇ ਦੇ ਦਿੰਦਾ ਹੈ। ਜੇ ਕੋਈ ਸਰਦਾਰ ਆ ਜਾਵੇ ਤਾਂ ਇੱਕ ਰੁਪਿਆ ਦੇ ਦਿੰਦਾ ਹੈ। ਆਮਦਨ ਤਾਂ ਰੋਟੀ ਜੋਗੀ ਹੀ ਹੁੰਦੀ ਹੈ।

ਬਾਬਾ ਜੀ ਨੇ ਬਚਨ ਕੀਤਾ ਗਾਉਣ ਵੇਲੇ ਮਸਤ ਹੋ ਕੇ ਗਾਇਆ ਕਰ। ਸੁਨਣ ਵਾਲੇ ਆਪਣੇ ਆਪ ਮਸਤ ਹੋ ਜਾਇਆ ਕਰਨਗੇ। ਫਿਰ ਤੇਰੇ ਕੋਲ ਕੋਈ ਕਮੀ ਨਹੀਂ ਰਹੇਗੀ। ਮਾਈਆਂ ਵੀ ਤੇਰੇ ਅੱਗੇ ਗਹਿਣੇ ਲਾਹ ਕੇ ਸੁੱਟ ਦਿਆਂ ਕਰਨਗੀਆਂ। ਪਰ ਅੱਠ ਪਹਿਰਾਂ ਵਿੱਚ ਵੇਹਲੇ ਸਮੇਂ "ਵਾਹਿਗੁਰੂ ਵਾਹਿਗੁਰੂ" ਕਰਿਆ ਕਰ।

**ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥**
**ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥**

**ਸੂਹੀ ਮ: ੧, ਅੰਗ ੭੨੯**

ਇਹ ਬਚਨ ਸੁਣ ਕੇ ਉਸਨੇ "ਸਤਿ ਬਚਨ" ਕਿਹਾ ਤੇ ਫਿਰ ਆਗਿਆ ਲੈ ਕੇ ਚਲਾ ਗਿਆ। ਬ੍ਰਿਧ ਸ: ਸਰਵਣ ਸਿੰਘ ਪਿੰਡ ਭਾਗੀ ਬਾਂਦਰ ਵਾਲੇ ਦੱਸਦੇ ਹਨ ਕਿ ਇਹ ਬਚਨ ਸੱਚ ਹੋਇਆ। ਮੋਦਨ ਨੂੰ ਕੋਈ ਕਮੀ ਨਾ ਰਹੀ ਲੋਕ ਬੜੇ ਪ੍ਰੇਮ ਨਾਲ ਉਸਦੇ ਗੀਤ ਸੁਣਦੇ ਸਨ। ਮਹਾਂਪੁਰਖਾਂ ਦਾ ਬਚਨ ਫਿਰ ਬੇਅਰਥ ਕਿਵੇਂ ਹੋ ਸਕਦਾ ਹੈ। ਇਸ ਤਰ੍ਹਾਂ ਬਾਬਾ ਜੀ ਨੇ ਮੋਦਨ ਨੂੰ ਰੋਜ਼ੀ ਤੋਂ ਬੇਫਿਕਰ ਕਰ ਦਿੱਤਾ। ਨਾਲ ਹੀ ਨਾਮ ਜਪਣ ਦੀ ਤਾਕੀਦ ਕਰ ਦਿੱਤੀ ਤਾਂ ਕਿ ਉਸ ਦਾ ਲੋਕ ਪ੍ਰਲੋਕ ਸੁਧਰ ਜਾਏ।

**ਪ੍ਰੀਤ ਹਰੀ ਕੇ ਨਾਮ ਕੀ ਲੋਕ ਪ੍ਰਲੋਕ ਸਹਾਇ॥**
**ਅਵਰੁ ਪ੍ਰੀਤਾ ਝੂਠੀਆਂ ਆਗੈ ਰਹਿਣ ਨਾ ਪਾਇ॥**

# ਸਭ ਰੋਗ ਮਿਟਾਵੇ ਨਵਾ ਨਿਰੋਆ ॥

# ਨਾਨਕ ਰਖਾ ਆਪੇ ਹੋਆ ॥

**ਅੰਗ ੭੪੪-੪੫**

ਰੂੰਮੀ ਕਈਆਂ ਪਿੰਡਾਂ ਨੂੰ ਆਉਣ ਦੇ ਰਸਤੇ ਵਿੱਚ ਪੈਂਦਾ ਹੋਣ ਕਰਕੇ ਆਮ ਲੋਕ ਬਾਬਾ ਜੀ ਦੇ ਆਸਨ ਕੋਲੋ ਦੀ ਹੀ ਲੰਘਦੇ ਸਨ। ਕਿਸੇ ਉਪਰ ਜੇ ਕ੍ਰਿਪਾ ਕਰਨੀ ਹੁੰਦੀ ਉਸਦਾ ਮਨ ਆਪ ਹੀ ਦਰਸ਼ਨ ਕਰਨ ਲਈ ਪ੍ਰੇਰਿਆ ਜਾਂਦਾ। ਉਂਝ ਤੇ ਸਾਰਾ ਸੰਸਾਰ ਹੀ ਦੁਖੀ ਹੈ। ਕੋਈ ਧਨ ਵੱਲੋਂ, ਕੋਈ ਔਲਾਦ ਵੱਲੋਂ, ਕੋਈ ਰੋਗ ਨਾਲ ਤਾਂ ਹੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ–

**ਨਾਨਕ ਦੁਖੀਆ ਸਭ ਸੰਸਾਰੁ ॥**

ਇਸੇ ਤਰ੍ਹਾਂ ਇੱਕ ਪ੍ਰੇਮੀ ਜੋ ਸਰੀਰਕ ਤੌਰ ਤੇ ਦੁਖੀ ਸੀ ਬਾਬਾ ਜੀ ਦੀ ਸ਼ੁਹਰਤ ਸੁਣ ਕੇ ਰੂੰਮੀ ਆ ਗਿਆ। ਬਾਬਾ ਜੀ ਦੇ ਆਸਣ ਕੋਲ ਪਹੁੰਚ ਕੇ ਨਮਸ਼ਕਾਰ ਕੀਤੀ। ਬਾਬਾ ਜੀ ਨੇ ਹੱਥ ਦੇ ਇਸ਼ਾਰੇ ਦੇ ਨਾਲ ਬੈਠਣ ਲਈ ਕਿਹਾ। ਪਹਿਲਾਂ ਵਾਂਗ ਹੀ ਬਾਬਾ ਜੀ ਨੇ ਉਸਦੇ ਨਾਮ ਪਿੰਡ ਤੇ ਗੋਤ ਆਦਿ ਬਾਰੇ ਪੁੱਛਿਆ।

ਉਸ ਪ੍ਰੇਮੀ ਨੇ ਉੱਤਰ ਵਿੱਚ ਸਭ ਕੁਝ ਦੱਸ ਦਿੱਤਾ ਤੇ ਫਿਰ ਆਪਣੀ ਗੱਲ ਕਰਨ ਲੱਗਾ ਜਿਸ ਦੇ ਲਈ ਉਹ ਬਾਬਾ ਜੀ ਕੋਲ ਆਇਆ ਸੀ। ਕਹਿਣ ਲੱਗਾ 'ਪਾਤਸ਼ਾਹ! ਹਰ ਸਾਲ ਮੇਰੇ ਸੱਪ ਲੜ ਜਾਦਾ ਹੈ। ਕੋਈ ਕ੍ਰਿਪਾ ਕਰੋ ਇਸ ਤੋਂ ਮੇਰਾ ਬਚਾ ਹੋ ਜਾਵੇ।'

ਬਾਬਾ ਜੀ ਨੇ ਪੁੱਛਿਆ "ਇਸ ਦੇ ਲੜਨ ਦਾ ਕੀ ਕਾਰਨ ਹੈ।" ਇਹ ਪ੍ਰਸ਼ਨ ਸੁਣ ਕੇ ਉਸ ਗੁਰਸਿਖ ਨੇ ਆਪਣੀ ਪਿਛਲੀ ਹੱਡ ਬੀਤੀ ਹਕੀਕਤ ਸ਼ੁਰੂ ਕਰ ਦਿੱਤੀ। ਕਹਿਣ ਲੱਗਾ –

"ਇਕ ਵਾਰ ਮੈਂ ਆਪਣੇ ਘਰੋਗੀ ਕੰਮ ਕਰਨ ਲਈ ਮੁਲਤਾਨ ਗਿਆ। ਉਥੇ ਮੈਨੂੰ ਇੱਕ ਫਕੀਰ ਨਜ਼ਰ ਆਇਆ। ਖਿਆਲ ਆਇਆ ਫਕੀਰ ਹੈ, ਕੋਈ ਸੇਵਾ ਹੀ ਕਰ ਦੇਖੀਏ। ਨੇੜੇ ਪਹੁੰਚ ਕੇ ਮੈਂ ਸੇਵਾ ਪੁੱਛੀ ਤਾਂ ਫਕੀਰ ਜੀ

ਨੇ ਤਮਾਕੂ ਦੀ ਮੰਗ ਕੀਤੀ। ਮੈਂ ਉਨ੍ਹਾਂ ਨੂੰ ਕਹਿ ਦਿੱਤਾ ਕਿ ਮੈਂ ਸਿੱਖ ਹਾਂ ਮੇਰੇ ਕੋਲੋਂ ਪੈਸੇ ਲੈ ਲਵੋਂ। ਇਹ ਤੁਸੀਂ ਆਪ ਲੈ ਆਉਣਾ ਜਾਂ ਕਿਸੇ ਤੋਂ ਮੰਗਵਾ ਲੈਣਾ। ਮੈਂ ਤਾਂ ਤੁਮਾਕੂ ਨੂੰ ਹੱਥ ਨਹੀਂ ਲਾਉਣਾ। 'ਮੇਰਾ ਇਹ ਜਵਾਬ ਸੁਣ ਕੇ ਫਕੀਰ ਨੇ ਗੁੱਸੇ ਨਾਲ ਕਿਹਾ' ਇਸ ਨੂੰ ਹੱਥ ਲਾਉਣ ਨਾਲ ਕੀ ਤੇਰੇ ਸੱਪ ਲੜ ਜਾਏਗਾ।' ਮੈਂ ਇਹ ਲਫਜ਼ ਸੁਣ ਕੇ ਚੁਪ ਕਰ ਗਿਆ ਤੇ ਵਾਪਸ ਚਲਾ ਆਇਆ।

ਇਸ ਤੋਂ ਉਪਰੰਤ ਹੁਣ ਕਈ ਸਾਲ ਹੋ ਗਏ ਹਨ ਮੇਰੇ ਹਰ ਸਾਲ ਸੱਪ ਲੜ ਜਾਦਾ ਹੈ। ਸੋ ਮਹਾਰਾਜ! ਕ੍ਰਿਪਾ ਕਰੋ ਮੈਂ ਬਹੁਤ ਦੁਖੀ ਹਾਂ।"

ਇਹ ਸਾਰੀ ਵਾਰਤਾ ਸੁਨਣ ਤੋਂ ਬਾਅਦ ਬਾਬਾ ਜੀ ਉਸ ਪ੍ਰੇਮੀ ਨੂੰ ਸਮਝਾਉਣ ਲੱਗੇ "ਇਹ ਇਲਾਹੀ ਤਾਕਤ ਜਾਂ ਸ਼ਕਤੀ ਪ੍ਰਾਪਤ ਕਰਨੀ ਜਿੰਨੀ ਜ਼ਿਆਦਾ ਕਠਨ ਹੈ।ਉਨੀ ਹੀ ਉਸ ਤੋਂ ਵੱਧ ਸੰਭਾਲ ਕੇ ਰੱਖਣੀ। ਕੋਈ ਮਹਾਂਪੁਰਖ ਹੀ ਇਸ ਸ਼ਕਤੀ ਨੂੰ ਆਪਣੇ ਅੰਦਰ ਛੁਪਾ ਸਕਦੇ ਹਨ। ਚੰਗਾ ਕੀਤਾ ਤੂੰ ਤਮਾਕੂ ਨੂੰ ਹੱਥ ਨਹੀਂ ਲਾਇਆ। ਜੋ ਉਸ ਨੇ ਤੇਰੇ ਧਰਮ ਦੀ ਪਰਵਾਹ ਨਾ ਕਰਦੇ ਹੋਏ ਇਹ ਬਚਨ ਕੀਤਾ ਹੈ, ਉਸ ਦਾ ਕੀਤਾ, ਉਹ ਆਪ ਭੋਗ ਰਿਹਾ ਹੈ। ਇਸ ਨਾਲ ਤੇਰਾ ਕੁਝ ਨਹੀਂ ਵਿਗੜਿਆ ਉਸ ਦਾ ਨੁਕਸਾਨ ਹੋਇਆ ਹੈ।

ਬਾਬਾ ਜੀ ਨੇ ਬਹਾਲ ਦਾਸ ਜੀ ਨੂੰ ਬੁਲਾ ਕੇ ਹੁਕਮ ਕੀਤਾ" ਇਸ ਪ੍ਰੇਮੀ ਨੂੰ ਜਲ ਛਕਾਅ (ਪਿਲਾ ਦੇ)।" ਬਹਾਲ ਦਾਸ ਜੀ ਨੇ ਜਲ ਪਿਲਾ ਦਿੱਤਾ। ਫਿਰ ਬਾਬਾ ਜੀ ਨੇ ਬਚਨ ਕੀਤਾ "ਜਾ ਹੁਣ ਸ਼ੁਧ ਹੈ।" ਨਾਲ ਹੀ ਤਾਕੀਦ ਕੀਤੀ ਕਿ ਅੱਠਾਂ ਪਹਿਰਾਂ ਵਿਚੋਂ ਸਮਾਂ ਮਿਲਣ ਤੇ ਬਾਣੀ ਪੜਿਆ ਕਰ। ਜੇ ਪੜ੍ਹਿਆ ਨਹੀਂ ਤਾਂ ਸਿਰਫ ਇਨ੍ਹਾਂ ਹੀ ਪੜ੍ਹ ਲਿਆ ਕਰ।

ੴ ਸਤਿਨਾਮ ਕਰਤਾ ਪੁਰਖ। ਇਹ ਕਾਫੀ ਹੈ ਇਸ ਦਾ ਜਾਪ ਕਰਦਾ ਰਿਹਾ ਕਰ ਸਭ ਕੁਝ ਠੀਕ ਰਹੇਗਾ। ਕੁਝ ਸਮਾਂ ਚੁਪ ਰਹਿਣ ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਘਰ ਵਿੱਚ ਇੱਕ ਅੱਧੀ ਇੱਟ ਰੱਖ ਕੇ ਉਸ ਉਪਰ ਸ਼ਾਮ ਨੂੰ ਜੁਤੀਆਂ ਮਾਰਿਆ ਕਰੀਂ।

ਉਸ ਨੇ ਇਹ ਬਚਨ ਸੁਣਿਆ ਅਤੇ ਸਤਿ ਬਚਨ ਦਾ ਸ਼ਬਦ ਅਲਾਪ ਕੇ ਤੁਰ ਪਿਆ। ਪ੍ਰੇਮੀ ਨੇ ਘਰ ਪਹੁੰਚ ਕੇ ਇਹ ਕੀਤਾ। ਇੱਕ ਅੱਧੀ ਇੱਟ ਘਰ ਰੱਖ ਕੇ ਉਸ ਉਪਰ ਰੋਜ ਜੁਤੀਆਂ ਮਾਰਿਆ ਕਰੇ। ਜੁੱਤੀਆਂ ਮਾਰੇ ਤਾਂ

ਇੱਟ ਉਪਰ, ਪਰ ਪੈਣ ਉਸ ਫਕੀਰ ਦੇ। ਜਦੋਂ ਕਈ ਦਿਨ ਇਸ ਤਰ੍ਹਾਂ ਹੁੰਦਾ ਰਿਹਾ ਤਾਂ ਫਕੀਰ ਚਿੰਤਾਂ ਵਿੱਚ ਗੋਤੇ ਖਾਣ ਲੱਗ ਪਿਆ ਇੱਕ ਦਿਨ ਬਾਬਾ ਜੀ ਨੇ ਫਕੀਰ ਨੂੰ ਸੁਪਨੇ ਵਿੱਚ ਦਰਸ਼ਨ ਦੇ ਕੇ ਰੂੰਮੀ ਪਹੁੰਚ ਜਾਣ ਦੀ ਤਾਕੀਦ ਕੀਤੀ।

ਸੂਰਜ ਦੀਆਂ ਕਿਰਨਾਂ ਹਨੇਰੇ ਨੂੰ ਵਿਦਾਇਗੀ ਦੇਣ ਲਈ ਨਿਕਲੀਆਂ ਤਾਂ ਫਕੀਰ ਸਾਂਈ ਨੇ ਵੀ ਰੂੰਮੀ ਵੱਲ ਵਹੀਰਾਂ ਘੱਤ ਲਈਆਂ। ਉਹ ਪ੍ਰੇਮੀ ਵੀ ਬਾਬਾ ਜੀ ਕੋਲ ਦੋ ਦਿਨਾਂ ਦਾ ਆਇਆ ਹੋਇਆ ਸੀ। ਬਾਬਾ ਜੀ ਨੇ ਬਚਨ ਕੀਤਾ "ਅੱਜ ਉਹ ਫਕੀਰ ਇਥੇ ਆ ਰਿਹਾ ਹੈ ਤੂੰ ਉਸਨੂੰ ਪਛਾਣ ਲਵੇਂਗਾ।

ਪ੍ਰੇਮੀ ਨੇ ਉੱਤਰ ਦਿੱਤਾ "ਜੀ ਹਜ਼ੂਰ, ਪਛਾਣ ਲਵਾਂਗਾ।"

ਬਾਬਾ ਜੀ ਨੇ ਹੁਕਮ ਕੀਤਾ "ਸ਼ਾਮ ਦੀ ਗੱਡੀ ਤੇ ਆ ਰਿਹਾ ਹੈ ਭੁੱਚੋ ਮੰਡੀ ਸਟੇਸ਼ਨ ਤੋਂ ਉਸਨੂੰ ਲੈ ਕੇ ਆ।"

ਪ੍ਰੇਮੀ ਸਟੇਸ਼ਨ ਤੇ ਪਹੁੰਚ ਗਿਆ। ਗੱਡੀ ਆ ਗਈ ਫਕੀਰ ਜੀ ਨੂੰ ਝੱਟ ਪਛਾਣ ਲਿਆ ਤੇ ਬਾਬਾ ਜੀ ਕੋਲ ਆਉਣ ਲਈ ਪ੍ਰੇਰਨਾ ਕੀਤਾ। ਪ੍ਰੇਮੀ ਅੱਗੇ ਹੋ ਤੁਰਿਆ ਤੇ ਫਕੀਰ ਪਿੱਛੇ ਪਿੱਛੇ। ਬਾਬਾ ਜੀ ਕੋਲ ਪਹੁੰਚਦੇ ਹੀ ਫਕੀਰ ਨੇ ਬਾਬਾ ਜੀ ਦੇ ਚੇਹਰੇ ਵੱਲ ਤੱਕਿਆ ਤਾਂ ਝੱਟ ਸਮਝ ਗਿਆ। ਬਾਬਾ ਜੀ ਨੇ ਨਾਮ ਆਦਿ ਪੁੱਛ ਕੇ ਬਚਨ ਕੀਤਾ "ਕੀ ਪ੍ਰਸ਼ਨ ਹੈ?"

ਫਕੀਰ ਨੇ ਸਾਰੀ ਆਪ ਬੀਤੀ ਖੋਲ੍ਹ ਕੇ ਦੱਸੀ। ਬਾਬਾ ਜੀ ਨੇ ਬਚਨ ਕੀਤਾ "ਤੇਰਾ ਕਸੂਰ ਸੀ, ਇਸ ਲਈ ਸਜਾ ਮਿਲਣੀ ਹੀ ਸੀ।"

ਫਕੀਰ ਨੇ ਗਲਤੀ ਮੰਨੀ ਅਤੇ ਬੇਨਤੀ ਕੀਤੀ "ਹੁਣ ਕ੍ਰਿਪਾ ਕਰੋ।" ਬਾਬਾ ਜੀ ਰਹਿਮਤ ਦੇ ਘਰ ਆਏ ਅਤੇ ਸਿੱਖਿਆ ਦਿੱਤੀ ਕਿ "ਅੱਗੇ ਤੋਂ ਇਸ ਤਰ੍ਹਾਂ ਦੀ ਗਲਤੀ ਨਹੀਂ ਕਰਨੀ।" ਸੋ ਇਸ ਫਕੀਰ ਨੂੰ ਵੀ ਪ੍ਰਭੂ ਦੀ ਰਜਾ ਵਿੱਚ ਰਹਿਣ ਦਾ ਤਾਕੀਦ ਕੀਤੀ। ਮਹਾਂਪੁਰਖ ਪ੍ਰਮੇਸ਼ਰ ਦੇ ਹੁਕਮ ਵਿੱਚ ਰਹਿ ਕੇ ਦੁੱਖ ਵੀ ਨਿਵਾਰਦੇ ਹਨ।

**ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥**

ਗਉੜੀ ਸ: ਮ: ੫

ਨੋਟ : ਪ੍ਰਸੰਗ ਭਾਈ ਰਤਨ ਸਿੰਘ ਜੀ ਡਰੋਲੀ ਵਾਲਿਆਂ ਸੰਤ ਬਹਾਲ ਦਾਸ ਜੀ ਪਾਸੋਂ ਸੁਣਿਆ।

# ਧੰਨੁ ਸੇਵਾ ਸੇਵਕੁ ਪਰਵਾਨੁ

ਇਕ ਦਿਨ ਬਾਬਾ ਜੀ ਬਹੁਤ ਪ੍ਰਸੰਨ ਸਨ ਉਨ੍ਹਾਂ ਨੇ ਬਹਾਲ ਦਾਸ ਜੀ ਨੂੰ ਆਪਣੇ ਨੇੜੇ ਬੁਲਾ ਲਿਆ। ਜਦੋਂ ਸੇਵਕ ਆਪਣੇ ਗੁਰੂ ਦੀ ਸੇਵਾ ਸੱਚੀ ਸ਼ਰਧਾ ਨਾਲ ਕਰੇ ਉਸ ਦੀ ਨੇੜਤਾ ਆਪ ਹੀ ਵੱਧ ਜਾਂਦੀ ਹੈ। ਪਿਆਰ ਨਾਲ ਬਿਠਾਕੇ ਪੁੱਛਣ ਲੱਗੇ "ਕਦੇ ਮਨ ਵਿੱਚ ਇਹ ਵੀ ਸੋਚਦਾ ਹੈ ਕਿ ਸਾਰਾ ਦਿਨ ਕੰਮ ਹੀ ਲਾਈ ਰੱਖਦੇ ਹਨ। ਅਰਾਮ ਨਾਲ ਦੋ ਘੜੀ ਬੈਠਣ ਵੀ ਨਹੀਂ ਦਿੰਦੇ।"

ਬਹਾਲ ਦਾਸ ਜੀ ਨੇ ਬੜੀ ਨਿਮਰਤਾ ਨਾਲ ਉੱਤਰ ਦਿੱਤਾ "ਮਹਾਰਾਜ! ਜਿਸ ਦਿਨ ਤੋਂ ਸੇਵਾ ਵਿੱਚ ਆਇਆ ਹਾਂ ਉਸ ਦਿਨ ਤੋਂ ਹੀ ਅਨੰਦ ਵਿੱਚ ਹਾਂ। ਹਰ ਨਵੇਂ ਦਿਨ ਨੂੰ ਨਵਾਂ ਚਾਅ ਚੜ੍ਹਦਾ ਹੈ ਕਿ ਅੱਜ ਹੋਰ ਸੇਵਾ ਮਿਲੇਗੀ ਤੇ ਫਿਰ ਖੁਸ਼ੀ ਖੁਸ਼ੀ ਕਰਾਂਗਾ ਅਤੇ ਤੁਹਾਡੇ ਪਾਸੋਂ ਵੀ ਖੁਸ਼ੀਆਂ ਪ੍ਰਾਪਤ ਕਰਾਂਗਾ। ਕਦੇ ਵੀ ਮਨ ਵਿੱਚ ਨਹੀਂ ਆਉਂਦਾ ਕਿ ਇਹ ਸੇਵਾ ਔਖੀ ਹੈ। ਹਰ ਵੇਲੇ ਮਨ ਖੁਸ਼ੀ ਨਾਲ ਅੰਬਰ ਵਿੱਚ ਉਡਾਰੀਆਂ ਲਾਉਂਦਾ ਹੈ। ਹਰ ਪਲ ਜੋ ਆਪ ਦੇ ਪਵਿਤਰ ਚਰਨਾਂ ਵਿੱਚ ਬੀਤ ਰਿਹਾ ਹੈ। ਉਹ ਸੱਚੇ ਦੀ ਦਰਗਾਹ ਵਿੱਚ ਲੇਖੇ ਲੱਗ ਰਿਹਾ ਹੈ। ਜੀਵਨ ਦਾ ਇੱਕ ਛਿਨ ਵੀ ਬੇਅਰਥ ਦਾ ਨਹੀਂ ਜਾ ਰਿਹਾ। ਆਪ ਜੀ ਦੀ ਅਪਾਰ ਕ੍ਰਿਪਾ ਹੈ ਮੈਂ ਇਸੇ ਵਿੱਚ ਹੀ ਆਪਣਾ ਸੁਭਾਗ ਸਮਝਦਾ ਹਾਂ।"

ਇਹ ਉੱਤਰ ਸੁਣ ਕੇ ਬਾਬਾ ਜੀ ਬੜੇ ਪ੍ਰਸੰਨ ਹੋਏ। ਫਿਰ ਬਚਨ ਹੋਇਆ "ਬਹਾਲ ਦਾਸ ਹੁਣ ਉਹ ਸਮਾਂ ਨੇੜੇ ਹੈ ਜਦੋਂ ਤੈਨੂੰ ਇੱਕ ਅਸਥਾਨ ਤੇ ਡੇਰਾ ਪਾ ਦਿਆਂਗੇ। ਤੂੰ ਉਥੇ ਆਪਣਾ ਕੰਮ ਆਪ ਚਲਾਈਂ। ਚੇਲੇ ਬਾਲਕੇ ਤੇਰੇ ਕੋਲ ਹੋਇਆ ਕਰਨਗੇ। ਫਿਰ ਤੇਰੀ ਮਹਿਮਾ ਵਧੇਗੀ।"

ਬਚਨ ਸੁਣ ਕੇ ਬਹਾਲ ਦਾਸ ਜੀ ਨੇ ਬੇਨਤੀ ਕੀਤੀ "ਸ਼ਹਿਨਸ਼ਾਹ ਕ੍ਰਿਪਾ ਕਰੋ, ਸਾਨੂੰ ਤਾਂ ਸੇਵਾ ਹੀ ਬਖਸ਼ੀ ਰੱਖੋ। ਆਪਨੇ ਨਾਲੋਂ ਵਿਛੋੜੋ ਨਾ। ਇਹ ਵਿਛੋੜਾ ਮੇਰੇ ਕੋਲੋਂ ਝੱਲਿਆ ਨਹੀਂ ਜਾਣਾ। ਮੇਹਰ ਦੇ ਘਰ ਵਿੱਚ ਆਉ। ਜੇ ਮੈ ਬਿਰਹੁ ਦੀ ਲਪੇਟ ਵਿੱਚ ਆ ਗਿਆ ਤਾਂ ਮੇਰੀ ਹਾਲਤ ਵੀ ਫਰੀਦ ਜੀ

ਦੇ ਕਥਨ ਅਨੁਸਾਰ ਹੋ ਜਾਵੇਗੀ।"

**ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥**

**ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥**

ਸੋ ਮੈਨੂੰ ਆਪਣੇ ਤੋਂ ਦੂਰ ਨਾ ਕਰੋ।

ਬਾਬਾ ਜੀ ਇਹ ਸੁਣ ਕੇ ਬਹੁਤ ਖੁਸ਼ ਹੋਏ ਤੇ ਬਚਨ ਕੀਤਾ "ਦੂਰ ਨਹੀਂ ਕਰਦੇ। ਇਹ ਵੀ ਸੇਵਾ ਹੈ ਅਤੇ ਜਿਹੜਾ ਕੰਮ ਤੂੰ ਉਸ ਵੇਲੇ ਕਰਨਾ ਹੈ, ਉਹ ਵੀ ਸੇਵਾ ਹੀ ਹੋਵੇਗੀ।"

**ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥**

**ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥**

**ਸੋਰਠਿ ਵਾਰ ਮਃ ੪, ਅੰਗ ੬੪੮**

ਦਸਵੇਂ ਪਾਤਸ਼ਾਹ ਸ੍ਰੀ ਗੋਬਿੰਦ ਸਿੰਘ ਜੀ ਦੇ ਸਮੇਂ ਇੱਕ ਗੁਰਸਿਖ ਸੁਜਾਨ ਸਿੰਘ ਨੂੰ ਸੇਵਾ ਕਰਨ ਦੀ ਉਤੇਜਨਾ ਹੋਈ। ਉਸਨੇ ਗੁਰੂ ਸਾਹਿਬ ਕੋਲ ਪਹੁੰਚ ਕੇ ਸੇਵਾ ਮੰਗੀ। ਹਜੂਰ ਨੇ ਹੁਕਮ ਕੀਤਾ "ਜੇ ਗੁਰੂ ਦੀ ਸੇਵਾ ਕਰਨੀ ਹੈ ਤਾਂ ਸਾਧ ਸੰਗਤ ਦੀ ਸੇਵਾ ਕਰੋ। ਇਹ ਹੀ ਸੱਚੀ ਸੇਵਾ ਹੈ।ਸ੍ਰੀ ਅਨੰਦਪੁਰ ਸਾਹਿਬ ਤੋਂ ਰੋਪੜ ਵਾਲੇ ਪਾਸੇ ਵੱਲ ਚੁਰਸਤੇ ਤੇ ਬੈਠ ਕੇ ਸੇਵਾ ਕਰਨੀ ਹੈ। ਇਸ ਜਗ੍ਹਾ ਤੋਂ ਲੰਘਨ ਵਾਲੀਆ ਸੰਗਤਾਂ ਨੂੰ ਪਾਣੀ ਪਿਲਾਉਣਾ ਹੈ ਤੇ ਜੇ ਹੋ ਸਕੇ ਤਾਂ ਛੋਲੇ ਭੁੰਨ ਕੇ ਰੱਖਿਆ ਕਰੀਂ। ਸਾਡੇ ਕੋਲ ਆਉਣ ਵਾਲੇ ਹਰ ਸਿੱਖ ਨੂੰ ਜਲ ਛਕਾਉਣਾ ਤੇ ਛੋਲਿਆ ਦੀ ਇੱਕ ਮੁਠੀ ਦੇਣੀ।"

ਇਹ ਬਚਨ ਸੁਣ ਕੇ ਸੁਜਾਨ ਸਿੰਘ "ਸਤਿ ਬਚਨ" ਕਹਿ ਕੇ ਆਗਿਆ ਲੈ ਆਇਆ। ਛੋਲੇ ਤੇ ਪਾਣੀ ਚੁਰੱਸਤੇ ਤੇ ਲੈ ਕੇ ਬੈਠ ਗਿਆ। ਜਿਹੜੀ ਸੰਗਤ ਗੁਰੂ ਪਾਸ ਜਾਵੇ ਉਸਨੂੰ ਗੱਲ ਪੱਲਾ ਪਾ ਕੇ ਆਖੇ, "ਮੇਰੇ ਵੱਲੋਂ ਸਤਿਗੁਰਾਂ ਨੂੰ ਮੱਥਾ ਟੇਕਨਾ।" ਜਿਨ੍ਹਾਂ ਨੇ ਉਥੋਂ ਵਾਪਿਸ ਆਉਣਾ ਉਨ੍ਹਾਂ ਨੂੰ ਕਹਿਣਾ "ਕੋਈ ਸਤਿਗੁਰਾਂ ਦਾ ਬਚਨ ਸੁਨਾਉ।"

ਸੁਜਾਨ ਸਿੰਘ ਥੋੜ੍ਹੀ ਬਹੁਤ ਦਵਾਈ ਆਦਿ ਵੀ ਕਰ ਦੇਂਦਾ ਸੀ। ਜਿਸ ਨੂੰ ਲੋੜ ਹੋਵੇ ਦਵਾਈ ਵੀ ਦੇ ਦੇਣੀ। ਇਸ ਤਰ੍ਹਾਂ ਇਨ੍ਹਾਂ ਦੀ ਪ੍ਰੌੜਤਾ ਸਿੱਖ ਸੰਗਤਾਂ ਵਿੱਚ ਹੋਣ ਲੱਗ ਪਈ। ਹੌਲੀ ਹੌਲੀ ਇਹ ਸਰੋਤ ਗੁਰੂ ਸਾਹਿਬ ਦੇ

ਕੰਨੀ ਪੈ ਗਈ।

ਸੁਜਾਨ ਸਿੰਘ ਇਸ਼ਨਾਨ ਕਰਕੇ ਨਿਤਨੇਮ ਕਰਨ ਲੱਗਦਾ ਤਾਂ ਸਾਹਮਣੇ ਸਤਿਗੁਰਾਂ ਦਾ ਆਸਣ ਵਿਛਾ ਦੇਂਦਾ। ਇੱਕ ਦਿਨ ਨਿਤਨੇਮ ਕਰਦੇ ਬੜਾ ਅਨੰਦ ਆ ਰਿਹਾ ਸੀ। ਨਿਤਨੇਮ ਕਰਦੇ ਜਦੋਂ ਕਦੇ ਅੱਖ ਖੁੱਲ੍ਹੇ ਤਾਂ ਭੁਲੇਖਾ ਜਿਹਾ ਪਵੇ ਕਿ ਸਤਿਗੁਰੂ ਆਸਣ ਉਪਰ ਬੈਠੇ ਹਨ। ਇਹ ਸੀ ਤਾਂ ਪ੍ਰਤੱਖ ਪਰ ਮਨ ਨਾ ਮੰਨੇ। ਅਚਾਨਕ ਹੀ ਬਾਹਰੋਂ ਅਵਾਜ਼ ਆਈ। “ਭਾਈ ਸੁਜਾਨ ਸਿੰਘ ਮੈਂ ਤਕਲੀਫ ਵਿੱਚ ਹਾਂ ਮੇਰੇ ਪੱਟੀ ਬੰਨ੍ਹ।” ਸੁਜਾਨ ਸਿੰਘ ਚੌਕਿਆਂ। ਕੀ ਕਰਾਂ ਬਾਹਰ ਕੋਈ ਦੁਖੀ ਪੁਕਾਰ ਰਿਹਾ ਹੈ। ਇਧਰ ਨਿਤਨੇਮ ਦਾ ਅਨੰਦ ਵੀ ਬੜਾ ਆ ਰਿਹਾ ਹੈ। ਫਿਰ ਉਹ ਅਵਾਜ਼ ਕੰਨੀਂ ਪਈ।

“ਭਾਈ ਸੁਜਾਨ ਸਿੰਘ ਮੈਂ ਦੁਖੀ ਹਾਂ ਮੇਰੇ ਪੱਟੀ ਬੰਨ ਦੇ।”

ਹੁਣ ਦੁਖੀ ਦੀ ਅਵਾਜ਼ ਸਹਿਣ ਨਾ ਕਰ ਸਕਿਆ। ਝੱਟ ਖੜਾ ਹੋ ਗਿਆ ਤੇ ਬਾਹਰ ਆਇਆ। ਬਾਹਰ ਬੈਠੇ ਪ੍ਰੇਮੀ ਦੇ ਜ਼ਖਮ ਦੇਖ ਕੇ ਉਨ੍ਹਾਂ ਨੂੰ ਸਾਫ ਕੀਤਾ। ਫਿਰ ਆਪਣੇ ਦੁਪੱਟੇ ਦਾ ਕੁਝ ਹਿੱਸਾ ਪਾੜ ਕੇ ਪੱਟੀ ਬੰਨ੍ਹੀ। ਪ੍ਰੇਮੀ ਸ਼ਾਂਤ ਹੋਇਆ ਤਾਂ ਸੁਜਾਨ ਸਿੰਘ ਅੰਦਰ ਆ ਕੇ ਫਿਰ ਨਿਤਨੇਮ ਕਰਨ ਲੱਗ ਪਿਆ। ਜਦੋਂ ਅੰਤਰ ਧਿਆਨ ਹੋ ਕੇ ਪਾਠ ਕੀਤਾ ਫਿਰ ਅੱਖ ਆਸਨ ਤੇ ਗਈ ਤਾਂ ਕੀ ਵੇਖਿਆ ਸਤਿਗੁਰੂ ਆਸਣ ਤੇ ਬੈਠੇ ਹਨ ਤੇ ਪੱਟੀ ਬੱਝੀ ਹੋਈ ਹੈ। ਦੇਖ ਕੇ ਢਹਿ ਪਿਆ ਚਰਨਾਂ ਤੇ। ਹਜ਼ੂਰ ਨੇ ਬਚਨ ਕੀਤਾ “ਬਾਹਰ ਮੈਂ ਹੀ ਅਵਾਜ਼ਾਂ ਦੇ ਰਿਹਾ ਸੀ। ਜਿਸ ਥਾਂ ਮੇਰਾ ਖ਼ਾਲਸਾ ਮੈਨੂੰ ਯਾਦ ਕਰੇਗਾ ਮੈਂ ਹਾਜ਼ਰ ਹੁੰਦਾ ਹਾਂ। “ਸੋ ਗੁਰਸਿਖ ਜੀ ਮੈਨੂੰ ਯਾਦ ਕੀਤਾ ਸੀ ਮੈਂ ਹਾਜ਼ਰ ਹੋ ਗਿਆ। ਤੁਹਾਡੀ ਸੇਵਾ ਪਰਵਾਨ ਹੈ ਹੁਣ ਇਹ ਚੁਰੱਸਤਾ ਛੱਡ ਕੇ ਮੇਰੇ ਕੋਲ ਅਨੰਦਪੁਰ ਸਾਹਿਬ ਪਹੁੰਚ ਜਾਉ।” ਸੋ ਇਸ ਤਰ੍ਹਾਂ ਸੁਜਾਨ ਸਿੰਘ ਗੁਰੂ ਤੋਂ ਖੁਸ਼ੀ ਪ੍ਰਾਪਤ ਕਰਕੇ ਉਨ੍ਹਾਂ ਨਾਲ ਇੱਕ ਹੋ ਗਿਆ। ਫਿਰ ਨਾਮ ਹੀ ਜਪਦੇ ਹੋਏ ਆਪਣਾ ਮਾਨਸ ਜਨਮ ਵੀ ਸੰਵਾਰ ਲਿਆ। ਦਰਗਾਹ ਵਿੱਚ ਵੀ ਥਾਂ ਬਣਾ ਲਈ।”

# ਨਾਨਕ ਦਾਸੁ ਮੁਖ ਤੇ ਜੋ ਬੋਲੈ
# ਈਹਾ ਊਹਾ ਸਚੁ ਹੋਵੈ ॥

**ਅੰਗ ੬੮੧**

ਮਹਾਂਪੁਰਖ ਦੇ ਜੀਵਨ ਬਾਰੇ ਜੇ ਕੋਈ ਲਿਖਾਰੀ ਲਿਖਣਾ ਚਾਹੇ ਤਾਂ ਕੀ ਲਿਖ ਸਕਦਾ ਹੈ। ਉਹ ਤਾਂ ਸੁਣ, ਅੱਖੀਂ ਡਿਠੇ ਜਾਂ ਸੁਣੇ ਹੋਏ ਕੌਤਕ ਹੀ ਲਿਖ ਸਕਦਾ ਹੈ। ਜੋ ਮਹਾਂਪੁਰਖ ਰਾਤ ਨੂੰ ਸਮਾਧੀ ਲੱਗੀ ਸਮੇਂ ਕਰਦੇ ਹਨ ਉਸ ਬਾਰੇ ਕੌਣ ਜਾਣਦਾ ਹੈ। ਉਹ ਇਹੀ ਲਿਖ ਸਕਦਾ ਹੈ ਕਿ ਸਮਾਧੀ ਲੱਗੀ ਸੀ ਦੋ ਘੰਟੇ ਜਾਂ ਦੋ ਦਿਨ ਨਹੀਂ ਉਠੇ। ਪਰ ਇਸ ਸਮੇਂ ਅੰਦਰ ਕੀ ਕੀਤਾ ਉਸ ਦਾ ਕੀ ਲਿਖੇਗਾ। ਮਹਾਂਪੁਰਖ ਦੇ ਪ੍ਰਤੱਖ ਕਰਤੱਵ ਹੀ ਲਿਖ ਸਕਦੇ ਹਨ। ਇਸ ਤਰ੍ਹਾਂ ਦੇ ਕਰਤੱਵ ਬਾਰੇ ਪੰਡਿਤ ਸੰਤ ਰਾਮ ਜੀ ਭੁੱਚੋ ਕਲਾਂ ਵਾਲੇ ਦੱਸਦੇ ਹਨ ਕਿ ਇੱਕ ਦਿਨ ਬਾਬਾ ਜੀ ਰੂੰਮੀ ਵਿੱਚ ਆਪਣੇ ਆਸਣ ਤੇ ਬੈਠੇ ਸਨ। ਕੁਝ ਮੁੰਡੇ ਭੁੱਚੋ ਕਲਾਂ ਦੇ ਜੋ ਆਪਣੇ ਪਸ਼ੂ ਚਾਰਨ ਲਈ ਰੂੰਮੀ ਆਏ ਸਨ। ਉਹ ਸਾਰੇ ਬਾਬਾ ਜੀ ਕੋਲ ਪਹੁੰਚ ਗਏ। ਬਾਬਾ ਜੀ ਖੁਸ਼ ਬੈਠੇ ਸਨ। ਬੱਚਿਆਂ ਨੂੰ ਦੇਖ ਪ੍ਰਸੰਨ ਹੋ ਕੇ ਕਹਿਣ ਲੱਗੇ।"

"ਬੱਚਿਓ ਅੱਜ ਕੀ ਖਾਣਾ ਹੈ।"

ਸਾਰਿਆ ਨੇ ਕਿਹਾ "ਬਾਬਾ ਜੀ ਅੱਜ ਗੁੜ ਹੀ ਖਵਾ ਦਿਓ।"

ਬਾਬਾ ਜੀ ਨੇ ਫੁਰਮਾਇਆ "ਗੁੜ ਭੁੱਚੋ ਮੰਡੀ ਤੋਂ ਆ ਰਿਹਾ ਹੈ।"

ਗੋਬਿੰਦਪੁਰੇ ਨੂੰ ਮੰਡੀ ਹੀ ਨੇੜੇ ਪੈਂਦੀ ਹੈ। ਇਸ ਪਿੰਡ ਦੇ ਦੋ ਪ੍ਰੇਮੀ ਆਪਣੇ ਊਠਾਂ ਉਪਰ ਗੁੜ ਲਿਆ ਰਹੇ ਹਨ। ਜਦੋਂ ਇਹ ਰੂੰਮੀ ਦੇ ਰਸਤੇ ਗੋਬਿੰਦਪੁਰੇ ਨੂੰ ਜਾਣ ਲੱਗੇ ਤਾਂ ਬਾਬਾ ਜੀ ਨੇ ਬਹਾਲ ਦਾਸ ਜੀ ਨੂੰ ਹੁਕਮ ਦਿੱਤਾ "ਇਨ੍ਹਾਂ ਕੋਲ ਕੀ ਲੱਦਿਆ ਹੋਇਆ ਹੈ?" ਬਹਾਲ ਦਾਸ ਜੀ ਹੁਕਮ ਸੁਣ ਕੇ ਉਨ੍ਹਾਂ ਕੋਲ ਪਹੁੰਚ ਕੇ ਪੁੱਛਣ ਲੱਗੇ, "ਤੁਹਾਡੇ ਕੋਲ ਕੀ ਹੈ।"

ਉਨ੍ਹਾਂ ਨੇ ਜਵਾਬ ਦਿੱਤਾ "ਸਾਡੇ ਕੋਲ ਤਾਂ ਲੂਣ ਹੈ" ਝੂਠ ਮਾਰ ਦਿੱਤਾ।

ਉਹਨਾਂ ਭਰਿਆ ਲੈ ਤਾਂ ਗੁੜ ਸੀ। ਪਰ ਖਿਆਲ ਆਇਆ ਕਿ ਇਹ ਸਾਧੂ ਗੁੜ ਲੈਣਗੇ। ਐਂਵੇ ਪੰਜ ਸੱਤ ਸੇਰ ਗੁੜ ਮੰਗਣਗੇ, ਲੂਣ ਹੀ ਕਹਿ ਦਿਉ। ਬਹਾਲ ਦਾਸ ਜੀ ਬਾਬਾ ਜੀ ਪਾਸ ਆ ਕੇ ਕਹਿਣ ਲੱਗੇ "ਮਹਾਰਾਜ ਉਹ ਤਾਂ ਲੂਣ ਦੱਸਦੇ ਹਨ।"

ਬਾਬਾ ਜੀ ਨੇ ਬਚਨ ਕੀਤਾ "ਚੰਗਾ ਭਾਈ ਉਨ੍ਹਾਂ ਪਾਸ ਤਾਂ ਗੁੜ ਸੀ, ਬਾਕੀ ਜਿਵੇਂ ਉਹ ਚਾਹੁੰਦੇ ਹਨ, ਉਸੇ ਤਰ੍ਹਾਂ ਹੋ ਜਾਵੇਗਾ।" ਸਾਧੂ ਬੋਲੇ ਸਹਿਜ ਸੁਭਾਏ ਸਾਧ ਕਾ ਬੋਲਿਆ ਬਿਰਥਾ ਨਾ ਜਾਏ। ਜੋ ਉਨ੍ਹਾਂ ਕਿਹਾ ਸੀ ਉਹ ਹੀ ਬਣ ਗਿਆ ਹੁਣ ਗੁੜ ਗੁੜ ਨਾ ਰਿਹਾ ਲੂਣ ਵਿੱਚ ਬਦਲੀ ਹੋ ਗਿਆ। ਮਹਾਂਪੁਰਖ ਅੱਗੇ ਝੂਠ ਬੋਲਣ ਦਾ ਫਲ ਮਿਲ ਗਿਆ। ਜਿਸ ਵੇਲੇ ਘਰ ਪਹੁੰਚੇ ਆਪਣੇ ਊਠਾਂ ਨੂੰ ਬੈਠਾ ਕੇ ਗੁੜ ਉਤਾਰਿਆ। ਜਦੋਂ ਵੇਖਿਆ ਤਾਂ ਸਾਰਾ ਲੂਣ ਹੀ ਬਣ ਗਿਆ। ਝੱਟ ਚੋਟ ਲੱਗੀ ਮਨ ਨੂੰ। ਲਾਹਨਤਾਂ ਪਾਉਣ ਲੱਗ ਪਏ ਕਿ ਆਪਾ ਬਾਬਾ ਜੀ ਨੂੰ ਕਿਉਂ ਝੂਠ ਬੋਲਿਆ ਸੀ। ਫਿਰ ਬੀਤੇ ਵੇਲੇ ਨੂੰ ਪਛਤਾ ਰਹੇ ਸਨ। ਖਿਆਲ ਆਇਆ ਬਾਬਾ ਜੀ ਪਾਸ ਜਾ ਕੇ ਮਾਫੀ ਮੰਗ ਲਈਏ ਕਿਉਂਕਿ ਝੂਠ ਦੇ ਵਿਉਪਾਰ ਦਾ ਲਾਭ ਸਾਹਮਣੇ ਸੀ।

ਗੋਬਿੰਦਪੁਰੇ ਤੋਂ ਵਾਪਿਸ ਮੁੜ ਪਏ। ਬਹਾਲ ਦਾਸ ਜੀ ਨੂੰ ਬੇਨਤੀ ਕੀਤੀ "ਮਹਾਰਾਜ ਆਗਿਆ ਹੋਵੇ ਤਾਂ ਬਾਬਾ ਜੀ ਅੱਗੇ ਅਰਜ ਕਰਨੀ ਹੈ" ਬਹਾਲ ਦਾਸ ਜੀ ਨੇ ਬਾਬਾ ਜੀ ਅੱਗੇ ਬੇਨਤੀ ਕੀਤੀ "ਪਾਤਸ਼ਾਹ, ਗੋਬਿੰਦਪੁਰੇ ਤੋਂ ਗੁੜ ਵਾਲੇ ਪ੍ਰੇਮੀ ਆਏ ਹਨ ਉਨ੍ਹਾਂ ਕੋਈ ਬੇਨਤੀ ਕਰਨੀ ਹੈ। ਬਾਬਾ ਜੀ ਨੇ ਫੁਰਮਾਇਆ "ਆ ਜਾਣ ਦਿਉ"।

ਉਹ ਬਾਬਾ ਜੀ ਕੋਲ ਆ ਕੇ ਚਰਨੀ ਢਹਿ ਪਏ। "ਸ਼ਹਿਨਸ਼ਾਹ, ਸਾਨੂੰ ਬਖਸ਼ੋ। ਸਾਡੇ ਕੋਲੋਂ ਭੁੱਲ ਹੋ ਗਈ ਹੈ। ਅਸੀਂ ਝੂਠ ਮਾਰਿਆ। ਜਿਸਦਾ ਨਤੀਜਾ ਸਾਡੇ ਸਾਹਮਣੇ ਆ ਗਿਆ ਹੈ। ਤੁਸੀਂ ਬਖਸ਼ਨਹਾਰ ਹੋ। ਸਾਡੇ ਤੇ ਮੇਹਰ ਕਰੋ। ਸਾਡਾ ਸਾਰਾ ਗੁੜ ਲੂਣ ਵਿੱਚ ਬਦਲ ਗਿਆ ਹੈ।

ਬਾਬਾ ਜੀ ਥੋੜ੍ਹਾ ਮੁਸਕਰਾ ਕੇ ਕਹਿਣ ਲੱਗੇ "ਤੁਸੀਂ ਲੂਣ ਕਿਹਾ ਸੀ, ਲੂਣ ਹੀ ਹੋਣਾ ਸੀ।

ਉਨ੍ਹਾਂ ਤਰਲੇ ਨਾਲ ਕਿਹਾ "ਮਹਾਰਾਜ, ਅਸੀਂ ਗਰੀਬ ਹਾਂ। ਅਸੀਂ ਹੋਰ ਗੁੜ ਲਿਆਉਣ ਤੋਂ ਅਸਮਰੱਥ ਹਾਂ। ਹੁਣ ਕਿਰਪਾ ਕਰੋ। ਰਹਿਮਤ ਦੇ ਘਰ

ਵਿੱਚ ਆਉ।" ਜਦੋਂ ਕੋਈ ਨਿਮਾਣਾ ਹੋ ਕੇ ਮਹਾਂਪੁਰਖ ਦੇ ਚਰਨੀ ਆ ਢਹਿੰਦਾ ਹੈ, ਮਹਾਂਪੁਰਖ ਬੜੇ ਰਹਿਮ ਦਿਲ ਹੁੰਦੇ ਹਨ, ਬਖਸ਼ ਦਿੰਦੇ ਹਨ।

ਬਾਬਾ ਜੀ ਨੇ ਬਚਨ ਕੀਤਾ "ਜੋ ਹੋਣਾ ਸੀ ਹੋ ਗਿਆ। ਪਰ ਤੁਹਾਡਾ ਲੂਣ ਹੀ ਗੁੜ ਦੇ ਭਾਅ ਵਿਕ ਜਾਵੇਗਾ। ਇਸ ਨੂੰ ਵੇਚ ਆਉਣਾ। ਸੋ ਇਹ ਬਚਨ ਮੰਨ ਕੇ ਉਨ੍ਹਾਂ ਨੇ ਲੂਣ ਵੇਚ ਦਿੱਤਾ। ਉਸੇ ਤਰ੍ਹਾਂ ਹੀ ਹੋਇਆ ਲੂਣ ਗੁੜ ਦੇ ਭਾਵ ਵਿਕ ਗਿਆ। ਮਹਾਂਪੁਰਖਾ ਦਾ ਬਚਨ ਅਟੱਲ ਹੁੰਦਾ ਹੈ।

ਇਸੇ ਹੀ ਤਰ੍ਹਾਂ ਦੇ ਪ੍ਰਤੱਖ ਕਰਤੱਵ ਗੁਰੂ ਸਾਹਿਬ ਦੇ ਸਮੇਂ ਵੀ ਹੁੰਦੇ ਰਹੇ। ਲਾਹੌਰ ਸ਼ਹਿਰ ਦੇ ਅੰਦਰ ਹੁਣ ਵੀ ਇੱਕ ਜਗ੍ਹਾਂ ਭਾਈ ਬੁਧੂ ਦੇ ਆਵੇ (ਭਾਂਡੇ ਕੱਚੇ ਤੋਂ ਪੱਕੇ ਕਰਨ ਦੀ ਭੱਠੀ) ਦੇ ਨਾਮ ਨਾਲ ਮਸ਼ਹੂਰ ਹੈ।

ਇਕ ਵਾਰ ਭਾਈ ਬੁਧੂ ਜੋ ਘੁਮਿਆਰ ਸੀ ਨੇ ਆਪਣੇ ਕਿੱਤੇ ਅਨੁਸਾਰ ਆਵੇ ਵਿੱਚ ਕੱਚੀਆਂ ਇੱਟਾਂ ਦੀ ਚਿਨਾਈ ਕੀਤੀ। ਉਸ ਨੂੰ ਪਕਾਉਣ ਦੇ ਲਈ ਜਿਸ ਸਮੇਂ ਅੱਗ ਦੇਣੀ ਸੀ ਤਾਂ ਪਹਿਲਾਂ ਪੰਜਵੇਂ ਪਾਤਸ਼ਾਹ ਗੁਰੂ ਸ੍ਰੀ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ "ਮਹਾਰਾਜ, ਮੈਂ ਆਵੇ ਨੂੰ ਅੱਗ ਦੇਣੀ ਹੈ ਮੇਰਾ ਆਵਾ ਠੀਕ ਪੱਕ ਜਾਵੇ।"

ਸਤਿਗੁਰਾਂ ਨੇ ਬਚਨ ਕੀਤਾ "ਜਿਸ ਸਮੇਂ ਆਵੇ ਨੂੰ ਖੋਲਣਾ ਹੈ ਉਸ ਤੋਂ ਇੱਕ ਦਿਨ ਪਹਿਲਾਂ ਪ੍ਰਸ਼ਾਦਿ ਤਿਆਰ ਕਰਨਾ ਹੈ ਅਤੇ ਇਹ ਪ੍ਰਸ਼ਾਦਿ ਪਹਿਲਾਂ ਸੰਗਤ ਨੂੰ ਛਕਾਉਣਾ ਹੈ ਫਿਰ ਅਰਦਾਸ ਕਰਨੀ ਹੈ।"

ਭਾਈ ਬੁਧੂ "ਸਤਿ ਬਚਨ" ਕਹਿ ਕੇ ਵਾਪਿਸ ਆ ਗਿਆ। ਆਵਾ ਤਿਆਰ ਹੋ ਗਿਆ। ਖੋਲਣ ਦਾ ਸਮਾਂ ਆ ਗਿਆ ਉਸਨੇ ਬੜੀ ਰੀਝ ਨਾਲ ਪ੍ਰਸ਼ਾਦ ਤਿਆਰ ਕਰਵਾਇਆ। ਫਿਰ ਸਾਰੀ ਸੰਗਤ ਇਕੱਠੀ ਕੀਤੀ ਤੇ ਪ੍ਰਸ਼ਾਦ ਛਕਾ ਦਿੱਤਾ। ਅਰਦਾਸ ਕਰਨ ਦਾ ਸਮਾਂ ਹੋ ਗਿਆ। ਬਾਹਰ ਇੱਕ ਸਿੱਖ ਭਾਈ ਲੱਖੂ ਕਮਲਾ ਜਿਹਾ ਭੇਸ ਬਣਾ ਕੇ ਆ ਗਿਆ ਤੇ ਪ੍ਰਸ਼ਾਦ ਛੱਕਣ ਲਈ ਅਰਜ ਕੀਤੀ। ਪ੍ਰਸ਼ਾਦ ਵਰਤਾਉਣ ਵਾਲਿਆਂ ਕਮਲਾ (ਪਾਗਲ) ਸਮਝ ਕੇ ਕਹਿ ਦਿੱਤਾ ਕਿ ਪ੍ਰਸ਼ਾਦਾ ਖ਼ਤਮ ਹੋ ਗਿਆ। ਅਰਦਾਸ ਸ਼ੁਰੂ ਹੋ ਗਈ। ਸਾਰੀ ਸੰਗਤ ਅਰਦਾਸ ਕਰੇ ਕਿ "ਭਾਈ ਬੁਧੂ ਦਾ ਆਵਾ ਪੱਕਾ ਹੋਵੇ।"

ਪਰ ਭਾਈ ਲੱਖੂ ਕਹੇ "ਕੱਚਾ ਹੋਵੇ।" ਇਹ ਸੁਣ ਕੇ ਸਾਰੀ ਸੰਗਤ ਨੇ ਕਿਹਾ "ਤੇਰੇ ਕਹਿਣ ਨਾਲ ਇਹ ਕੱਚਾ ਹੋ ਜਾਵੇਗਾ?" ਤੂੰ ਗੁਰੂ ਤੋਂ ਵੀ ਵੱਡਾ

ਹੈ”? ਭਾਈ ਲੱਖੂ ਚੁੱਪ ਚਾਪ ਚਲਾ ਗਿਆ।

ਜਦੋਂ ਆਵਾ ਖੋਲ੍ਹਿਆ ਤਾਂ ਕੱਚਾ ਨਿਕਲਿਆ। ਭਾਈ ਬੁਧੂ ਬਹੁਤ ਘਬਰਾਇਆ ਤੇ ਝੱਟ ਸਤਿਗੁਰਾਂ ਕੋਲ ਪਹੁੰਚਿਆ, ਬੇਨਤੀ ਕੀਤੀ “ਪਾਤਸ਼ਾਹ ਮੇਰਾ ਆਵਾ ਕੱਚਾ ਰਹਿ ਗਿਆ।”

ਸਤਿਗੁਰੂ ਬਚਨ ਕੀਤਾ “ਕੋਈ ਸਿੱਖ ਭੁੱਖਾ ਚਲਾ ਗਿਆ ਹੋਵੇਗਾ।“ ਉਸਨੇ ਕਿਹਾ ਮਹਾਰਾਜ ਬਾਹਰ ਇੱਕ ਕਮਲਾ ਜਿਹਾ ਖੜਾ ਸੀ ਉਹ ਰਹਿ ਗਿਆ ਸੀ ਤੇ ਨਾਲ ਹੀ ਕਹਿ ਰਿਹਾ ਸੀ “ਕੱਚਾ ਰਹੇਗਾ”।

ਸਤਿਗੁਰੂ ਗੰਭੀਰਤਾ ਨਾਲ ਕਹਿਣ ਲੱਗੇ “ਉਹ ਕਮਲਾ ਨਹੀਂ ਸੀ। ਤੁਸੀਂ ਕਮਲੇ ਹੋ ਜੋ ਉਸਨੂੰ ਸਮਝ ਨ ਸਕੇ। ਉਹ ਤਾਂ ਭਾਈ ਲੱਖੂ ਸੀ।” “ਮਹਾਰਾਜ, ਸਾਨੂੰ ਕੀ ਪਤਾ ਸੀ। ਹੁਣ ਸਾਨੂੰ ਬਖਸ਼ ਦੇਵੋ। ਗਲਤੀ ਹੋ ਗਈ, ਸੋ ਮਾਫ ਕਰ ਦਿਉ।”

ਸਤਿਗੁਰਾਂ ਬਚਨ ਕੀਤਾ “ਚੰਗਾ ਜੋ ਹੋ ਗਿਆ ਸੋ ਹੋ ਗਿਆ ਪਰ ਤੇਰੀਆਂ ਕੱਚੀਆਂ ਇੱਟਾਂ ਦੀ ਵੀ ਪੱਕੇ ਦੇ ਭਾਅ ਵਿਕਰੀ ਹੋ ਜਾਵੇਗੀ।”

ਸਤਿਗੁਰੂ ਦਾ ਬਚਨ ਅਮਿੱਟ ਸੀ। ਲਾਹੌਰ ਦੇ ਕਿਲ੍ਹੇ ਦਾ ਇੱਕ ਹਿੱਸਾ ਡਿੱਗ ਪਿਆ। ਨਵਾਬ ਨੇ ਬੁੱਧੂ ਦਾ ਕੱਚਾ ਆਵਾ ਹੀ ਪੱਕੇ ਦੇ ਭਾਅ ਖਰੀਦ ਲਿਆ।

**ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥**

**ਅੰਗ ੬੮੧**

# ਜੋ ਜੋ ਚਿਤਵੈ ਦਾਸੁ ਹਰਿ ਮਾਈ ॥
# ਸੋ ਸੋ ਕਰਤਾ ਆਪਿ ਕਰਾਈ ॥

**ਅੰਗ ੨੦੨**

ਸਵੇਰੇ ਬਾਬਾ ਜੀ ਨੇ ਬਹਾਲ ਦਾਸ ਜੀ ਨੂੰ ਹੁਕਮ ਦਿੱਤਾ “ਬਹਾਲ ਦਾਸ, ਅਤਰ ਸਿੰਘ ਸੇਮਾ ਨੂੰ ਬੁਲਾ ਕੇ ਲਿਆ।”

"ਸਤਿ ਬਚਨ ਜੀ" ਕਹਿ ਕੇ ਬਹਾਲ ਦਾਸ ਜੀ ਤੁਰ ਪਏ। ਸੋਮੇ ਪਹੁੰਚ ਗਏ। ਅਤਰ ਸਿੰਘ ਜੀ ਦਾ ਬੂਹਾ ਜਾ ਖੜਕਾਇਆ। "ਬਾਬਾ ਜੀ ਯਾਦ ਕਰਦੇ ਹਨ" ਉਹਨਾਂ ਹੁਣੇ ਹੀ ਬੁਲਾਇਆ ਹੈ।

ਅਤਰ ਸਿੰਘ ਨੇ ਪੁੱਛਿਆ, "ਅੱਜ ਗਜਾ ਨਹੀਂ ਕੀਤਾ।" ਬਹਾਲ ਦਾਸ ਜੀ ਕਹਿਣ ਲੱਗੇ। "ਅੱਜ ਪਹਿਲਾਂ ਤੁਹਾਡੇ ਕੋਲ ਹੀ ਭੇਜਿਆ ਹੈ।"

ਅਤਰ ਸਿੰਘ ਨੇ ਆਉਣ ਸਮੇਂ ਇੱਕ ਵੱਡੇ ਬਰਤਨ ਵਿੱਚ ਦੁੱਧ ਪਾ ਲਿਆ। ਥੋੜ੍ਹਾ ਗੁੜ ਤੇ ਘਿਉ ਲੈ ਲਿਆ। ਇਹ ਤਿੰਨੇ ਚੀਜ਼ਾਂ ਲੈ ਕੇ ਬਾਬਾ ਜੀ ਕੋਲ ਪਹੁੰਚ ਗਿਆ ਅਤੇ ਨਮਸ਼ਕਾਰ ਕੀਤੀ ਬਾਬਾ ਜੀ ਬਰਤਨ ਚੁੱਕ ਕੇ ਤੇ ਦੇਖ ਕੇ ਕਹਿਣ ਲੱਗੇ, "ਇਹਨਾਂ ਵਿੱਚ ਕੀ ਹੈ, ਅਤਰ ਸਿੰਘ।" ਸਭ ਕੁਝ ਜਾਣਦੇ ਹੋਏ ਵੀ ਅਨਜਾਨ ਬਣ ਜਾਂਦੇ ਸਨ। ਦੁਨਿਆਦਾਰ ਨੂੰ ਭੁਲੇਖਾ ਪਾਉਣ ਲਈ ਤਾਂ ਕਿ ਸਾਨੂੰ ਸਮਝ ਨਾ ਸਕੇ। ਉਸ ਨੇ ਕਿਹਾ "ਬਰਤਨਾਂ ਵਿੱਚ ਦੁੱਧ ਹੈ। ਬਾਕੀ ਗੁੜ ਤੇ ਘਿਉ ਹੈ।"

"ਇਹ ਖੇਚਲ ਕਰਨ ਦੀ ਕੀ ਲੋੜ ਸੀ", ਬਚਨ ਕੀਤਾ।

"ਮਹਾਰਾਜ। ਸਭ ਆਪ ਦਾ ਹੀ ਹੈ। ਦੁੱਧ ਛੱਕ ਲਉ।"

"ਠਹਿਰ ਜਾਉ ਕੁਝ ਸਮੇਂ ਲਈ। ਕੁਝ ਮਹਾਤਮਾ ਆ ਰਹੇ ਹਨ। ਪਹਿਲਾਂ ਇਹ ਜਗ੍ਹਾਂ ਸਾਫ ਕਰ ਦਿਉ।" ਬਾਬਾ ਜੀ ਦਾ ਬਚਨ ਸੁਣ ਕੇ ਬਹਾਲ ਦਾਸ ਜੀ ਤੇ ਅਤਰ ਸਿੰਘ ਜੀ ਥਾਂ ਸਾਫ ਕਰਨ ਲੱਗ ਪਏ। ਸਫਾਈ ਹੋ ਜਾਣ ਤੋਂ ਥੋੜ੍ਹੀ ਹੀ ਦੇਰ ਬਾਅਦ ਦਸ ਸਾਧੂ ਭਗਵੇਂ ਭੇਸ ਅੰਦਰ ਬਾਬਾ ਜੀ ਕੋਲ ਆ ਪਹੁੰਚੇ। ਉਨ੍ਹਾਂ ਬਾਬਾ ਜੀ ਦੇ ਚਰਨ ਛੁਏ ਤੇ ਪਿਛੇ ਹੋ ਕੇ ਬੈਠ ਗਏ। ਬਾਬਾ ਜੀ ਨੇ ਜੀਅ ਆਇਆ ਕਿਹਾ ਤੇ ਬਹਾਲ ਦਾਸ ਜੀ ਨੂੰ ਹੁਕਮ ਦਿੱਤਾ, "ਦੁੱਧ ਵਿੱਚ ਮਿੱਠਾ ਤੇ ਘਿਉ ਪਾ ਕੇ ਸੰਤਾਂ ਨੂੰ ਛਕਾ ਦਿਉ।"

ਅਤਰ ਸਿੰਘ ਤੇ ਬਹਾਲ ਦਾਸ ਜੀ ਨੇ ਦੁੱਧ ਬਰਤਨਾਂ ਵਿੱਚ ਪਾ ਕੇ ਸੰਤਾਂ ਅੱਗੇ ਰੱਖ ਦਿੱਤਾ। ਇਹ ਪੀਣ ਉਪਰੰਤ ਹੋਰ ਪਾ ਦਿੱਤਾ ਸੰਤਾਂ ਨੂੰ ਰੱਜ ਕੇ ਦੁੱਧ ਛਕਾਇਆ। ਹੋਰ ਵੀ ਸੰਗਤਾਂ ਰਸਤੇ ਤੋਂ ਲੰਘੀਆ ਸਭ ਨੂੰ ਦੁੱਧ ਛਕਾਇਆ। ਸਾਧੂਆਂ ਵਿਚੋਂ ਇੱਕ ਨੇ ਦੂਸਰੇ ਵੱਲ ਦੇਖ ਕੇ ਜੋ ਕਿ ਇਸ਼ਾਰਾ ਬਾਬਾ ਜੀ ਦੀਆਂ ਅੱਖਾਂ ਉਪਰ ਰੱਖੀ ਹੋਈ ਪੱਟੀ ਵੱਲ ਸੀ।ਬਾਬਾ ਜੀ ਝਟ

ਸਮਝ ਗਏ। ਦਿਲਾਂ ਦੀਆਂ ਜਾਣਦੇ ਸਨ। ਅੰਦਰਲੀਆਂ ਬੁੱਝ ਲੈਂਦੇ ਸਨ। ਕਹਿਣ ਲੱਗੇ, "ਇਸ਼ਾਰੇ ਕਿਉਂ ਕਰਦੇ ਹੋ ਅੱਖਾਂ ਤੋਂ ਪੱਟੀ ਚੁਕੀਏ।" ਉਸ ਸਾਧੂ ਨੇ ਹੱਥ ਜੋੜ ਦਿੱਤੇ ਅਤੇ ਬੇਨਤੀ ਕੀਤੀ "ਪਾਤਸ਼ਾਹ ਜਿਸ ਰੰਗ ਵਿੱਚ ਹੋ ਠੀਕ ਹੈ। ਮੈਨੂੰ ਮਾਫ ਕਰ ਦਿਉ।" ਬਾਬਾ ਜੀ ਮੁਸਕਰਾ ਕੇ ਕਹਿਣ ਲੱਗੇ। "ਅਸੀਂ ਤਾਂ ਤੁਹਾਡੇ ਮਨ ਦਾ ਸੰਕਲਪ ਪੂਰਾ ਕੀਤਾ ਹੈ। ਤੁਸੀਂ ਰਸਤੇ ਵਿੱਚ ਗੱਲਾਂ ਕਰਦੇ ਸੀ ਕਿ ਕਿਧਰੇ ਦੁੱਧ ਮਿਲ ਜਾਏ, ਦੂਸਰੇ ਨੇ ਕਿਹਾ ਸੀ ਮਿੱਠਾ ਪਾ ਕੇ ਮਿਲ ਜਾਵੇ ਫਿਰ ਠੀਕ ਹੈ। ਤੀਜਾ ਕਹਿੰਦਾ ਸੀ ਘਿਉ ਵੀ ਪਾਇਆ ਹੋਵੇ। ਸੋ ਇਹ ਤਿੰਨੇ ਹੀ ਤੁਹਾਨੂੰ ਮਿਲ ਗਈਆਂ ਹਨ। ਤੁਸੀਂ ਰੱਜ ਕੇ ਸਭ "ਕੁਝ ਛੱਕ ਲਿਆ ਹੈ। ਹੁਣ ਆਗਿਆ ਹੈ।"

ਫਿਰ ਬਹਾਲ ਦਾਸ ਜੀ ਨੂੰ ਹੁਕਮ ਦਿੱਤਾ "ਸਾਧੂਆਂ ਨੂੰ ਦੁੱਧ ਵਾਲਾ ਬਰਤਨ ਦਿਖਾ ਦੇਵੀਂ।"

ਜਿਸ ਵੇਲੇ ਸਾਧੂਆਂ ਨੇ ਬਰਤਨ ਵਿੱਚ ਝਾਤੀ ਮਾਰੀ ਤਾਂ ਦੁੱਧ ਉਤਨਾ ਹੀ ਪਿਆ ਸੀ। ਸੰਤ ਬਹਾਲ ਦਾਸ ਜੀ ਉਨ੍ਹਾਂ ਨੂੰ ਵਿਦਾਇਗੀ ਦੇਣ ਥੋੜ੍ਹੀ ਦੂਰ ਤੱਕ ਨਾਲ ਚਲ ਪਏ ਤੇ ਕਹਿਣ ਲੱਗੇ "ਦੇਖਿਆ ਸੰਤ ਜੀ, ਦੁੱਧ ਪਹਿਲਾਂ ਜਿੰਨਾ ਹੀ ਰਿਹਾ। ਇਥੇ ਤੋਟ ਨਹੀਂ ਗੁਰੂ ਨਾਨਕ ਦਾ ਘਰ ਹੈ।"

ਸਾਧੂ ਤਾਂ ਪਹਿਲਾਂ ਹੀ ਬਰਤਨ ਦੇਖ ਕੇ ਅਸਚਰਜ ਸਨ, ਕਹਿਣ ਲੱਗੇ "ਬਹਾਲ ਦਾਸ ਜੀ, ਸੇਵਾ ਕਰਦੇ ਰਹੋ। ਤੁਹਾਡੇ ਗੁਰੂ ਸਮਰੱਥ ਹਨ ਅਤੇ ਤੁਹਾਡੇ ਉਪਰ ਪ੍ਰਸੰਨ ਹਨ। ਤੁਹਾਡੇ ਉਪਰ ਛੇਤੀ ਕ੍ਰਿਪਾ ਹੋਵੇਗੀ।"

ਬਹਾਲ ਦਾਸ ਜੀ ਥੋੜ੍ਹੀ ਦੂਰ ਜਾ ਕੇ ਸਤਿ ਸ੍ਰੀ ਅਕਾਲ ਬੁਲਾ ਕੇ ਮੁੜ ਆਏ।

ਬਾਬਾ ਜੀ ਪੁੱਛਣ ਲੱਗੇ "ਬਹਾਲ ਦਾਸ ਸਾਧੂ ਕੀ ਕਹਿੰਦੇ ਸਨ?"

ਉਨ੍ਹਾਂ ਕਿਹਾ, "ਆਪ ਸਭ ਕੁਝ ਜਾਣਦੇ ਹੋ ਮੈਂ ਕੀ ਦੱਸਾਂ, ਸਤਿਗੁਰੂ।"

ਬਾਬਾ ਜੀ ਨੇ ਬਚਨ ਕੀਤਾ "ਜੋ ਉਹ ਕਹਿ ਗਏ ਹਨ ਠੀਕ ਹੈ।"

# ਮਤਿ ਥੋੜੀ ਸੇਵ ਗਵਾਈਐ ॥

**ਆਸਾ ਦੀ ਵਾਰ, ਅੰਗ ੬੪੭**

ਪਾਠਕ ਪਿੱਛੇ ਪੜ੍ਹ ਚੁੱਕੇ ਹਨ ਕਿ ਬਹਾਲ ਦਾਸ ਜੀ ਕਣਕ ਦੇ ਸਿੱਟੇ ਇਕੱਠੇ ਕਰਕੇ, ਸਾਫ ਕਰਕੇ ਫਿਰ ਧੋ, ਸੁਕਾ ਕੇ, ਆਪ ਆਟਾ ਪੀਸ ਕੇ ਪਰੌਂਠਾ ਸੇਮੇ ਪਿੰਡ ਆਪਣੀ ਭੈਣ ਦੇ ਘਰੋਂ ਤਿਆਰ ਕਰਕੇ ਲਿਆਉਂਦੇ ਸਨ।

ਇਕ ਦਿਨ ਬਹਾਲ ਦਾਸ ਜੀ ਕਣਕ ਸਾਫ ਕਰਕੇ ਆਟਾ ਪਿਸਾਉਣ ਲਈ ਸੇਮੇ ਪਿੰਡ ਚਲੇ ਗਏ। ਉਹ ਘਰ ਹੀ ਗਏ। ਪਹਿਲਾਂ ਆਟਾ ਹੱਥ ਨਾਲ ਚੱਲਣ ਵਾਲੀਆਂ ਚੱਕੀਆਂ ਤੇ ਪੀਸਿਆ ਜਾਂਦਾ ਸੀ। ਅੱਜ ਕੱਲ ਤਾਂ ਮੋਟਰਾਂ ਜਾਂ ਇੰਜਣ ਚਲਦੇ ਹਨ। ਉਸ ਘਰ ਵਾਲੀ ਮਾਈ ਚੰਦ ਕੌਰ ਨੂੰ ਗੁੱਸਾ ਆਇਆ ਹੋਇਆ ਸੀ। ਮਾਈਆਂ ਦਾ ਗੁੱਸਾ ਜੇ ਕਿਸੇ ਨਾਲ ਲੜ ਕੇ ਠੰਡਾ ਨਾ ਹੋਵੇ ਤਾਂ ਹੋਰ ਪਸ਼ੂ ਨੂੰ ਕੁੱਟ ਕੇ ਜਾਂ ਕੋਈ ਚੀਜ਼ ਘਰ ਦੀ ਤੋੜ ਭੰਨ ਕੇ ਹੀ ਦੂਰ ਕਰਦੀਆਂ ਹਨ। ਜੇ ਲੜੀ ਨੂੰਹ ਨਾਲ ਹੋਵੇ ਤਾਂ ਗਾਲਾਂ ਗਵਾਂਢੀਆਂ ਨੂੰ ਕੱਢੇਗੀ। ਕਿਉਂਕਿ ਆਮ ਕਹਾਵਤ ਹੈ "ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ਤੇ"। ਚੰਦੋ ਮਾਈ ਨੂੰ ਖਿਆਲ ਆਇਆ ਕਿ ਬਹਾਲ ਦਾਸ ਇਥੇ ਹੀ ਆਟਾ ਪੀਸਣ ਆਉਂਦਾ ਹੈ ਕਿਉਂ ਨਾ ਮੈਂ ਚੱਕੀ ਨੂੰ ਹੀ ਖਰਾਬ ਕਰ ਦਿਆਂ।

ਉਸਨੇ ਚੱਕੀ ਦੀ ਕਿੱਲੀ ਦੇ ਚਫੇਰੇ ਲੀਰਾਂ ਦੀ ਕੱਥ (ਗੋਲ ਕਰਕੇ ਰੱਸੀ ਵੱਟ ਕੇ) ਬਣਾ ਕੇ ਬੰਨ੍ਹ ਦਿੱਤੀ। ਬਹਾਲ ਦਾਸ ਜੀ ਚੱਕੀ ਕੋਲ ਗਏ ਤੇ ਆਟਾ ਪੀਸਣ ਲੱਗ ਪਏ। ਆਪ ਆਟਾ ਬਨਾਉਣ ਲਈ ਉਪਰੋਂ ਕਣਕ ਪਾਉਣ ਪਰ ਕਣਕ ਦਾ ਦਲੀਆਂ ਜਿਹਾ ਬਣ ਜਾਵੇ ਆਟਾ ਨਾ ਬਣੇ। ਜਦੋਂ ਦੋ ਤਿੰਨ ਵਾਰ ਬਹਾਲ ਦਾਸ ਜੀ ਨੇ ਆਟਾ ਬਨਾਉਣ ਦੀ ਕੋਸ਼ਿਸ਼ ਕੀਤੀ ਉਹ ਨਾ ਬਣਿਆ। ਆਪ ਨੇ ਚੰਦ ਕੌਰ ਨੂੰ ਪੁੱਛਿਆ "ਚੱਕੀ ਨੂੰ ਕੀ ਹੋ ਗਿਆ ਹੈ।"

ਮਾਈ ਨੇ ਗੁੱਸੇ ਵਿੱਚ ਜਵਾਬ ਦਿੱਤਾ "ਤੂੰ ਹੀ ਕੁਝ ਕਰ ਦਿੱਤਾ ਹੋਵੇਗਾ।"

ਬਹਾਲ ਦਾਸ ਜੀ ਨੇ ਕਿਹਾ "ਮੈਂ ਇਸਨੂੰ ਖਰਾਬ ਨਹੀਂ ਕੀਤਾ। ਇਹ ਪਹਿਲਾਂ ਹੀ ਖਰਾਬ ਸੀ।"

ਮਾਈ ਕਹਿਣ ਲੱਗੀ "ਇਹ ਤਾਂ ਇਵੇ ਹੀ ਪੀਸੇਗੀ। ਹੋਰ ਕਿਸੇ ਕੋਲ ਪੀਸ ਲੈ।" ਕਿਉਂਕਿ ਅਜੇ ਗੁੱਸੇ ਦਾ ਭੂਤ ਸਵਾਰ ਸੀ।

ਇਸ ਮਾਈ ਨੂੰ ਇਹ ਪਤਾ ਨਹੀਂ ਸੀ ਕਿ ਮੈਂ ਆਪਣੀ ਕੀਤੀ ਕਮਾਈ ਖੂਹ ਵਿੱਚ ਪਾ ਲਈ ਹੈ। ਕਿਉਂਕਿ ਇਸ ਦੀ ਹਾਲਤ ਤਾਂ ਇਹ ਸੀ ਕਿ ਜਿਵੇਂ ਲੋਹੇ ਦੀ ਤੱਤੀ ਹੋਈ ਕੋਈ ਚੀਜ਼ ਜਿਸ ਨਾਲ ਲੱਗ ਜਾਵੇ ਉਸ ਨੂੰ ਸਾੜ ਦੇਵੇਗੀ। ਇਸ ਤਰ੍ਹਾਂ ਆਦਮੀ ਦਾ ਗੁੱਸਾ ਵੀ ਤਪਦੇ ਹੋਏ ਲੋਹੇ ਦੇ ਕਿੱਲ ਵਰਗਾ ਹੁੰਦਾ ਹੈ। ਜਿਸ ਨਾਲ ਲੱਗੇਗਾ, ਮਤਲਬ ਝਗੜੇਗਾ ਉਸ ਨੂੰ ਸਾੜੇਗਾ। ਜੇ ਅੱਗ ਨਾਲ ਨਹੀਂ ਸਾੜੇਗਾ ਤਾਂ ਮਾੜੇ ਬਚਨ ਕਰੇਗਾ। ਜਿਸ ਨਾਲ ਅੱਗੇ ਖੜੇ ਪ੍ਰਾਣੀ ਦੀ ਮਨ ਦੀ ਕਲਪਨਾ ਵਧੇਗੀ ਜਿਵੇਂ:

"ਅਗਨਿ ਕ੍ਰੋਧ ਚੰਡਾਲ॥"

ਬਹਾਲ ਦਾਸ ਇਹ ਕੌੜੇ ਬੋਲ ਸੁਣ ਕੇ ਘਬਰਾਏ ਨਹੀਂ। ਮਾਈ ਨੂੰ ਨਮਸ਼ਕਾਰ ਕਰਕੇ ਤੁਰ ਪਏ। ਬਾਬਾ ਜੀ ਕੋਲ ਪਹੁੰਚ ਕੇ ਸਾਰੀ ਬੀਤੀ ਸੁਣਾਈ।

ਬਾਬਾ ਜੀ ਨੇ ਸੁਭਾਵਕ ਹੀ ਬਚਨ ਕੀਤਾ "ਚੰਗਾ ਜਿਵੇਂ ਚੱਕੀ ਖਾਲੀ ਚੱਲੀ ਹੈ ਆਟਾ ਨਹੀਂ ਬਣਿਆ। ਮਾਈ ਵੀ ਖਾਲੀ ਹੀ ਰਹੇਗੀ।"

ਫਿਰ ਕੀ ਹੋਣਾ ਹੈ। ਬਚਨ ਮਹਾਤਮਾ ਦਾ ਖਾਲੀ ਕਿਵੇਂ ਜਾਵੇ ਲੱਗ ਗਿਆ ਜਿਵੇਂ ਚੂਨੇ ਵਿੱਚ ਇੱਟ। ਮਾਈ ਦੇ ਕੋਈ ਉਲਾਦ ਨਾ ਹੋਈ ਤੇ ਉਹ ਖਾਲੀ ਹੀ ਗਈ। ਮਹਾਂਪੁਰਖਾਂ ਨੂੰ ਦੁਖੀ ਕਰਨ ਵਾਲਾ ਫਿਰ ਸਜਾ ਪਾਉਂਦਾ ਹੀ ਹੈ।

**ਸੰਤ ਕਾ ਦੋਖੀ ਅਧ ਬੀਚਿ ਤੇ ਟੂਟੈ।**

ਨੋਟ : ਪ੍ਰਸੰਗ ਸ: ਝੰਡਾ ਸਿੰਘ ਸੇਮਾ ਤੋਂ ਮਿਲਿਆ।

# ਏਤਾ ਤਾਣੁ ਹੋਵੈ ਮਨ ਅੰਦਰਿ
# ਕਰੀ ਭਿ ਆਖਿ ਕਰਾਈ ॥

**ਅੰਗ ੧੪੭**

ਮਹਾਂਪੁਰਖ ਗੁਰਬਾਣੀ ਦੇ ਮਾਹਰ ਹੁੰਦੇ ਹੋਏ ਵੀ ਆਮ ਲੋਕਾਂ ਤੋਂ ਉਹਲਾ ਰੱਖਦੇ ਹਨ। ਇਸੇ ਤਰ੍ਹਾਂ ਬਾਬਾ ਜੀ ਕਈ ਵਾਰ ਗੁਟਕਾ ਲੈ ਕੇ ਪਾਠ ਕਰਨ ਲੱਗ ਜਾਂਦੇ ਸਨ। ਇੱਕ ਦਿਨ ਰੂੰਮੀ ਦੇ ਛੱਪੜ ਕੋਲ ਬੈਠ ਕੇ ਪਾਠ ਕਰ ਰਹੇ ਸਨ। ਲਿਵ ਲੱਗ ਗਈ ਪ੍ਰਮਾਤਮਾ ਨਾਲ ਤੇ ਮਸਤ ਹੋ ਗਏ। ਗੁਟਕਾ ਹੱਥ ਵਿਚੋਂ ਨਿਕਲ ਕੇ ਜ਼ਮੀਨ ਤੇ ਡਿੱਗ ਪਿਆ। ਜਿਸ ਵੇਲੇ ਆਪ ਜੀ ਦੀ ਬਿਰਤੀ ਖੁੱਲ੍ਹੀ ਉਠ ਕੇ ਖੜੇ ਹੋ ਗਏ। ਗੁਟਕੇ ਦਾ ਖਿਆਲ ਭੁੱਲ ਗਿਆ। ਭੁਲਣਹਾਰ ਤਾਂ ਦੁਨੀਆਦਾਰ ਹੈ। ਰੱਬ ਨਾਲ ਮਿਲੇ ਹੋਏ ਸੁਵਾਮੀ ਕਦੇ ਭੁੱਲਦੇ ਨਹੀਂ। ਇਹ ਤਾਂ ਕਿਸੇ ਪ੍ਰੇਮੀ ਦੇ ਮਨ ਦਾ ਪਰਦਾ ਹਟਾਉਣਾ ਸੀ ਉਸ ਦੀ ਬਿਰਤੀ ਨਾਮ ਜਪਣ ਵਿੱਚ ਲਾਉਣੀ ਸੀ। ਖਿਡਾਰੀ ਹਾਕੀ, ਕਬੱਡੀ ਜਾਂ ਟੈਨਿਸ ਖੇਡਦਾ ਹੈ ਪਰ ਪੂਰਨ ਪੁਰਖ ਲੋਕਾਂ ਦੇ ਮਨ ਨਾਲ ਖੇਡਾਂ ਖੇਡਦੇ ਹਨ। ਕਿਸੇ ਨੂੰ ਜਿੱਤ ਲੈਂਦੇ ਹਨ ਅਤੇ ਕਿਸੇ ਨੂੰ ਆਪਣੀ ਲੀਲਾ ਦੇ ਮੈਦਾਨ ਵਿਚੋਂ ਕੱਢ ਦਿੰਦੇ ਹਨ। ਜਿਸ ਨੂੰ ਜਿੱਤ ਲੈਂਦੇ ਹਨ ਫਿਰ ਉਹ ਹਾਰ ਮੰਨ ਕੇ ਚਰਨਾਂ ਤੇ ਢਹਿ ਪੈਂਦਾ ਹੈ। ਆਪਣਾ ਅੱਗਾ ਵੀ ਸੰਵਾਰ ਲੈਂਦਾ ਹੈ ਤੇ ਦੁਨੀਆਂ ਨੂੰ ਵੀ ਜਿੱਤ ਲੈਂਦਾ ਹੈ।

ਮਹਿਤਾਬ ਸਿੰਘ ਪਿੰਡ ਸੇਮੇਂ ਆਸਨ ਕੋਲ ਦੀ ਲੰਘਿਆ। ਉਸ ਦੀ ਨਿਗਾਹ ਗੁਟਕੇ ਉਪਰ ਪੈ ਗਈ। ਉਸਨੇ ਗੁਟਕਾ ਚੁੱਕ ਲਿਆ। ਗੁਟਕਾ ਲੁਕਾ ਕੇ ਆਪਣੇ ਘਰ ਲੈ ਗਿਆ। ਬਾਬਾ ਜੀ ਸਭ ਜਾਣਦੇ ਸਨ। ਬਾਬਾ ਜੀ ਨੇ ਬਹਾਲ ਦਾਸ ਨੂੰ ਜੀ ਹੁਕਮ ਕੀਤਾ "ਮਹਿਤਾਬ ਸਿੰਘ ਆਪਣਾ ਗੁਟਕਾ ਲੈ ਗਿਆ ਹੈ। ਉਸ ਤੋਂ ਗੁਟਕਾ ਲੈ ਕੇ ਆ।"

ਬਹਾਲ ਦਾਸ ਜੀ "ਸਤਿ ਬਚਨ" ਕਹਿ ਕੇ ਗੁਟਕਾ ਲੈਣ ਵਾਸਤੇ ਸੇਮੇ

ਪਿੰਡ ਮਹਿਤਾਬ ਸਿੰਘ ਕੋਲ ਚਲੇ ਗਏ। ਆਪ ਨੇ ਪ੍ਰੇਮੀ ਨੂੰ ਬੇਨਤੀ ਕੀਤੀ "ਕਿ ਬਾਬਾ ਜੀ ਦਾ ਗੁਟਕਾ ਦੇ ਦਿਉ।"

ਪਰ ਮਹਿਤਾਬ ਸਿੰਘ ਪੈਰ ਤੇ ਪਾਣੀ ਨਾ ਪੈਣ ਦੇਵੇ। ਮੇਰੇ ਕੋਲ ਕੋਈ ਗੁਟਕਾ ਨਹੀਂ। ਇਹ ਬਚਨ ਸੁਣ ਕੇ ਬਹਾਲ ਦਾਸ ਜੀ ਬਾਬਾ ਜੀ ਕੋਲ ਰੂੰਮੀ ਆ ਪਹੁੰਚੇ।

ਬਾਬਾ ਜੀ ਪਾਸ ਬੇਨਤੀ ਕੀਤੀ "ਮਹਾਰਾਜ ਉਹ ਗੁਟਕਾ ਨਹੀਂ ਦਿੰਦਾ। ਉਸ ਨੇ ਤਾਂ ਕਿਹਾ ਹੈ, ਮੇਰੇ ਕੋਲ ਨਹੀਂ ਹੈ।"

ਬਾਬਾ ਜੀ ਨੇ ਫੁਰਮਾਇਆ "ਜੇ ਉਸ ਨੇ ਹੁਣ ਨਹੀਂ ਦਿੱਤਾ ਤਾਂ ਆਪਣੇ ਆਪ ਲੈ ਕੇ ਆਵੇਗਾ।" ਹੁਕਮ ਕੀਤਾ "ਉਸ ਦੇ ਘਰ ਜਾ ਅਤੇ ਬਿਨਾ ਕੁਝ ਬੋਲੇ ਵੇੜ੍ਹੇ ਵਿੱਚ ਖੜ ਕੇ ਹੀ ਮੁੜ ਆਉਣਾ ਹੈ।"

ਬਚਨ ਸੁਣ ਕੇ ਬਹਾਲ ਦਾਸ ਫਿਰ ਮਹਿਤਾਬ ਸਿੰਘ ਦੇ ਘਰ ਚਲੇ ਗਏ। ਵਿਹੜੇ ਵਿੱਚ ਇੱਕ ਸੈਕਿੰਡ ਲਈ ਖੜ੍ਹੇ ਹੋ ਕੇ ਮੁੜ ਆਏ। ਆਪ ਬਾਬਾ ਜੀ ਕੋਲ ਪਹੁੰਚੇ ਹੀ ਹੋਣਗੇ ਕਿ ਮਹਿਤਾਬ ਸਿੰਘ ਦੇ ਘਰ ਦੇ ਸਾਰੇ ਘੜੇ ਟੁਟਣੇ ਸ਼ੁਰੂ ਹੋ ਗਏ ਪਾਣੀ ਸਾਰਾ ਡੁਲ੍ਹ ਗਿਆ। ਮਹਿਤਾਬ ਸਿੰਘ ਨੂੰ ਘਰ ਦੇ ਸਾਰੇ ਘੜੇ ਟੁੱਟਣ ਦਾ ਕਾਰਣ ਸਮਝਣ ਵਿੱਚ ਦੇਰ ਨਾ ਲੱਗੀ। ਉਸੇ ਵੇਲੇ ਉਹ ਰੂੰਮੀ ਵੱਲ ਚੱਲ ਪਿਆ। ਬਾਬਾ ਜੀ ਕੋਲ ਪਹੁੰਚ ਕੇ ਚਰਨਾਂ ਤੇ ਢਹਿ ਪਿਆ ਤੇ ਗੁਟਕਾ ਅੱਗੇ ਰੱਖ ਕੇ ਕਹਿਣ ਲੱਗੇ "ਬਾਬਾ ਜੀ ਮਾਫ ਕਰ ਦਿਉ। ਮੇਰੇ ਕੋਲੋਂ ਗਲਤੀ ਹੋ ਗਈ ਹੈ।" ਬਾਬਾ ਜੀ ਹੱਸ ਕੇ ਕਹਿਣ ਲੱਗੇ "ਤੂੰ ਕਹਿੰਦਾ ਸੀ ਮੇਰੇ ਕੋਲ ਗੁਟਕਾ ਨਹੀਂ ਹੈ। ਇਹ ਕਿਥੋਂ ਆ ਗਿਆ ਹੈ?"

ਉਸ ਦਾ ਸ਼ਰਮ ਨਾਲ ਸਿਰ ਝੁੱਕ ਗਿਆ। ਬੇਨਤੀ ਕਰਨ ਲੱਗਾ "ਮਹਾਰਾਜ! ਕ੍ਰਿਪਾ ਕਰੋ ਘਰ ਦੇ ਸਾਰੇ ਘੜੇ ਟੁੱਟ ਗਏ ਹਨ। ਸਾਰਾ ਟੱਬਰ ਪਾਣੀ ਬਿਨਾਂ ਤੰਗ ਹੋ ਜਾਵੇਗਾ। ਪਾਣੀ ਤਾਂ ਬੜੀ ਮੁਸ਼ਕਲ ਨਾਲ ਮਿਲਦਾ ਹੈ।

ਬਾਬਾ ਜੀ ਨੇ ਬਚਨ ਕੀਤਾ "ਚੰਗਾ ਜੋ ਹੋਣਾ ਸੀ ਹੋ ਗਿਆ, ਹੁਣ ਸ਼ੁਧ ਹੈ" ਅਤੇ ਤਾਕੀਦ ਕੀਤੀ ਪਹਿਲੀ ਪਾਉੜੀ ਦਾ ਜਾਪ ਕਰਦਾ ਰਿਹਾ ਕਰ।

ਘੜੇ ਨਹੀਂ ਟੁਟਣਗੇ।

ਸੋ ਇਸ ਜੁਗਤੀ ਨਾਲ ਪ੍ਰਮੇਸ਼ਰ ਦਾ ਸਿਮਰਨ ਕਰਨ ਲਾ ਦਿੱਤਾ। ਸੋ ਇਸ ਤਰ੍ਹਾਂ ਬਾਬਾ ਜੀ ਨੇ ਸ਼ਕਤੀ ਨਾਲ ਨਾਮ ਜਪਨ ਲਾ ਦਿੱਤਾ ਜਿਵੇਂ–

**ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥**
**ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥**
**ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥**

**ਮਾਝ ਦੀ ਵਾਰ ਮ: ੧, ਅੰਗ ੧੪੭**

ਇਕ ਵਾਰ ਅਠਵੇਂ ਪਾਤਸ਼ਾਹ ਸ੍ਰੀ ਹਰਿ ਕ੍ਰਿਸ਼ਨ ਜੀ ਮਹਾਰਾਜ ਦਿੱਲੀ ਜਾਂਦੇ ਰਸਤੇ ਵਿੱਚ ਪੰਜੋਖੇੜਾ ਪਿੰਡ ਵਿੱਚ ਠਹਿਰੇ। ਇੱਕ ਪੰਡਤ ਨੇ ਇਕੱਠ ਦੇਖਕੇ ਸਿੱਖਾਂ ਨੂੰ ਪੁੱਛਿਆ। "ਇਹ ਕਿਸ ਤਰ੍ਹਾਂ ਦਾ ਇਕੱਠ ਹੈ। ਸਿੱਖਾਂ ਨੇ ਦੱਸਿਆ ਇਥੇ ਅਠਵੇਂ ਪਾਤਸ਼ਾਹ ਆਏ ਹਨ। ਪੰਡਿਤ ਨੇ ਅੱਗੇ ਹੋ ਕੇ ਦੇਖਿਆ ਤਾਂ ਪੁੱਛਣ ਲੱਗਾ। "ਇਹ ਇੰਨੀ ਛੋਟੀ ਉਮਰ ਵਿਚ। ਇਨ੍ਹਾਂ ਦੀ ਉਮਰ ਤਾਂ ਸਾਰੀ ਛੇ ਸੱਤ ਕੁ ਸਾਲ ਦੀ ਲੱਗਦੀ ਹੈ। ਕੀ ਇਨ੍ਹਾਂ ਵਿੱਚ ਕੋਈ ਸ਼ਕਤੀ ਹੈ? ਜੇ ਹੈ ਤਾਂ ਗੀਤਾ ਦੇ ਅਰਥ ਸੁਨਾਣ। ਇਹ ਗੱਲ ਸਿੱਖਾਂ ਨੇ ਸਤਿਗੁਰਾਂ ਕੋਲ ਪਹੁੰਚਾ ਦਿੱਤੀ। ਪਾਤਸ਼ਾਹ ਨੇ ਪੰਡਿਤ ਨੂੰ ਕੋਲ ਬੁਲਾ ਲਿਆ। ਬਚਨ ਕੀਤਾ "ਕੀ ਸੁਨਣਾ ਹੈ?"।

ਪੰਡਿਤ ਨੇ ਕਿਹਾ "ਗੀਤਾ ਦੇ ਅਰਥ"।

ਪਾਤਸ਼ਾਹ ਨੇ ਸਿੱਖਾਂ ਨੂੰ ਹੁਕਮ ਕੀਤਾ ਛੱਜੂ ਰਾਮ ਝਿਉਰ ਨੂੰ ਸੱਦ ਲਿਆਉ। ਸਿੱਖਾਂ ਨੇ ਛੱਜੂ ਨੂੰ ਬੁਲਾ ਲਿਆਂਦਾ। ਮਹਾਰਾਜ ਨੇ ਛੱਜੂ ਰਾਮ ਨੂੰ ਅੱਗੇ ਬਿਠਾ ਲਿਆ ਅਤੇ ਉਸ ਦੇ ਸਿਰ ਉਪਰ ਸੋਟੀ ਰੱਖ ਦਿੱਤੀ, ਫਿਰ ਪੰਡਿਤ ਨੂੰ ਕਹਿਣ ਲੱਗੇ। "ਪੁੱਛੋ ਹੁਣ ਜੋ ਪੁਛਣਾ ਹੈ। ਛੱਜੂ ਰਾਮ ਜਵਾਬ ਦੇਵੇਗਾ, "ਪੰਡਿਤ ਨੂੰ ਕਹਿਣ ਲੱਗੇ। ਪੰਡਿਤ ਨੇ ਗੀਤਾ ਦਾ ਸਲੋਕ ਪੜ੍ਹਿਆ। ਛੱਜੂ ਰਾਮ ਨੂੰ ਅਰਥ ਕਰਨ ਲਈ ਕਿਹਾ। ਝੱਟ ਹੀ ਉਸ ਨੇ ਅਰਥ ਕਰ ਦਿੱਤੇ। ਪੰਡਿਤ ਚਰਨੀ ਢਹਿ ਪਿਆ।

ਫਿਰ ਪੰਡਿਤ ਨੇ ਛੱਜੂ ਨਾਲ ਹੀ ਕਈ ਪ੍ਰਸ਼ਨ ਉੱਤਰ ਕੀਤੇ। ਇਸ ਤਰ੍ਹਾਂ ਸਤਿਗੁਰਾਂ ਨੇ ਪ੍ਰਤੱਖ ਦਿਖਾ ਕੇ ਪੰਡਿਤ ਦੇ ਭੁਲੇਖੇ ਦੂਰ ਕਰ ਦਿੱਤੇ।

## ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ ॥

**ਅੰਗ ੫੨੪**

ਬਾਬਾ ਜੀ ਕਈ ਵਾਰ ਪਿਛਲੇ ਜਨਮਾਂ ਦੇ ਸਾਥੀ ਦੱਸਣ ਲੱਗ ਜਾਂਦੇ ਸਨ। ਕਿਰਪਾਲ ਸਿੰਘ ਜਿੰਨ੍ਹਾਂ ਨੂੰ ਅਤਰ ਸਿੰਘ ਮਾਨ ਵੀ ਕਹਿ ਦਿੰਦੇ ਸਨ। ਗੋਬਿੰਦ ਪੁਰਾ ਪਿੰਡ ਦੇ ਵਾਸੀ ਸਨ। ਉਹ ਕਈ ਵਾਰ ਬਾਬਾ ਜੀ ਕੋਲ ਆ ਜਾਂਦੇ ਸਨ। ਇੱਕ ਦਿਨ ਬਾਬਾ ਜੀ ਨੇ ਬਚਨ ਕੀਤਾ "ਅਤਰ ਸਿੰਘ ਪਿਛਲੇ ਜਨਮ ਵਿੱਚ ਆਪਾਂ ਦੋਨੋਂ ਭਰਾ ਸੀ।"

ਉਸ ਕਿਹਾ "ਮਹਾਰਾਜ, ਮੈਂ ਕੀ ਜਾਣਦਾ ਹਾਂ ਤੁਹਾਨੂੰ ਹੀ ਪਤਾ ਹੋਵੇਗਾ।"

ਅਤਰ ਸਿੰਘ ਬਹੁਤ ਕੰਜੂਸ ਸੀ। ਪੈਸੇ ਨੂੰ ਖਰਚਣ ਲੱਗਿਆਂ ਬੜਾ ਸੰਕੋਚ ਤੋਂ ਕੰਮ ਲੈਂਦਾ ਸੀ। ਪੁਨ ਦਾਨ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਰੱਖਦਾ ਸੀ।

ਬਾਬਾ ਜੀ ਕੋਲ ਦਰਸ਼ਨ ਕਰਨ ਆਇਆ। ਬਾਬਾ ਜੀ ਨੇ ਬਚਨ ਕੀਤਾ, "ਅਤਰ ਸਿੰਘ ਪੁਨ ਦਾਨ ਵੀ ਕਰ ਲਿਆ ਕਰ। ਪੈਸੇ ਨੂੰ ਕੰਜੂਸੀ ਨਾਲ ਜੋੜਨਾ ਨਹੀਂ। ਜਿਸ ਦਿਨ ਤੇਰੇ ਕੋਲ ਇੱਕ ਲੱਖ ਰੁਪਿਆ ਹੋਵੇਗਾ ਤੂੰ ਮਰ ਜਾਵੇਂਗਾ।"

ਉਸਨੇ ਬਾਬਾ ਜੀ ਦਾ ਇਹ ਕਿਹਾ ਹੋਇਆ ਬਚਨ ਅਣਸੁਣਿਆ ਕਰ ਦਿੱਤਾ। ਆਪਣੀ ਆਦਤ ਮੁਤਾਬਕ ਪੈਸੇ ਦੇ ਲਾਲਚ ਲੱਗਾ ਰਿਹਾ। ਅੰਤ ਨਤੀਜਾ ਉਹੀ ਹੋਇਆ। ਜਦੋਂ ਉਸ ਕੋਲ ਇੱਕ ਲੱਖ ਰੁਪਿਆ ਹੋ ਗਿਆ। ਉਹ ਬੀਮਾਰ ਹੋ ਗਿਆ। ਥੋੜ੍ਹੇ ਦਿਨਾਂ ਵਿੱਚ ਦੁਨੀਆਂ ਨੂੰ ਅਲਵਿਦਾ ਕਹਿ

ਗਿਆ। ਪਰ ਉਹ ਕਰ ਵੀ ਕੀ ਸਕਦਾ ਸੀ ਕਿਉਂਕਿ ਮਾਇਆ ਵਰਤਨ ਦਾ ਕਿਸੇ ਕਿਸੇ ਨੂੰ ਵੱਲ ਵੀ ਨਹੀਂ ਹੁੰਦਾ।

ਜਿਵੇਂ ਇੱਕ ਕਹਾਣੀ ਹੈ ਕਿ ਕੋਈ ਸੇਠ ਮਕਾਨ ਪਾ ਰਿਹਾ ਸੀ। ਉਸਨੂੰ ਪੈਸੇ ਦੀ ਲੋੜ ਪੈ ਗਈ। ਸੇਠ ਨੇ ਆਪਣੇ ਮਿੱਤਰ ਨੂੰ ਪੁੱਛਿਆ ਕਿ ਕਿਸੇ ਕੋਲੋਂ ਪੈਸਾ ਮਿਲ ਸਕਦਾ ਹੈ। ਇੱਕ ਨੇ ਦੱਸਿਆ ਕਿ ਫਲਾਨੇ ਜੱਟ ਕੋਲੋਂ ਮਿਲ ਸਕਦਾ ਹੈ। ਸੇਠ ਉਸ ਕੋਲ ਪਹੁੰਚ ਗਿਆ। ਜਦੋਂ ਜੱਟ ਵੱਲ ਦੇਖਿਆ ਉਸ ਨੂੰ ਪੈਸੇ ਹੋਣ ਦਾ ਯਕੀਨ ਨਾ ਆਵੇ। ਪਰ ਝਿਜਕ ਕੇ ਪੁੱਛ ਹੀ ਲਿਆ। ਅੱਗੋਂ ਜੱਟ ਨੇ ਕਿਹਾ "ਕਿਹੜੇ ਸੰਨ ਦੇ ਚਾਹੀਦੇ ਹਨ?" ਸੇਠ ਇਹ ਸੁਣ ਕੇ ਹੈਰਾਨ ਹੋ ਗਿਆ। ਸੇਠ ਨੇ ਜਿਹੜੇ ਸੰਨ ਦੇ ਰੁਪਿਆ ਦੀ ਮੰਗ ਕੀਤੀ ਜਿਮੀਂਦਾਰ ਨੇ ਲਿਆ ਦਿੱਤੇ। ਕੁਝ ਸਮੇਂ ਬਾਅਦ ਜੱਟ ਪੈਸੇ ਲੈਣ ਲਈ ਸੇਠ ਕੋਲ ਗਿਆ। ਕੀ ਵੇਖਦਾ ਹੈ ਸੇਠ ਦਾ ਕਿੰਨਾ ਸੋਹਣਾ ਮਕਾਨ ਹੈ ਕਿੰਨੀ ਸ਼ਾਹੀ ਠਾਠੀ ਨਾਲ ਰਹਿੰਦਾ ਹੈ। ਮਨ ਵਿੱਚ ਸੋਚਦਾ ਹੈ ਮੈਂ ਵੀ ਜਾ ਕੇ ਮਕਾਨ ਪਾਵਾਂਗਾ। ਇਹ ਮੇਰੇ ਕੋਲੋਂ ਵਿਆਜ ਉਪਰ ਪੈਸੇ ਲੈ ਕੇ ਮੌਜਾਂ ਕਰ ਰਿਹਾ ਹੈ ਮੇਰੇ ਕੋਲ ਹੁੰਦੇ ਹੋਏ ਵੀ ਨਹੀਂ ਲਾ ਸਕਦਾ।

ਘਰ ਪਹੁੰਚ ਕੇ ਆਪਣੇ ਪੁੱਤਰਾਂ ਨੂੰ ਆਵਾਜ਼ਾਂ ਮਾਰਨ ਲੱਗ ਜਾਂਦਾ ਹੈ। ਜਦੋਂ ਉਹ ਨੇੜੇ ਆ ਜਾਂਦੇ ਹਨ ਤਾਂ ਪੈਸੇ ਅੱਗੇ ਸੁੱਟ ਕਹਿੰਦਾ ਹੈ ਇੱਟਾਂ ਲਿਆਉ, ਸੀਮੈਂਟ ਲਿਆਉ, ਲੋਹਾ ਲਿਆਉ ਲਾ ਦਿਉ ਇਹ ਸਾਰੇ ਪੈਸੇ।"

ਇਹ ਦੇਖ ਕੇ ਮੁੰਡੇ ਸਮਝਦੇ ਹਨ ਕਿ ਬਾਪੂ ਤਾਂ ਕੰਜੂਸ ਸੀ ਅੱਜ ਇਸਨੂੰ ਕੀ ਹੋ ਗਿਆ ਹੈ। ਇਹ ਕਿਧਰੇ ਪਾਗਲ ਹੀ ਹੋ ਗਿਆ ਹੋਵੇ। ਉਨ੍ਹਾਂ ਫੜ ਕੇ ਬੁੱਢੇ ਨੂੰ ਥੰਮ ਨਾਲ ਬੰਨ ਦਿੱਤਾ। ਸੋ ਇਸ ਤਰ੍ਹਾਂ ਪ੍ਰਮਾਤਮਾ ਵਲੋਂ ਕਿਸੇ ਨੂੰ ਇਹ ਵਰ ਹੀ ਹੁੰਦਾ ਹੈ ਕਿ ਉਹ ਪੈਸਾ ਵਰਤ ਨਹੀਂ ਸਕਦਾ।

ਇਸੇ ਤਰ੍ਹਾਂ ਹੀ ਮਹਿਤਾਬ ਸਿੰਘ ਨੇ ਬਾਬਾ ਜੀ ਦੇ ਕਹਿਣ ਅਨੁਸਾਰ ਪੁੰਨ ਦਾਨ ਨਾ ਕੀਤਾ ਜਿੰਦਗੀ ਤੋਂ ਹੱਥ ਧੋ ਬੈਠਾ।

ਨੋਟ : ਸ. ਕਰਤਾਰ ਸਿੰਘ ਬੀ.ਏ. ਗੋਬਿੰਦਪੁਰ ਤੋਂ ਪ੍ਰਸੰਗ ਮਿਲਿਆ।

# ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥

**ਅੰਗ ੨੭੯**

ਰੂੰਮੀ ਦੇ ਕੋਲ ਦੀ ਇੱਕ ਰਜਵਾਹਾ (ਸੂਆ) ਰਾਮਪੁਰਾ ਮੰਡੀ ਵਾਲੇ ਪਾਸੇ ਪੁੱਟਣਾ ਸ਼ੁਰੂ ਹੋ ਗਿਆ। ਇਸ ਦੇ ਪੁੱਟਣ ਦਾ ਠੇਕਾ ਹੋ ਗਿਆ। ਮਹਿਕਮੇ ਨੇ ਰਜਵਾਹਾ ਪੁੱਟਣ ਲਈ ਮਜ਼ਦੂਰ ਲਾਏ ਸਨ। ਗਰਮੀ ਦਾ ਮੌਸਮ ਸੀ। ਇੱਕ ਦਿਨ ਬਹੁਤ ਗਰਮੀ ਪੈ ਰਹੀ ਸੀ। ਮਜਦੂਰ ਬਹੁਤ ਵਿਆਕੁਲ ਹੋ ਰਹੇ ਸਨ। ਦੁਪਹਿਰ ਦੇ ਸਮੇਂ ਆਰਾਮ ਕਰਨ ਲਈ ਬਾਬਾ ਜੀ ਕੋਲ ਰੂੰਮੀ ਵਿੱਚ ਖੜੇ ਬ੍ਰਿਛ ਦੀ ਛਾਂ ਥੱਲੇ ਆ ਬੈਠੇ।

ਬਾਬਾ ਜੀ ਬਚਨ ਕੀਤਾ "ਗੁਰਮੁਖੋ ਜਲ ਪਾਣੀ ਪੀ ਲਉ।"

ਉਨ੍ਹਾਂ ਨੂੰ ਬਾਬਾ ਜੀ ਦੇ ਘੜਿਆਂ ਵਿਚੋਂ ਬਹਾਲ ਦਾਸ ਜੀ ਨੇ ਪਾਣੀ ਪਿਲਾਇਆ। ਪਾਣੀ ਪੀ ਕੇ ਬਹੁਤ ਖੁਸ਼ ਹੋਏ। ਕਹਿਣ ਲੱਗੇ, "ਮਹਾਰਾਜ ਪਾਣੀ ਅੰਮ੍ਰਿਤ ਹੀ ਹੈ।"

ਬਾਬਾ ਜੀ ਨੇ ਬਚਨ ਕੀਤਾ, ਤੁਸੀਂ ਗਰਮੀ ਵਿੱਚ ਔਖੇ ਹੋ ਰਹੇ ਹੋ। ਫਿਰ ਪੁੱਟ ਲੈਣਾ ਜਦੋਂ ਸਰਦੀ ਰੁੱਤ ਆ ਗਈ। "ਮਜਦੂਰਾਂ ਨੇ ਉੱਤਰ ਵਿੱਚ ਕਿਹਾ, ਬਾਬਾ ਜੀ ਅਸੀਂ ਇਸ ਨੂੰ ਪੁੱਟਣ ਦਾ ਠੇਕਾ ਲੈ ਰੱਖਿਆ ਹੈ। ਉਸਦਾ ਸਮਾਂ ਘੱਟ ਹੈ। ਇਸ ਕਰਕੇ ਪੁੱਟਦੇ ਹਾਂ। ਪਰ ਮਹਾਰਾਜ ! ਮਿੱਟੀ ਬਹੁਤ ਸਖਤ ਹੈ। ਮੁਸ਼ਕਲ ਨਾਲ ਥੋੜ੍ਹਾ ਹੀ ਥਾਂ ਪੁੱਟਿਆ ਜਾਂਦਾ ਹੈ।"

ਬਾਬਾ ਜੀ ਨੇ ਫੁਰਮਾਇਆ "ਦੋ ਦਿਨ ਠਹਿਰ ਕੇ ਪੁੱਟ ਲੈਣਾ।"

"ਫਿਰ ਕੀ ਹੋਵੇਗਾ?"

"ਇੰਦਰ ਦੇਵਤੇ ਨੂੰ ਕਹਿ ਦੇਵਾਂਗੇ ਇੱਕ ਬਾਲਟੀ ਪਾਣੀ ਦੀ ਡੋਲ ਦੇਵੇਗਾ" ਬਾਬਾ ਜੀ ਨੇ ਬਚਨ ਕੀਤਾ।

ਮਜਦੂਰ ਦੋ ਦਿਨ ਆਪਣੇ ਟਿਕਾਣੇ ਤੇ ਚਲੇ ਗਏ। ਇੱਕ ਦਿਨ ਬਾਅਦ ਮੀਂਹ ਪੈ ਹੀ ਗਿਆ। ਸਾਰੀ ਮਿੱਟੀ ਨਰਮ ਹੋ ਗਈ। ਉਨ੍ਹਾਂ ਆ ਕੇ ਦੇਖਿਆ ਸਾਰੇ ਪਾਸੇ ਪਾਣੀ ਹੀ ਪਾਣੀ ਸੀ। ਉਹ ਬਹੁਤ ਖੁਸ਼ ਹੋਏ ਅਤੇ ਬਾਬਾ ਜੀ ਪਾਸ ਪਹੁੰਚ ਕੇ ਬੇਨਤੀ ਕੀਤੀ ਤੁਸੀਂ ਸਾਡੇ ਉਪਰ ਕ੍ਰਿਪਾ ਕੀਤੀ ਹੈ। ਸਾਡੇ ਲਈ ਕੋਈ ਸੇਵਾ ਦੱਸੋ।"

ਬਾਬਾ ਜੀ ਨੇ ਫੁਰਮਾਇਆ "ਪਾਣੀ ਤੇ ਰਾਸ਼ਨ ਲਿਆਉਣ ਲਈ ਸਾਡੇ ਕੋਲ ਸੇਵਾਦਾਰ ਹੈ। ਹੋਰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ।"

ਮਜਦੂਰਾਂ ਨੇ ਫਿਰ ਬੇਨਤੀ ਕੀਤੀ "ਮਹਾਰਾਜ, ਕੋਈ ਸੇਵਾ ਦਿਉ।"

"ਚੰਗਾ ਫੇਰ ਸਾਡੀ ਸੇਵਾ ਇਹ ਹੈ ਕਿ ਜਿਹੜਾ ਸਿੱਖ ਹੈ ਉਹ ਵਾਹਿਗੁਰੂ ਦਾ ਜਾਪ ਕਰ ਲਿਆ ਕਰੇ, ਮੁਸਲਮਾਨ ਅੱਲ੍ਹਾ ਅੱਲ੍ਹਾ ਤੇ ਹਿੰਦੂ ਰਾਮ ਰਾਮ ਦਾ ਨਾਮ ਲੈ ਲਿਆ ਕਰੋ। ਇਹੀ ਅਸਲੀ ਸੇਵਾ ਹੈ।"

ਬਾਬਾ ਜੀ ਨੇ ਬਚਨ ਕੀਤਾ। ਸੋ ਇਸ ਤਰ੍ਹਾਂ ਬਾਬਾ ਜੀ ਨੇ ਉਹਨਾਂ ਨੂੰ ਪ੍ਰਮੇਸ਼ਵਰ ਦੇ ਗੁਣ ਗਾਵਣ ਲਾ ਦਿੱਤਾ।

ਨੋਟ : ਸ. ਝੰਡਾ ਸਿੰਘ ਤੋਂ ਬਚਨ ਪ੍ਰਾਪਤ ਹੋਇਆ।

## ਕਰਨ ਕਰਾਵਨ ਕਰਨੈ ਜੋਗੁ ॥

ਗੋਬਿੰਦਪੁਰਾ ਪਿੰਡ ਦਾ ਆਸਾ ਰਾਮ ਭੁਚੋ ਮੰਡੀ ਤੋਂ ਆ ਰਿਹਾ ਸੀ। ਗਰਮੀ ਦਾ ਮੌਸਮ ਸੀ। ਪੈਦਲ ਜਾਣ ਲਈ ਰੂੰਮੀ ਦੇ ਕੋਲ ਦੀ ਰਸਤਾ ਸੀ ਉਹ ਗਰਮੀ ਨਾਲ ਵਿਆਕੁਲ ਹੋਇਆ ਬਾਬਾ ਜੀ ਪਾਸ ਰੂੰਮੀ ਪਹੁੰਚ ਗਿਆ। ਬਾਬਾ ਜੀ ਕੋਲ ਪਹੁੰਚ ਕੇ ਨਮਸ਼ਕਾਰ ਕੀਤੀ ਅਤੇ ਅਰਾਮ ਕਰਨ ਲੱਗ ਪਿਆ। ਬੋਹੜ ਦੀ ਠੰਢੀ ਛਾਂ ਨਾਲ ਉਸਦੀ ਥਕਾਵਟ ਦੂਰ ਹੋ ਗਈ। ਜਦੋਂ ਕੁਝ ਸਮਾਂ ਅਰਾਮ ਕਰਨ ਕਰਕੇ ਤੁਰਨ ਲੱਗਾ ਬਾਬਾ ਜੀ ਨੇ ਹੁਕਮ ਕੀਤਾ "ਭਗਤਾ ਥੋੜ੍ਹੀ ਸੇਵਾ ਹੀ ਕਰਦਾ ਜਾ"।

ਆਸਾ ਰਾਮ ਨੇ "ਸਤਿਬਚਨ" ਕਹਿ ਕੇ ਸੇਵਾ ਪੁੱਛੀ। ਬਾਬਾ ਜੀ ਨੇ ਮਿੱਟੀ ਦੇ ਪਏ ਢੇਰ ਵੱਲ ਇਸ਼ਾਰਾ ਕਰਕੇ ਹੁਕਮ ਕੀਤਾ। "ਇਸ ਨੂੰ ਚੁੱਕ ਕੇ ਉਹ ਸਾਹਮਣੇ ਟੋਏ ਕੋਲ ਸੁੱਟ ਦੇ। ਗਰਮੀ ਬਹੁਤ, ਦੁਪਹਿਰ ਦਾ ਸਮਾਂ ਆਸਾ ਰਾਮ ਘਬਰਾ ਗਿਆ। ਪਰ ਅੰਦਰਲੇ ਡਰ ਦੇ ਮਾਰੇ ਬੱਠਲ (ਤਸਲਾ, ਕੜਾਹੀਆਂ) ਤੇ ਕਹੀ ਚੁੱਕ ਢੇਰ ਕੋਲ ਚਲਾ ਗਿਆ। ਉਸ ਨੇ ਕਹੀ ਨਾਲ ਬੱਠਲ ਮਿੱਟੀ ਦਾ ਭਰ ਲਿਆ ਅਤੇ ਚੁੱਕ ਲਿਆ ਉਸ ਨੂੰ ਸਿਰ ਉਪਰ ਬੱਠਲ ਚੁੱਕੀ ਜਾਂਦੇ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਸ ਦੇ ਪਿੱਛੇ ਕਿਸੇ ਦੇ ਪੈਰਾਂ ਦੀ ਆਵਾਜ਼ ਆ ਰਹੀ ਹੋਵੇ। ਉਹ ਮਿੱਟੀ ਦੱਸੀ ਹੋਈ ਜਗ੍ਹਾ ਤੇ ਸੁੱਟ ਕੇ ਵਾਪਸ ਆਇਆ ਤਾਂ ਕੀ ਦੇਖਦਾ ਹੈ। ਮਿੱਟੀ ਥੋੜ੍ਹੀ ਹੀ ਬਾਕੀ ਰਹਿ ਗਈ ਹੈ। ਉਸ ਨੇ ਮਿੱਟੀ ਬੱਠਲ ਵਿੱਚ ਫਿਰ ਪਾ ਲਈ। ਪਹਿਲਾਂ ਦੀ ਤਰ੍ਹਾਂ ਹੀ ਮਹਿਸੂਸ ਕਰਨ ਲੱਗਾ। ਜਿਸ ਵੇਲੇ ਤੀਸਰੇ ਚੱਕਰ ਆਇਆ ਤਾਂ ਸਾਰੀ ਮਿੱਟੀ ਚੁੱਕ ਜਗ੍ਹਾ ਸਾਫ ਕੀਤੀ ਪਈ ਸੀ।

ਇਹ ਸਭ ਕੁਝ ਦੇਖ ਕਰ ਉਹ ਹੈਰਾਨ ਹੋ ਗਿਆ। ਬਾਬਾ ਜੀ ਕੋਲ ਆ ਕੇ ਬੇਨਤੀ ਕੀਤੀ।" ਮਿੱਟੀ ਤੁਸੀਂ ਆਪ ਹੀ ਚੁੱਕਾ ਦਿੱਤੀ ਹੈ। ਆਪ ਤਾਂ ਪਹੁੰਚੇ ਹੋਏ ਸਾਧੂ ਹੋ।"

ਬਾਬਾ ਜੀ ਨੇ ਉਸ ਨੂੰ ਬਚਨ ਕੀਤਾ" ਇਹ ਗੱਲ ਅੱਗੇ ਨਾ ਕਰਨੀ ਕਿ ਅਸੀਂ ਕੀ ਹਾਂ ਇਥੇ ਚੁੱਪ ਕਰ ਜਾ।"

**ਕਰਿ ਕਰਿ ਦੇਖੈ ਅਪਨੀ ਵਡਿਆਈ ॥**
**ਨਾਨਕ ਸਭ ਮਹਿ ਰਹਿਆ ਸਮਾਈ ॥**

**ਅੰਗ ੨੭੭**

ਸੋ ਇਸ ਤਰ੍ਹਾਂ ਆਪ ਸਭ ਕੁਝ ਕਰ ਸਕਣ ਦੀ ਸਮਰੱਥਾ ਰੱਖਦੇ ਹੋਏ ਵੀ ਛੁੱਪ ਕੇ ਰਹਿੰਦੇ ਸਨ। ਜਿਸ ਪ੍ਰਾਣੀ ਤੇ ਕ੍ਰਿਪਾ ਕਰਨੀ ਹੁੰਦੀ ਉਸ ਦੇ ਮਨ ਨੂੰ ਹੀ ਪ੍ਰੇਰਦੇ ਸਨ ਬਾਕੀਆਂ ਨੂੰ ਟਾਲ ਮਟੋਲ ਕਰ ਦਿੰਦੇ ਸਨ।

ਨੋਟ : ਸ. ਕਰਤਾਰ ਸਿੰਘ ਬੀ.ਏ. ਤੋਂ ਪ੍ਰਸੰਗ ਮਿਲਿਆ।

# ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥

**ਅੰਗ ੧੪੬**

ਸੋਨਾ ਜਿਸ ਤਰ੍ਹਾਂ ਕੁਠਾਲੀ ਵਿੱਚ ਪਾ ਕੇ ਗਰਮ ਕੀਤਾ ਜਾਂਦਾ ਹੈ। ਫਿਰ ਕੱਢ ਕੇ ਸ਼ੁਧ ਹੁੰਦਾ ਹੈ ਉਸ ਤਰ੍ਹਾਂ ਚਮਕ ਚੜ੍ਹਦਾ ਹੈ ਜਿਸ ਤਰ੍ਹਾਂ –

**ਸੋਨਾ ਟੂਮ ਬਣੇ ਉਸ ਵੇਲੇ ਜਦ ਢਲਦਾ ਵਿੱਚ ਕੁਠਾਲੀ॥**
**ਸਰਦੀ ਧੁਪ ਸਹੇ ਜਦ ਸਿਰ ਤੇ ਤਾਂ ਫਲ ਫੜਦਾ ਲਾਲੀ॥**
**ਦਰਜੀ ਪਾੜ ਕਰੇ ਜਦ ਲੀਰਾਂ ਤਾਂ ਬਣੇ ਕਮੀਜ਼ ਬੰਗਾਲੀ॥**
**ਮਕਸਦ ਤਿਨਾ ਹਾਸਲ ਹੁੰਦੇ ਜਿੰਨਾ ਮੁਸ਼ਕਲ ਝਾਲੀ॥**

ਇਸ ਤਰ੍ਹਾਂ ਬਾਬਾ ਜੀ ਨੇ ਬਹਾਲ ਦਾਸ ਜੀ ਨੂੰ ਹੋਰ ਸੇਵਾ ਲਾਈ ਤਾ ਕਿ ਇਹ ਸੋਨੇ ਦੀ ਤਰ੍ਹਾਂ ਚੰਗੀ ਤਰ੍ਹਾਂ ਚਮਕ ਫੜ ਜਾਣ। ਬਾਬਾ ਜੀ ਨੇ ਹੁਕਮ ਕੀਤਾ "ਬਹਾਲ ਦਾਸ ਅੱਜ ਤੋਂ ਸ਼ੁਰੁ ਕਰਦੇ ਇੱਕ ਹੋਰ ਸੇਵਾ ਉਹ ਇਹ ਹੈ ਕਿ ਸਾਡੇ ਕੋਲ ਰਹਿ ਕੇ ਮੂਲ ਮੰਤ੍ਰ ਦਾ ਸਵਾ ਲੱਖ ਪਾਠ ਚਾਲੀ ਦਿਨ ਵਿੱਚ ਕਰਨਾ ਹੈ। ਅੱਧੀ ਰਾਤ ਤੋਂ ਬਾਅਦ ਜਿਹੋ ਜਿਹਾ ਜਲ ਮਿਲੇ ਉਸ ਨਾਲ ਹੀ ਇਸਨਾਨ ਕਰਕੇ ਨਿਤਨੇਮ ਸ਼ੁਰੂ ਕਰਨਾ ਹੈ। ਅਗਲੇ ਦਸ ਦਿਨ ਗਲੇ ਤੱਕ ਪਾਣੀ ਵਿੱਚ ਖੜੇ ਹੋ ਕੇ ਕਰਨਾ ਹੈ। ਅਗਲੇ ਦਸ ਦਿਨ ਰੋੜਾਂ ਉਤੇ ਬੈਠਕੇ। ਫਿਰ ਦਸ ਦਿਨ ਪਦਮ ਆਸਨ ਕਰਕੇ ਅਤੇ ਅਖੀਰਲੇ ਦਸ ਦਿਨ (ਹੱਥ ਦਾ ਇਸ਼ਾਰਾ ਕਰਕੇ) ਸਾਹਮਣੇ ਦਰਖਤ ਦੇ ਟਾਹਣੇ ਉਪਰ ਬੈਠ ਕੇ ਕਰਨਾ ਹੈ। ਇਹ ਪਾਠ ਕਰਨ ਸਮੇਂ ਕਿਸੇ ਨਾਲ ਕੋਈ ਗੱਲ ਨਹੀਂ ਕਰਨੀ ਅਤੇ ਉੱਚੀ ਨਿਗਾਹ ਕਰਕੇ ਦੇਖਣਾ ਵੀ ਨਹੀਂ। ਮੋਨ ਧਾਰ ਕੇ ਰੱਖਣਾ ਹੈ ਜੇ ਬੋਲਨਾ ਹੋਵੇ ਤਾਂ ਮੂਲ ਮੰਤ੍ਰ ਹੀ ਬੋਲ ਕੇ ਪੜ੍ਹਨ ਲੱਗ ਜਾਣਾ।

ਬਹਾਲ ਦਾਸ ਜੀ ਨੇ "ਸਤਿ ਬਚਨ" ਕਹਿ ਕੇ ਸਿਰ ਝੁਕਾ ਦਿੱਤਾ। ਫਿਰ

ਬੇਨਤੀ ਕੀਤੀ "ਮਹਾਰਾਜ ! ਜੋ ਸੇਵਾ ਨਗਰ ਵਿੱਚ ਲੱਗੀ ਹੈ ਉਹ ਕਿਸ ਤਰ੍ਹਾਂ ਹੋਵੇਗੀ।"

ਬਾਬਾ ਜੀ ਨੇ ਫੁਰਮਾਇਆ ਆਪ ਹੀ ਪ੍ਰਮੇਸ਼ਵਰ ਕਰਵਾਇਆ ਕਰੇਗਾ। ਚਾਲੀ ਦਿਨ ਮਨ ਅੰਦਰ ਇਹ ਫੁਰਨਾ ਵੀ ਨਹੀਂ ਬਨਾਉਣਾ ਕਿ ਇਹ ਸੇਵਾ ਕੌਣ ਕਰੇਗਾ। ਫਿਰ ਬਹਾਲ ਦਾਸ ਜੀ ਨੇ ਇਹ ਕਮਾਈ ਸ਼ੁਰੂ ਕਰ ਦਿੱਤੀ। ਫਿਰ ਕੀ ਹੋਇਆ ਇਹੋ ਜਿਹੀ ਅਵਸਥਾ ਬਣ ਗਈ, ਜਿਵੇਂ ਕਬੀਰ ਜੀ ਉਚਾਰਨ ਕਰ ਗਏ:

**ਅਲਉਤੀ ਕਾ ਜੈਸੇ ਭਇਆ ਬਰੇਡਾ**
**ਜਿਨਿ ਪੀਆ ਤਿਨਿ ਜਾਨਿਆ ॥**

**ਗਉੜੀ ਕਬੀਰ ਜੀ, ਅੰਗ ੩੩੩**

ਇਹ ਕਰਮ ਨਾਲ ਪਹਿਲੇ ਦਸ ਦਿਨ ਵਿੱਚ ਅਫੁਰ ਅਵਸਥਾ ਹੋ ਗਈ। ਫਿਰ ਅਨਹਦ ਸ਼ਬਦ ਫਿਰ ਤ੍ਰਿਕੁਟੀ ਵਿਚੋਂ ਪ੍ਰਕਾਸ਼ ਨਜ਼ਰ ਆਉਣ ਲੱਗ ਪਿਆ। ਆਖਿਰ ਅਜਪਾ ਜਾਪ ਐਸਾ ਅਰੰਭ ਹੋਇਆ ਕਿ ਕੁਦਰਤੀ ਚਸਮੇ ਵਾਂਗ ਸਿਮਰਨ ਦੀ ਲੜੀ ਚੱਲ ਪਈ। ਇੱਕ ਇਹੋ ਜਿਹਾ ਅਨੰਦ ਆਇਆ ਕਿ ਕਮਾਈ ਵਾਲੀ ਮਨੋ ਅਵਸਥਾ ਬਣ ਗਈ। ਜਦੋਂ ਚਾਲੀ ਦਿਨ ਪੂਰੇ ਹੋ ਗਏ ਫਿਰ ਬਾਬਾ ਜੀ ਨੇ ਕੋਲ ਬੁਲਾ ਕੇ ਬਚਨ ਕੀਤਾ "ਤੂੰ ਦੀਵਾਨਾ ਸੰਤ ਹੈ।"

**ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥**

**ਮਾਰੂ ਮ: ੧, ਅੰਗ ੯੯੧**

ਭੁਚੋ ਰਹਿਣ ਸਮੇਂ ਬਾਬਾ ਜੀ ਕਦੇ ਕਦੇ ਬਚਨ ਕਰਿਆ ਕਰਦੇ ਸਨ "ਅਸੀਂ ਤਿੰਨ ਤਰ੍ਹਾਂ ਦੇ ਸਾਧੂ ਬਣਾਏ ਹਨ, ਦਾਨੇ, ਦੀਵਾਨੇ ਅਤੇ ਮਸਤਾਨੇ" ਦਾਨੇ ਬਾਬਾ ਅਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲੇ ਸਾਧੂ ਹਨ।

ਸੰਤ ਬਹਾਲ ਦਾਸ ਜੀ ਨੂੰ ਮਹਾਰਾਜ ਦੀਵਾਨੇ ਕਿਹਾ ਕਰਦੇ ਸਨ ਅਤੇ ਸੰਤ ਚਿੰਤ ਰਾਮ ਜੀ ਨੂੰ ਮਸਤਾਨੇ ਦੀ ਉਪਾਧੀ ਦਿੱਤੀ ਹੋਈ ਸੀ।

ਸਗ ਨਾਨਕ ਦੀਵਾਨ "ਮਸਤਾਨਾ" ਨਿਤ ਚੜ੍ਹੈ ਸਵਾਇਆ॥

ਬਾਬਾ ਜੀ ਦੇ ਬਚਨਾਂ ਤੇ ਪੂਰੇ ਉਤਰਨ ਤੋਂ ਬਾਅਦ ਬਹਾਲ ਦਾਸ ਜੀ ਇੱਕ ਸੰਤ ਦੀ ਉਪਾਧੀ ਪਾ ਗਏ। ਬਹਾਲ ਦਾਸ ਜੀ ਦੇ ਜਾਪ ਕਰਨ ਸਮੇਂ ਅਤਰ ਸਿੰਘ ਚਾਲੀ ਦਿਨ ਸੇਵਾ ਕਰਦਾ ਰਿਹਾ। ਸੇਵਾ ਤਾਂ ਪਹਿਲਾਂ ਵੀ ਕਰਦਾ ਸੀ ਪਰ ਇਨ੍ਹਾਂ ਦਿਨਾਂ ਵਿੱਚ ਸਾਰੀ ਸੇਵਾ ਅਤਰ ਸਿੰਘ ਨੇ ਕੀਤੀ। ਬਾਬਾ ਜੀ ਨੇ ਅਤਰ ਸਿੰਘ ਨੂੰ ਕੋਲ ਬੁਲਾ ਕੇ ਬਚਨ ਕੀਤਾ "ਅਤਰ ਸਿੰਘ ਜੋ ਇੱਛਾ ਹੈ ਮੰਗ ਲੈ।"

ਅਤਰ ਸਿੰਘ ਚੁੱਪ ਹੀ ਖਲੋਤਾ ਰਿਹਾ। ਇਹੀ ਬਚਨ ਤਿੰਨ ਵਾਰ ਹੋਇਆ ਪਰ ਅਤਰ ਸਿੰਘ ਚੁੱਪ ਰਿਹਾ। ਮਹਾਂਪੁਰਖ ਤੋਂ ਮੰਗਣ ਵੇਲੇ ਚੁੱਪ ਹੀ ਰਹਿਣਾ ਠੀਕ ਹੈ ਕਿਉਂਕਿ ਮਨੁੱਖ ਦਾ ਦਾਇਰਾ ਛੋਟਾ ਹੋਣ ਕਰਕੇ ਦੁਨਿਆਵੀਂ ਚੀਜ਼ ਬਖਸ਼ ਦਿੰਦੇ ਹਨ। ਚੁੱਪ ਰਿਹਾ ਜਾਵੇ ਤਾਂ ਮਹਾਂਪੁਰਖ ਪਤਾ ਨਹੀਂ ਕਿੰਨੀ ਵੱਡੀ ਚੀਜ਼ ਬਖਸ਼ ਦਿੰਦੇ ਹਨ। ਅਤਰ ਸਿੰਘ ਚੁੱਪ ਹੀ ਰਿਹਾ ਤਾ ਬਾਬਾ ਜੀ ਨੇ ਬਚਨ ਕੀਤਾ "ਚੰਗਾ ਫੇਰ ਤੈਨੂੰ ਅੱਗੇ ਜਾ ਕੇ ਬਹੁਤ ਕੁਝ ਮਿਲੇਗਾ।"

**ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥**
**ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥**

**ਗਉੜੀ ਸੁਖਮਨੀ ਮ:੫, ਅੰਗ ੨੭੧**

ਇਸ ਤਰ੍ਹਾਂ ਸੰਤ ਬਹਾਲ ਦਾਸ ਜੀ ਇਮਤਿਹਾਨ ਵਿੱਚ ਪਾਸ ਹੋ ਕੇ ਨਿਕਲੇ ਅਤੇ ਬਾਬਾ ਜੀ ਦੀ ਕ੍ਰਿਪਾ ਦੁਆਰਾ ਬਿਨਾਂ ਕੁਝ ਮੰਗੇ ਹੀ ਸਭ ਕੁਝ ਪਾ ਗਏ। ਜਿਵੇਂ ਚਣੁਕ ਰਿਖੀ ਜੀ ਬਹੁਤ ਸੰਤੋਖੀ ਹੋਏ ਹਨ। ਉਨ੍ਹਾਂ ਨੂੰ ਕਈ ਕਈ ਦਿਨ ਬਿਨਾਂ ਕੁਝ ਖਾਧੇ ਹੀ ਬੀਤ ਜਾਂਦੇ ਸਨ। ਫਿਰ ਵੀ ਪ੍ਰਮੇਸ਼ਵਰ ਦੇ ਗੁਣ ਗਾਉਂਦੇ ਸਨ।

ਚਣੁਕ ਰਿਖੀ ਜੀ ਪਰਿਵਾਰ ਦੇ ਚਾਰ ਜੀਅ ਸਨ। ਜਿੰਨ੍ਹਾਂ ਵੀ ਭੋਜਨ ਤਿਆਰ ਹੋਣਾ ਉਸ ਦੇ ਚਾਰ ਹਿੱਸੇ ਕਰਕੇ ਵੰਡ ਲੈਣੇ। ਫਿਰ ਥੋੜ੍ਹਾ ਥੋੜ੍ਹਾ ਹਰ ਇੱਕ ਨੇ ਕੱਢ ਕੇ ਪਾਸੇ ਰੱਖ ਦੇਣਾ। ਘਰ ਅਗੋ ਲੰਘਣ ਵਾਲੇ ਮਨੁੱਖ ਨੂੰ ਇਹ ਪੰਜਵਾ ਹਿੱਸਾ ਛਕਾ ਕਰਕੇ ਫਿਰ ਆਪ ਭੋਜਨ ਛੱਕਣਾ।

ਵਰਖਾ ਦੀ ਰੁੱਤ ਸੀ। ਮੀਂਹ ਸੱਤ ਦਿਨ ਲਗਾਤਾਰ ਵਰਸਦਾ ਰਿਹਾ। ਰਿਖੀ

ਜੀ ਦੇ ਪਰਿਵਾਰ ਨੇ ਰਾਸ਼ਨ ਬਿਨਾਂ ਹੀ ਸੱਤ ਦਿਨ ਕੱਟੇ ਜਦੋਂ ਅੱਠਵੇਂ ਦਿਨ ਰਿਖੀ ਜੀ ਭੋਜਨ ਦੀ ਭਾਲ ਵਿੱਚ ਗਏ ਤਾਂ ਕੀੜਿਆਂ ਦੇ ਭੌਣ ਉਤੇ ਕੁਝ ਦਲੀਆ ਪਿਆ ਸੀ, ਉਹ ਚੁੱਕ ਲਿਆਏ। ਘਰ ਆ ਕੇ ਉਸ ਨੂੰ ਘੋਟ ਕੇ ਸੱਤੂ ਵਾਂਗ ਬਣਾ ਲਿਆ।

ਫਿਰ ਚਾਰ ਹਿੱਸੇ ਕੀਤੇ। ਪਹਿਲਾ ਦੀ ਤਰ੍ਹਾ ਹਿੱਸਾ ਕੱਢ ਕੇ ਕਿਸੇ ਪ੍ਰੇਮੀ ਨੂੰ ਉਡੀਕਣ ਲੱਗੇ। ਸੰਤੋਖ ਪਰਖਣ ਲਈ ਪ੍ਰਮੇਸ਼ਵਰ ਬ੍ਰਾਹਮਣ ਦਾ ਰੂਪ ਧਾਰ ਕੇ ਆ ਗਏ।

"ਰਿਖੀ ਦੇ ਪਰਿਵਾਰ ਨੇ ਆਦਰ ਨਾਲ ਬਿਠਾਏ ਅਤੇ ਸੱਤੂ ਅੱਗੇ ਰੱਖੇ। ਭਗਵਾਨ ਛੱਕ ਕੇ ਕਹਿਣ ਲੱਗੇ "ਅਜੇ ਭੁੱਖ ਬਾਕੀ ਹੈ ਹੋਰ ਦਿਉ। ਇਸ ਤਰ੍ਹਾਂ ਕਰਕੇ ਸਾਰੇ ਸੱਤੂ ਪੀ ਗਏ। ਇਹ ਦੇਖ ਰਿਖੀ ਦੇ ਪਰਿਵਾਰ ਅੰਦਰ ਕੋਈ ਘਿਰਨਾ ਵਾਲੀ ਵਿਚਾਰ ਨਾ ਆਈ।"

ਉਸੇ ਵੇਲੇ ਭਗਵਾਨ ਬਹੁਤ ਖੁਸ਼ ਹੋਏ ਤੇ ਕਹਿਣ ਲੱਗੇ "ਰਿਖੀ ਜੀ! ਆਪ ਜਿਹਾ ਸੰਤੋਖੀ ਕੋਈ ਵਿਰਲਾ ਹੈ। ਇਸ ਵੇਲੇ ਜੋ ਇੱਛਾ ਹੈ ਮੰਗ ਲਓ।"

ਰਿਖੀ ਚੁੱਪ ਹੀ ਰਿਹਾ ਕੁਝ ਨਾ ਮੰਗਿਆ। ਭਗਵਾਨ ਨੇ ਖੁਸ਼ ਹੋ ਕੇ ਚਾਰੇ ਪਦਾਰਥ ਬਖਸ਼ ਦਿੱਤੇ।

## ਤਿਨ ਜਨ ਕੀ ਸੇਵਾ ਥਾਇ ਪਈ
## ਜਿਨ੍ ਕਉ ਕਿਰਪਾਲ ਹੋਵਤੁ ਬਨਵਾਰੀ ॥

**ਅੰਗ ੧੨੦੧**

ਇਕ ਵਾਰ ਬਹਾਲ ਦਾਸ ਜੀ ਥੋੜ੍ਹੀ ਰਾਤ ਲੰਘਣ ਤੋਂ ਸੇਮੇ ਪਿੰਡ ਨੂੰ ਜਾ ਰਹੇ ਸਨ। ਰਸਤੇ ਵਿੱਚ ਜਾਂਦਿਆਂ ਉਨ੍ਹਾਂ ਦੀ ਨਜ਼ਰੀਂ ਭੇਡਾਂ ਦੇ ਇੱਜੜ ਬੱਕਰੀਆਂ ਦੇ ਇੱਜੜ ਕਈ ਆਦਮੀ ਹੱਕੀ ਜਾ ਰਹੇ ਹਨ। ਆਪ ਨੂੰ ਖਿਆਲ ਆਇਆ ਕਿ ਕੋਈ ਚੋਰ ਪਿੰਡ ਦੇ ਇੱਜੜ ਚੋਰੀ ਕਰਕੇ ਲਿਜਾ ਰਹੇ ਹਨ। ਪਿੰਡ ਪਹੁੰਚ ਕੇ ਜਿੰਨ੍ਹਾਂ ਕੋਲ ਇੱਜੜ ਸਨ ਉਨ੍ਹਾਂ ਪਾਸ ਗਏ। ਹਰ ਇੱਕ ਨੂੰ

ਪੁੱਛਣ ਲੱਗੇ "ਕੀ ਤੁਹਾਡਾ ਇੱਜੜ ਤਾਂ ਚੋਰੀ ਨਹੀ ਹੋਇਆ?" ਪਰ ਕਿਸੇ ਦਾ ਇੱਜੜ ਚੋਰੀ ਨਹੀਂ ਹੋਇਆ ਸੀ। ਸਭ ਦੇ ਆਪਣੇ ਆਪਣੇ ਘਰ ਸੀ। ਕਾਫੀ ਰਾਤ ਬੀਤ ਜਾਣ ਤੋਂ ਬਾਅਦ ਬਹਾਲ ਦਾਸ ਜੀ ਘਰ ਪਹੁੰਚੇ।

ਸਵੇਰ ਤੋਂ ਪਹਿਲਾਂ ਹੀ ਬਾਬਾ ਜੀ ਕੋਲ ਰੂਮੀ ਪਹੁੰਚ ਕੇ ਰਾਤ ਦੀ ਵਿਆਖਿਆ ਸੁਣਾਈ।

ਬਾਬਾ ਜੀ ਕਹਿਣ ਲੱਗੇ "ਇਹ ਇੱਜੜ ਨਹੀਂ ਸੀ। ਇਹ ਚੇਚਕ ਦੀ ਬੀਮਾਰੀ ਸੀ। ਇਹ ਬੀਮਾਰੀ ਪਵੇਗੀ। ਜਿਵੇਂ ਆਜੜੀ ਭੇਡਾਂ ਲੈ ਜਾ ਰਹੇ ਸਨ। ਇਸੇ ਤਰ੍ਹਾਂ ਜਮਦੂਤ ਆਜੜੀ ਲੋਕਾਂ ਨੂੰ ਲਿਜਾ ਰਹੇ ਸਨ। ਹੁਣ ਜਦੋਂ ਤੈਨੂੰ ਇਹ ਕੁਝ ਨਜ਼ਰ ਆਉਣ ਲੱਗ ਪਿਆ ਹੈ, ਤੇਰੀ ਬਿਰਤੀ ਉੱਚੀ ਹੋ ਗਈ ਹੈ। ਹੁਣ ਤੂੰ ਤਾਕਤ ਲੈਣ ਦੇ ਕਾਬਲ ਹੋ ਗਿਆ ਹੈ। ਇਸੇ ਲਈ ਬਹਾਲ ਦਾਸ ਹੁਣ ਤੈਨੂੰ ਤਾਕਤ ਦਿੰਦੇ ਹਾਂ।"

ਬਹਾਲ ਦਾਸ ਜੀ ਨੇ ਆਦਰ ਨਾਲ ਸਿਰ ਝੁਕਾ ਦਿੱਤਾ। ਬਾਬਾ ਜੀ ਨੇ ਹੁਕਮ ਦਿੱਤਾ "ਬਹਾਲ ਦਾਸ ਨੇ ਸਾਡੀ ਦਸ ਸਾਲ ਸੇਵਾ ਕੀਤੀ ਹੈ। ਇਸ ਲਈ ਤੇਰੀ ਸੇਵਾ ਦੇ ਬੂਟੇ ਨੂੰ ਫਲ ਲੱਗਣਾ ਚਾਹੀਦਾ ਹੈ। ਸੋ ਰਾਤ ਲੰਘੀ ਤੋਂ ਆ ਜਾਵੀਂ।"

ਸ਼ਾਮ ਨੂੰ ਬਹਾਲ ਦਾਸ ਜੀ ਘਰ ਚਲੇ ਗਏ। ਅੱਧੀ ਰਾਤ ਹੋਈ ਤੋਂ ਬਾਬਾ ਜੀ ਕੋਲ ਪਹੁੰਚ ਗਏ। ਨਮਸ਼ਕਾਰ ਕੀਤੀ। ਬਾਬਾ ਜੀ ਨੇ ਬੜੇ ਪਿਆਰ ਨਾਲ ਆਪਣੇ ਪਿੱਛੇ ਬੈਠ ਜਾਣ ਲਈ ਕਿਹਾ ਅਤੇ ਹੁਕਮ ਕੀਤਾ "ਬਹਾਲ ਦਾਸ, ਦੇਖ ਸਾਹਮਣੇ ਕੋਈ ਚੀਜ਼ ਤਾਂ ਨਹੀਂ।"

"ਬਹਾਲ ਦਾਸ ਪਿੱਛੇ ਹੋ ਕੇ ਬੈਠ ਜਾ" ਬਾਬਾ ਜੀ ਨੇ ਹੁਕਮ ਕੀਤਾ।

ਬਾਬਾ ਜੀ ਨੇ ਅੱਖਾਂ ਤੋਂ ਪੱਟੀ ਖੋਲ੍ਹੀ ਤਾਂ ਸਾਹਮਣੇ ਮੱਕੀ ਦੇ ਟਾਂਡੇ ਪਏ ਸਨ ਉਨ੍ਹਾਂ ਨੂੰ ਅੱਗ ਲੱਗ ਗਈ। ਹੁਕਮ ਕੀਤਾ "ਬਹਾਲ ਦਾਸ ਅੱਗੇ ਆ ਕੇ ਬੈਠ ਜਾ।"

ਬਾਬਾ ਜੀ ਦੇ ਅੱਗੇ ਬੈਠ ਕੇ ਬਹਾਲ ਦਾਸ ਜੀ ਹੁਕਮ ਦੀ ਉਡੀਕ ਕਰਨ ਲੱਗੇ। ਹੁਕਮ ਹੋਇਆ "ਜੋ ਕੁਝ ਵੀ ਦਿਸੇ ਦੇਖਦੇ ਰਹਿਣਾ, ਬੋਲਣਾ ਨਹੀਂ।"

ਬਹਾਲ ਦਾਸ ਦੇਖਦੇ ਰਹੇ ਕਿ ਬਾਬਾ ਜੀ ਦੇ ਅੱਗੇ ਪਿੱਛੇ ਕਿੰਨੇ ਹੀ ਦੇਵੀਆ ਦੇਵਤੇ ਫਿਰਦੇ ਹਨ। ਬਹੁਤ ਕੁਝ ਨਜ਼ਰ ਆਇਆ। ਆਪ ਚੁੱਪ ਚਾਪ ਦੇਖਦੇ ਰਹੇ। ਉਸ ਸਮੇਂ ਸਭ ਪਾਸੇ ਪ੍ਰਕਾਸ਼ ਹੀ ਪ੍ਰਕਾਸ ਦਿਸਿਆ। ਜਿਵੇਂ ਗੁਰ ਵਾਕ ਹੈ-

**ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥**

**ਅੰਗ ੩੧੯**

ਕੁਝ ਸਮਾਂ ਇਹ ਨਜ਼ਾਰਾਂ ਅੱਖਾਂ ਅੱਗੇ ਰਹਿਆ। ਜਿਸ ਵਕਤ ਆਪਣੀ ਲੀਲਾ ਸਮਾਪਤ ਕੀਤੀ। ਇਹ ਸਭ ਕੁਝ ਦਿਖਾ ਕੇ ਬਾਬਾ ਜੀ ਨੇ ਬਚਨ ਕੀਤਾ। "ਬਹਾਲ ਦਾਸ ਕੋਲ ਆ ਜਾ।"

ਬਹਾਲ ਦਾਸ ਜੀ ਕੋਲ ਆ ਕੇ ਬੈਠ ਗਏ। ਬਾਬਾ ਜੀ ਨੇ ਪਿੱਠ ਤੇ ਇੱਕ ਮੁੱਕੀ ਮਾਰੀ ਅਤੇ ਫਿਰ ਪੁੱਛਣ ਲੱਗੇ "ਪੀੜ ਤਾਂ ਨਹੀਂ ਲੱਗੀ।"

ਬਹਾਲ ਦਾਸ ਜੀ ਨੇ ਉਤਰ ਦਿੱਤਾ "ਨਹੀਂ ਮਹਾਰਾਜ ! ਗਰੀਬ ਨਿਵਾਜ਼"

ਫਿਰ ਬਾਬਾ ਜੀ ਬਚਨ ਕੀਤਾ "ਲੈ ਬਹਾਲ ਦਾਸ, ਹੁਣ ਦੁਨੀਆ ਦੇ ਲੋਕ ਅਤੇ ਮਾਇਆ ਤੇਰੇ ਪਿੱਛੇ ਪਿੱਛੇ ਫਿਰਨਗੇ। ਜਿਥੇ ਜੀ ਕਰੇ ਬਹਿ ਜਾਵੀਂ। ਇਹ ਤੇਰੇ ਸੰਤੋਖ ਦਾ ਸਦਕਾ ਹੈ।"

**ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥**
**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥**
**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**
**ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥**

**ਅੰਗ ੪੬੬-੬੭**

ਸੋ ਇਸ ਤਰ੍ਹਾਂ ਬਹਾਲ ਦਾਸ ਜੀ ਨੂੰ ਤਾਕਤ ਬਖਸ ਕੇ ਆਪ ਬਿਚਰਨ ਲਈ ਅਦੇਸ਼ ਦੇ ਦਿੱਤਾ। ਬਹਾਲ ਦਾਸ ਜੀ ਦਾ ਵੱਖ ਹੋਣ ਨੂੰ ਦਿਲ ਨਹੀਂ ਕਰਦਾ ਸੀ। ਪਰ ਮਜਬੂਰ ਸਨ। ਬਚਨ ਮੰਨਣਾ ਪੈਣਾ ਸੀ। ਸੋ ਬਹਾਲ ਦਾਸ ਜੀ ਨੇ ਸੇਵਾ ਕਰਕੇ ਆਪਣਾ ਲੋਕ ਪ੍ਰਲੋਕ ਸਵਾਰ ਲਿਆ।

**ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥**

**ਅੰਗ ੫੨੨**

ਅਧਿਆਪਕ ਸਕੂਲ ਦਾ ਹੋਵੇ ਜਾਂ ਕਾਲਜ ਦਾ ਹੋਵੇ ਜਾਂ ਸ਼ਾਗਿਰਦ ਜਦੋਂ ਆਪਣੀ ਵਿਦਿਆ ਪ੍ਰਾਪਤ ਕਰਕੇ ਸਕੂਲ ਜਾਂ ਕਾਲਜ ਨੂੰ ਛੱਡ ਕੇ ਜਾਂਦਾ ਹੈ ਤਾਂ ਉਸ ਨੂੰ ਅਧਿਆਪਕ ਬੜੇ ਪ੍ਰੇਮ ਨਾਲ ਵਿਦਾਇਗੀ ਦਿੰਦਾ ਹੈ ਅਤੇ ਸ਼ੁਭ ਕਾਮਨਾਵਾਂ ਦੇਂਦਾ ਹੈ ਕਿਉਂਕਿ ਜ਼ਿੰਦਗੀ ਵਿੱਚ ਤਰੱਕੀ ਕਰਕੇ ਆਪਣਾ ਆਪ, ਸਕੂਲ ਤੇ ਅਧਿਆਪਕ ਦੇ ਨਾਮ ਨੂੰ ਚਾਰ ਚੰਨ ਲਾਵੇ।

ਇਸੇ ਤਰ੍ਹਾਂ ਬਹਾਲ ਦਾਸ ਜੀ ਤੋਂ ਦਸ ਸਾਲ ਦੀ ਕਠਨ ਸੇਵਾ ਲੈ ਕੇ ਅਤੇ ਹਰ ਪ੍ਰੀਖਿਆ ਵਿਚੋਂ ਪਾਸ ਹੋਣ ਤੋਂ ਬਾਅਦ ਬਾਬਾ ਜੀ ਨੇ ਉਨ੍ਹਾਂ ਨੂੰ ਸੰਤ ਬਹਾਲ ਦਾਸ ਦੀ ਉਪਾਧੀ ਦੇ ਕੇ ਵਿਦਾਇਗੀ ਦੇ ਦਿੱਤੀ। ਅਥਾਹ ਪਿਆਰ ਹੋਣ ਕਰਕੇ ਸੰਤ ਬਹਾਲ ਦਾਸ ਜੀ ਦਾ ਵਿਛੜਨ ਨੂੰ ਦਿਲ ਨਾ ਕਰੇ। ਪਰ ਆਪ ਗੁਰੂ ਦੇ ਸਤਿ ਬਚਨ ਦੇ ਅਧਿਕਾਰੀ ਸਨ।

ਬਾਬਾ ਜੀ ਨੇ ਬਹਾਲ ਦਾਸ ਨੂੰ ਤੋਰਨ ਤੋਂ ਪਹਿਲਾਂ ਕੁਝ ਨਿਯਮ ਦੱਸੇ। ਪਹਿਲਾਂ ਇਹ ਕਿ ਕਿਸੇ ਨਾਲ ਬਹੁਤ ਜ਼ਿਆਦਾ ਮੋਹ ਨਹੀਂ। (ਪਿਆਰ ਨਹੀਂ) ਕਰਨਾ। ਨਾ ਕਿਸੇ ਨੂੰ ਦੂਰ ਹੀ ਕਰਨਾ ਹੈ ਅਤੇ ਨਾ ਨੇੜੇ ਕਰਨਾ ਹੈ। ਦੂਜਾ ਜੋ ਕੋਈ ਸੇਵਾ ਕਰੇ ਤਾਂ ਪੂਰੀ ਸੇਵਾ ਤੇ ਪਰਖ ਤੋਂ ਬਾਅਦ ਕੁਝ ਬਚਨ ਕਰਨਾ ਹੈ ਐਵੇਂ ਨਹੀਂ ਕਰਦੇ ਰਹਿਣਾ। ਨਿਤਨੇਮ ਦੀ ਲੜੀ ਨਹੀਂ ਟੁੱਟਣ ਦੇਣੀ। ਇਹਨਾਂ ਅਸੂਲਾਂ ਤੇ ਬਣੇ ਰਹਿਣਾ ਹੈ।

**ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥**
**ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥**

**ਅੰਗ ੩੪੬**

ਬਹਾਲ ਦਾਸ ਜੀ ਨੂੰ ਵਿਦਾ ਕਰਕੇ ਹਜੂਰ ਇਕੱਲੇ ਹੀ ਨਿਰੰਕਾਰ ਦੀ ਛਤਰ ਛਾਇਆ ਥੱਲੇ ਰੂੰਮੀ ਵਿੱਚ ਬੈਠੇ ਹਨ। ਬੇ-ਫਿਕਰ ਤੇ ਬੇ-ਪ੍ਰਵਾਹ ਸਹਿਨਸ਼ਾਹ ਪ੍ਰਮੇਸ਼ਵਰ ਦੇ ਗੁਣ ਗਾ ਰਹੇ ਹਨ। ਕੋਈ ਸੇਵਾਦਾਰ ਨਹੀਂ, ਕੋਈ ਭੋਜਨ ਲਿਆਉਣ ਵਾਲਾ ਨਹੀਂ। ਪਰ ਡੋਰੀ ਛੱਡੀ ਹੈ ਉਸ ਸੱਚੇ ਉੱਪਰ ਆਪ ਹੀ ਸਭ ਕੁਝ ਦੇਵੇਗਾ।

# ਜਿਨ ਕਉ ਨਦਰਿ ਕਰਮੁ ਤਿਨ ਕਾਰ ॥

**ਜਪੁਜੀ ਸਾਹਿਬ, ਅੰਗ ੮**

ਭੁੱਚੋ ਕਲਾਂ ਦਾ ਸੋਹਣ ਸਿੰਘ ਢਿੱਲੋ ਆਪਣੀਆਂ ਗਊਆਂ ਚਾਰਦਾ ਚਾਰਦਾ ਰੂੰਮੀ ਪਹੁੰਚ ਗਿਆ। ਬਾਬਾ ਜੀ ਨੇ ਕੋਲ ਬੁਲਾ ਕੇ ਬਚਨ ਕੀਤਾ "ਪ੍ਰੇਮੀਆਂ ਸਾਨੂੰ ਦੁੱਧ ਚਾਹੀਦਾ ਹੈ ਸੋ ਤੂੰ ਪੈਸੇ ਲੈ ਕੇ ਦੁੱਧ ਦੇ।"

ਸੋਹਣ ਸਿੰਘ ਨੇ ਕਿਹਾ "ਸੰਤ ਜੀ ਪੈਸੇ ਨਹੀਂ ਲੈਣੇ।"

ਬਾਬਾ ਜੀ ਨੇ ਫੁਰਮਾਇਆ ਅਸੀਂ ਬਿਨਾਂ ਪੈਸਿਆਂ ਤੋਂ ਦੁੱਧ ਨਹੀਂ ਲੈਣਾ। ਕਈ ਦਿਨ ਇਸੇ ਤਰ੍ਹਾਂ ਬਚਨ ਹੁੰਦੇ ਰਹੇ। ਜਦੋਂ ਉਹ ਨਾ ਹੀ ਮੰਨਿਆ ਬਾਬਾ ਜੀ ਕਹਿਣ ਲੱਗੇ, "ਚੰਗਾ! ਇੱਕ ਗਊ ਲੈ ਕੇ ਆ ਅਸੀਂ ਆਪ ਦੁੱਧ ਕੱਢ ਲੈਂਦੇ ਹਾਂ।"

ਬਾਬਾ ਜੀ ਨੇ ਇੱਕ ਗਊ ਦਾ ਦੁੱਧ ਕੱਢ ਕੇ ਛੱਕ ਲਿਆ। ਸੋਹਣ ਸਿੰਘ ਢਿੱਲੋਂ ਨੇ ਕਿਹਾ "ਹਜ਼ੂਰ! ਮੈਂ ਰੋਜ਼ ਦੁੱਧ ਲਿਆ ਦਿਆਂ ਕਰਾਂਗਾ।"

ਬਾਬਾ ਜੀ ਫੁਰਮਾਇਆ, "ਤੇਰੀ ਇੱਛਾ ਹੈ ਤਾਂ ਠੀਕ ਹੈ।"

ਇਸ ਤਰ੍ਹਾਂ ਉਹ ਰੋਜ਼ ਦੁੱਧ ਪਹੁੰਚਾਣ ਲੱਗ ਪਿਆ। ਬਾਬਾ ਜੀ ਨੇ ਆਪਣੇ ਕੋਲ ਬਿਠਾ ਲੈਣਾ ਅਤੇ ਬਚਨ ਕਰਦੇ ਰਹਿਣਾ। ਪਰ ਇਹ ਬਚਨ ਉਸ ਦੀ ਸਮਝ ਤੋਂ ਬਾਹਰ ਹੁੰਦੇ। ਇੱਕ ਦਿਨ ਉਸਨੇ ਨੇੜੇ ਹੀ ਆਪਣੇ ਗੁਆਂਢੀ ਭਾਈ ਵਰਿਆਮ ਸਿੰਘ ਜੋ ਕਿ ਕੁਝ ਪੜ੍ਹਿਆ ਹੋਇਆ ਸੀ ਅਤੇ ਹਰਿਦੁਆਰ ਆਦਿ ਅਸਥਾਨਾਂ ਤੇ ਜਾ ਕੇ ਸੰਤਾਂ, ਮਹਾਤਮਾਂ ਦੀ ਸੰਗਤ ਕਰਦਾ ਰਹਿੰਦਾ ਸੀ ਨਾਲ ਬਾਬਾ ਜੀ ਬਾਰੇ ਗੱਲ ਕੀਤੀ। ਉਸ ਨੂੰ ਪ੍ਰੇਰਨਾ ਕੀਤੀ ਕਿ ਰੂੰਮੀ ਇੱਕ ਸੰਤ ਹਨ ਮੇਰੀ ਸਮਝ ਵਿੱਚ ਤਾਂ ਆਉਂਦੇ ਨਹੀਂ। ਜੋ ਤੁਸੀਂ ਜਾ ਕੇ ਦਰਸ਼ਨ ਕਰੋ ਤਾਂ ਉਨ੍ਹਾਂ ਬਾਰੇ ਜਾਣਕਾਰੀ ਲੈ ਲਵੋਂਗੇ।

ਭਾਈ ਵਰਿਆਮ ਸਿੰਘ ਰੂੰਮੀ ਜਾਣ ਲਈ ਸੋਹਣ ਸਿੰਘ ਨਾਲ ਤਿਆਰ

ਹੋ ਗਏ। ਰਸਤੇ ਜਾਂਦੇ ਸਮੇਂ ਕਈ ਤਰ੍ਹਾਂ ਦੇ ਵਿਚਾਰ ਮਨ ਵਿੱਚ ਸੋਚਦਾ ਗਿਆ। ਬਾਬਾ ਜੀ ਪਾਸ ਪਹੁੰਚ ਕੇ ਨਮਸ਼ਕਾਰ ਕੀਤੀ ਅਤੇ ਬੈਠ ਗਏ। ਬਾਬਾ ਜੀ ਨੇ ਦੁੱਧ ਛੱਕਣ ਉਪਰੰਤ ਉਨ੍ਹਾਂ ਨਾਲ ਬਚਨ ਕਰਨੇ ਸ਼ੁਰੂ ਕੀਤੇ। ਵਰਿਆਮ ਸਿੰਘ ਦੇ ਪ੍ਰਸ਼ਨਾਂ ਦੇ ਉੱਤਰ ਬਾਬਾ ਜੀ ਨੇ ਇਸ ਢੰਗ ਨਾਲ ਦਿੱਤੇ ਕਿ ਉਸ ਦੇ ਮਨ ਦੇ ਸਾਰੇ ਸ਼ੰਕੇ ਦੂਰ ਹੋ ਗਏ। ਕੁਝ ਦੇਰ ਕੋਲ ਰਹਿਣ ਬਾਅਦ ਮੱਥਾ ਟੇਕ ਕੇ ਦੋਨੋ ਪ੍ਰੇਮੀ ਵਾਪਸ ਹੋ ਗਏ। ਰਸਤੇ ਵਿੱਚ ਆਉਂਦਿਆਂ ਵਰਿਆਮ ਸਿੰਘ ਨੇ ਕਿਹਾ "ਸੋਹਣ ਸਿੰਘ ਇਹ ਪੂਰਨ ਪੁਰਖ ਹਨ ਇਨ੍ਹਾਂ ਦੀ ਸੇਵਾ ਕਰਦਾ ਜਾਂ ਜਿੰਨੀ ਤਨੋਂ ਮਨੋਂ ਕਰ ਸਕਦਾ ਹੈਂ। ਕੋਈ ਬਚਨ ਮੋੜੀ ਨਾ। ਸਤਿ ਬਚਨ ਦਾ ਅਧਿਕਾਰੀ ਰਹੀ। ਮੈਂ ਕਈ ਮਹਾਤਮਾ ਦੇਖੇ ਪਰ ਇਸ ਤਰ੍ਹਾਂ ਦੇ ਮਹਾਤਮਾ ਦੇ ਦਰਸ਼ਨ ਕਦੇ ਨਹੀਂ ਕੀਤੇ।

**ਜੇ ਲੋੜਹਿ ਸਦਾ ਸੁਖੁ ਭਾਈ॥ ਸਾਧੂ ਸੰਗਤਿ ਗੁਰਹਿ ਬਤਾਈ॥**

ਅਥਵਾ–**ਮਾਣਸ ਸੇਵਾ ਖਰੀ ਦੁਹੇਲੀ। ਸਾਧ ਕੀ ਸੇਵਾ ਸਦਾ ਸੁਹੇਲੀ॥**

**ਬਸੰਤੁ ਮਃ ੫**

ਹੁਣ ਸੋਹਣ ਸਿੰਘ ਨਾਲ ਸੇਵਾ ਕਰਨ ਵਿੱਚ ਵਰਿਆਮ ਸਿੰਘ ਵੀ ਸ਼ਰੀਕ ਹੋ ਗਿਆ। ਇਹ ਪ੍ਰੇਮੀ ਪਿੰਡ ਵਿੱਚ ਬਾਬਾ ਜੀ ਬਾਰੇ ਗੱਲਾਂ ਕਰਦੇ ਰਹਿੰਦੇ। ਸੰਤ ਦਲ ਸਿੰਘ ਜੀ ਭੁੱਚੋ ਕਲਾਂ ਦੇ ਹੀ ਵਸਨੀਕ ਨਿਰਮਲੇ, ਸੰਪਰਦਾ ਵਿਚੋਂ ਮਹਾਤਮਾ ਸਨ। ਇਨ੍ਹਾਂ ਨੂੰ ਵੀ ਬਾਬਾ ਜੀ ਦੀ ਸ਼ਰੋਤ ਪਈ ਕਿ ਰੂੰਮੀ ਸੇਮੇ ਪਿੰਡ ਕੋਲ ਪਹੁੰਚ ਗਏ। ਬਾਬਾ ਜੀ ਦੇ ਦਰਸ਼ਨ ਕੀਤੇ ਅਤੇ ਬਚਨ ਕੀਤੇ। ਉਸ ਦਿਨ ਤੋਂ ਬਾਅਦ ਸੰਤ ਦਲ ਸਿੰਘ ਜੀ ਨੇ ਦੁੱਧ ਦੀ ਸੇਵਾ ਆਪਣੇ ਜ਼ਿੰਮੇ ਲੈ ਲਈ।

ਰੋਜ਼ ਬਾਬਾ ਦਲ ਸਿੰਘ ਜੀ ਨੇ ਦੁੱਧ ਇੱਕ ਵੱਡੇ ਅਕਾਰ ਦੇ ਗੜਵੇ ਵਿੱਚ ਇਕੱਠਾ ਕਰਨਾ। ਨੇੜੇ ਘਰਾਂ ਦੀਆਂ ਮਾਈਆਂ ਨੇ ਦੁੱਧ ਪਹੁੰਚਾ ਦੇਣਾ। ਕਈ ਵਾਰੀ ਇਹ ਲੋਟਾ ਵੀਰ ਸਿੰਘ ਮਾਨ ਦੇ ਘਰ ਕਦੇ ਅਰਜਨ ਸਿੰਘ ਦੇ ਘਰ ਰੱਖ ਦਿੰਦੇ ਸਨ। ਜਦੋਂ ਇਹ ਭਰ ਜਾਂਦਾ ਬਾਬਾ ਜੀ ਕੋਲ ਰੂੰਮੀ ਪਹੁੰਚਾ ਦੇਣਾ। ਸੰਤ ਦਲ ਸਿੰਘ ਜੀ ਦੀ ਆਪਣੀ ਜ਼ਮੀਨ ਸੀ ਜਿਸ ਨੂੰ ਹਿੱਸੇ ੧/੨ ਤੇ ਦਿੰਦੇ ਸਨ। ਆਪ ਨੇ ਆਪਣੇ ਹਿੱਸੇਦਾਰ ਦੀ ਡਿਊਟੀ ਲਾ ਦਿੱਤੀ ਸੀ ਰੋਜ਼ ਦੁੱਧ

ਰੂੰਮੀ ਜ਼ਰੂਰ ਪਹੁੰਚਣਾ ਚਾਹੀਦਾ ਹੈ। ਬਾਬਾ ਦਲ ਸਿੰਘ ਜੀ ਨੇ ਦੁੱਧ ਦੀ ਸੇਵਾ ਕਰਨ ਦਾ ਨਿਤਨੇਮ ਬਣਾ ਲਿਆ। ਉਹ ਆਪਣੇ ਪ੍ਰੇਮੀਆਂ ਵਿਚੋਂ ਕਿਸੇ ਨਾ ਕਿਸੇ ਨੂੰ ਭੇਜ ਦਿੰਦੇ ਸਨ। ਇੱਕ ਸੇਵਾਦਾਰ ਆਪਣੇ ਹੱਥੀ ਤੋਰ ਦਿੱਤਾ ਲੋੜ ਮੁਤਾਬਿਕ ਸੇਵਾ ਲੈ ਕੇ ਬਾਕੀ ਹੋਰ ਵੀ ਪ੍ਰੇਮੀਆਂ ਨੂੰ ਸੇਵਾ ਦਾ ਮੌਕਾ ਦਿੱਤਾ।

ਨੋਟ : ਪ੍ਰਸੰਗ ਸ. ਸੋਹਣ ਸਿੰਘ ਦੇ ਪੜੋਤਰੇ ਸ. ਜੋਗਿੰਦਰ ਸਿੰਘ ਢਿੱਲੋਂ ਤੋਂ ਪ੍ਰਾਪਤ ਹੋਇਆ।

## ਸੰਤਨ ਕੀ ਸੁਣਿ ਸਾਚੀ ਸਾਖੀ ॥<br>ਸੋ ਬੋਲਹਿ ਜੋ ਪੇਖਹਿ ਆਖੀ ॥

**ਰਾਮਕਲੀ ਮਃ ੫, ਅੰਗ ੮੯੪**

ਸੰਤ ਦਲ ਸਿੰਘ ਜੀ ਭੁਚੋਂ ਵਾਲਿਆਂ ਨੇ ਦੁੱਧ ਦੇ ਕੇ ਸੇਵਾ ਵਿੱਚ ਇੱਕ ਦਿਨ ਅਰਜਨ ਸਿੰਘ ਘੋਟਣਾ ਨੂੰ ਭੇਜਿਆ। ਅਰਜਨ ਸਿੰਘ ਨੇ ਦੁੱਧ ਦਾ ਗੜਵਾ ਭਰਿਆ ਅਤੇ ਰੂੰਮੀ ਵੱਲ ਤੁਰ ਪਿਆ। ਇਹ ਪ੍ਰੇਮੀ ਜਦੋਂ ਰੂੰਮੀ ਕੋਲ ਪਹੁੰਚਿਆ ਤਾਂ ਬਾਬਾ ਜੀ ਆਪਣੇ ਆਸਣ ਤੇ ਜਾ ਬਿਰਾਜੇ। ਇਹ ਬਾਹਰ ਖੜਾ ਰਿਹਾ ਕਿਉਂਕਿ ਸੇਵਾਦਾਰ ਨੂੰ ਪਹਿਲਾਂ ਵਾਂਗ ਹੀ ਹਦਾਇਤ ਸੀ ਕਿ ਕੋਈ ਪ੍ਰਾਣੀ ਬਿਨ੍ਹਾਂ ਆਗਿਆ ਅੰਦਰ ਨਾ ਆਵੇ।

ਬਾਬਾ ਜੀ ਅੰਦਰ ਬੈਠੇ ਹਨ। ਉਹ ਬਾਹਰ ਦੁੱਧ ਰੱਖ ਕੇ ਬੈਠਾ ਹੈ। ਸੋਚ ਰਿਹਾ ਹੈ ਕਿਸੇ ਵੇਲੇ ਬਾਹਰ ਆਉਣ ਅਤੇ ਦੁੱਧ ਛੱਕਣ। ਮੈਂ ਘਰ ਮੁੜ ਜਾਵਾ ਕੰਮ ਕਰਾਂ ਘਰ ਦੇ ਦਾਣੇ ਕੱਢਣ ਦਾ ਮੌਸਮ ਸੀ। ਅੱਜ ਕੱਲ ਮਸ਼ੀਨਰੀ ਦਾ ਯੁੱਗ ਹੈ। ਉਸ ਸਮੇਂ ਜ਼ਿਆਦਾ ਤਰ ਕੁਦਰਤੀ ਸਾਧਨਾ ਤੇ ਹੀ ਨਿਰਭਰ ਰਹਿਣਾ ਪੈਂਦਾ ਸੀ। ਜੇ ਹਵਾ ਚਲ ਪਈ ਤਾਂ ਦਾਣੇ ਤੇ ਤੂੜੀ ਵੱਖ ਵੱਖ ਕਰ ਲਈ ਨਹੀਂ ਤਾਂ ਕਈ ਕਈ ਦਿਨ ਪਿੜਾਂ ਵਿੱਚ ਲੱਗ ਜਾਂਦੇ ਸਨ ਹਵਾ ਚੱਲ ਰਹੀ ਸੀ ਬਾਹਰ ਬੈਠੇ ਅਰਜਨ ਸਿੰਘ ਨੂੰ ਖਿਆਲ ਆਉਣ ਕਿ ਜੇ ਬਾਬਾ ਜੀ ਦੁੱਧ

ਛੱਕ ਲੈਂਦੇ ਤਾਂ ਮੈਂ ਦਾਣੇ ਕੱਢ ਲੈਂਦਾ। ਇਹ ਸੋਚਾਂ ਸੋਚਦੇ ਉਸਨੂੰ ਘੰਟਾ ਉਡੀਕ ਕਰਨੀ ਪਈ। ਇੱਕ ਘੰਟੇ ਬਾਅਦ ਬਾਬਾ ਜੀ ਬਾਹਰ ਆਏ ਕਹਿਣ ਲੱਗੇ "ਕੀ ਸੋਚਦਾ ਸੀ"। ਅੰਤਰਯਾਮੀ ਸਭ ਕੁਠ ਜਾਣਦੇ ਸਨ। ਅਰਜਨ ਸਿੰਘ ਚੁੱਪ ਰਿਹਾ ਫਿਰ ਆਪ ਹੀ ਕਹਿਣ ਲੱਗੇ "ਹਵਾ ਬਾਰੇ ਹੀ ਕਿੰਤੂ ਕਰਦਾ ਸੀ ਕਿ ਦਾਣੇ ਹੀ ਕੱਢ ਲੈਂਦੇ। ਹਵਾ ਆਪਾਂ ਬੰਦ ਕਰ ਦਿੰਦੇ ਹਾਂ।"

**ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥**

**ਅੰਗ ੫੦੩**

ਸ. ਜਰਨੈਲ ਸਿੰਘ ਘੋਟਣਾ ਦੱਸਦੇ ਹਨ ਕਿ ਮੇਰੇ ਪਿਤਾ ਅਰਜਨ ਸਿੰਘ ਦੱਸਦੇ ਸਨ ਕਿ ਹਵਾ ਉਸ ਵੇਲੇ ਹੀ ਬੰਦ ਹੋ ਗਈ। ਬਾਬਾ ਜੀ ਕਹਿਣ ਲੱਗੇ, "ਹੁਣ ਖੁਸ਼ ਹੈ।"

ਅਰਜਨ ਸਿੰਘ ਨੇ ਬੇਨਤੀ ਕੀਤੀ "ਗਰੀਬ ਨਿਵਾਜ। ਹਵਾ ਬੰਦ ਨਾ ਕਰਾਉ। ਮੈਂ ਨਹੀਂ ਕੱਢ ਸਕਿਆ ਤਾਂ ਮੇਰੇ ਹੋਰ ਭਰਾ ਤਾਂ ਕੱਢ ਲੈਣ।"

ਬਾਬਾ ਜੀ ਹੱਸ ਕੇ ਕਹਿਣ ਲੱਗੇ, "ਚੰਗਾ ਫਿਰ ਤੂੰ ਜਾ ਕੇ ਦਾਣੇ ਕੱਢ ਲੈ। ਹੁਣ ਹਵਾ ਬੰਦ ਨਹੀਂ ਹੁੰਦੀ।"

ਅਰਜਨ ਸਿੰਘ ਪਿੰਡ ਮੁੜ ਆਇਆ ਅਤੇ ਦਾਣੇ ਕੱਢਣ ਲੱਗ ਪਿਆ। ਉਸ ਨੇ ਸਾਰੇ ਦਾਣੇ ਕੱਢੇ ਪਰ ਹਵਾ ਬੰਦ ਨਾ ਹੋਈ।

ਜਿਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਲਿਖਿਆ ਹੈ।

**ਹੁਕਮੈ ਅੰਦਰਿ ਸਭ ਕੋ, ਕੁਦਰਤਿ ਕਿਸ ਦੀ ਕਰੈ ਜਬਾਬਾ॥**

**ਵਾਰ ੨੪, ਪਉੜੀ ੪, ਭਾਈ ਗੁਰਦਾਸ ਜੀ**

# ਸਤਿਗੁਰ ਬਚਨ ਤੁਮ੍ਾਰੇ ॥ ਨਿਰਗੁਣ ਨਿਸਤਾਰੇ ॥

**ਆਸਾ ਮ: ੫, ਅੰਗ ੪੦੬**

ਬਾਬਾ ਜੀ ਕਈ ਵਾਰ ਸੇਵਕਾਂ ਨੂੰ ਆਪਣੇ ਬੀਤੇ ਸਮੇਂ ਦੀਆਂ ਗੱਲਾਂ ਦੱਸਦੇ ਹੁੰਦੇ ਸਨ। ਇੱਕ ਵਾਰੀ ਦਾ ਜ਼ਿਕਰ ਆਪਣੇ ਮੁੱਖ ਤੋਂ ਸੰਗਤਾਂ ਨੂੰ ਦੱਸਿਆ।

ਕੋਈ ਸ਼ਿਕਾਰੀ ਸ਼ਿਕਾਰ ਦੀ ਭਾਲ ਵਿੱਚ ਰੂਮੀ ਪਹੁੰਚ ਗਿਆ। ਬਾਬਾ ਜੀ ਕੋਲ ਪਹੁੰਚ ਕੇ ਸ਼ੀਸ਼ ਝੁਕਾਇਆ ਅਤੇ ਬੈਠ ਗਿਆ। ਬਾਬਾ ਜੀ ਨਾਲ ਇੱਕ ਦੋ ਬਚਨ ਕੀਤੇ ਮਨ ਨੂੰ ਖਿਆਲ ਆਇਆ ਕਿ ਇਹ ਪ੍ਰਮੇਸ਼ਰ ਰੂਪ ਮਹਾਂਪੁਰਖ ਹਨ। ਉਸ ਨੇ ਬਾਬਾ ਜੀ ਪਾਸੋਂ ਰੋਟੀ ਮੰਗੀ। ਬਾਬਾ ਜੀ ਨੇ ਬਾਸੀਆਂ ਰੋਟੀਆਂ ਦੇ ਦਿੱਤੀਆਂ। ਰੋਟੀਆਂ ਬਾਬਾ ਜੀ ਆਪ ਨਹੀਂ ਖਾਂਦੇ ਸਨ। ਇਨ੍ਹਾਂ ਬਾਰੇ ਪਤਾ ਨਾ ਲੱਗਿਆ ਇਹ ਇਥੋਂ ਆਇਆ। ਸ਼ਿਕਾਰੀ ਨੂੰ ਰੋਟੀਆਂ ਖਾਣ ਦਾ ਬੜਾ ਅਨੰਦ ਆਇਆ। ਬਾਬਾ ਜੀ ਅੰਦਰ ਆਸਣ ਤੇ ਚਲੇ ਗਏ। ਉਹ ਸ਼ਿਕਾਰੀ ਬਾਹਰ ਬੈਠਾ ਰਿਹਾ ਤਿੰਨ ਕੁ ਵਜੇ ਦੇਵਤਿਆਂ ਦਾ ਪਹਿਰਾ ਹੁੰਦਾ ਹੈ। ਬਾਬਾ ਜੀ ਬਾਹਰ ਨਿਕਲ ਕੇ ਸਰੀਰ ਦੀ ਕਿਰਿਆ ਸੋਧਨ ਲਈ ਚੱਲ ਪਏ। ਉਹ ਪ੍ਰੇਮੀ ਵੀ ਪਿੱਛੇ ਹੋ ਤੁਰਿਆ। ਥੋੜ੍ਹੀ ਦੂਰ ਜਾ ਕੇ ਬਾਬਾ ਜੀ ਨੇ ਆਪਣਾ ਰੂਪ ਕੁੱਕੜ ਦੇ ਬਾਣੇ ਵਿੱਚ ਬਦਲਿਆ ਪਰ ਸ਼ਿਕਾਰੀ ਪਿੱਛੇ ਹੀ ਤੁਰਿਆ ਗਿਆ। ਹੋਰ ਅੱਗੇ ਜਾ ਕੇ ਇਨਸਾਨ ਦੇ ਰੂਪ ਵਿੱਚ ਬਾਬਾ ਜੀ ਦੂਰ ਨਿਕਲ ਗਏ। ਸ਼ਿਕਾਰੀ ਉਥੇ ਹੀ ਬੈਠ ਗਿਆ ਇੱਕ ਦਰਖਤ ਦੇ ਮੁੱਢ ਨਾਲ ਲੱਗ ਕੇ।

ਬਾਬਾ ਜੀ ਕਿਰਿਆ ਸੋਧ ਕੇ ਵਾਪਸ ਆਏ ਤਾਂ ਉਸ ਤੋਂ ਥੋੜ੍ਹਾ ਛੁਪ ਕੇ ਸ਼ੇਰ ਦਾ ਰੂਪ ਧਾਰ ਲਿਆ। ਸ਼ਿਕਾਰੀ ਸਭ ਕੁਝ ਜਾਣ ਗਿਆ ਉਹ ਡਰਿਆ ਨਹੀਂ। ਬਾਬਾ ਜੀ ਨੇ ਉਸ ਦੇ ਨੇੜੇ ਪਹੁੰਚ ਕੇ ਗਰਜਵੀ ਆਵਾਜ਼ ਵਿੱਚ ਉਸ ਵੱਲ ਆਪਣਾ ਪੰਜਾ ਚਲਾਇਆ। ਸ਼ਿਕਾਰੀ ਡਰਿਆ ਨਹੀਂ। ਉਸ ਨੇ ਅੱਗੇ ਹੱਥ ਜੋੜ ਦਿੱਤੇ। ਬਾਬਾ ਜੀ ਦਾ ਪੰਜਾ ਉਸ ਦੇ ਹੱਥਾਂ ਉਪਰ ਜਾ ਲੱਗਾ। ਫਿਰ

ਕੀ ਸੀ। ਮਹਾਂਪੁਰਖਾਂ ਦੀ ਚਰਨ ਛੋਹ ਕਿਥੇ ਮਿਲਦੀ ਹੈ। ਸਾਧੂ ਦੇ ਚਰਨਾਂ ਦੀ ਧੂੜ ਹੀ ਮਿਲ ਜਾਏ ਉਸ ਨਾਲ ਵੀ ਭਾਗ ਬਦਲ ਜਾਂਦੇ ਹਨ। ਪਰ ਇਹ ਮਿਲ ਗਈ ਹੱਥ ਛੋਹ।

**ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ ॥**

**ਅੰਗ ੪੦੬**

ਹੱਥ ਲੱਗਣ ਦੀ ਦੇਰ ਸੀ ਬਾਬਾ ਜੀ ਨੇ ਝੱਟ ਬਚਨ ਕੀਤਾ "ਤੂੰ ਸਾਨੂੰ ਪਾ ਗਿਆ ਹੈ। ਇਸ ਕਰਕੇ ਦੁਆਨੀ ਲੈ ਗਿਆ ਹੈ।"

ਇਹ ਬਚਨ ਸੁਣ ਕੇ ਸ਼ਿਕਾਰੀ ਚਰਨਾਂ ਤੇ ਢਹਿ ਪਿਆ। ਫਿਰ ਬਾਬਾ ਜੀ ਨੇ ਤਾਕੀਦ ਕੀਤੀ "ਜਿਵੇਂ ਅੱਗੇ ਨਿਤਨੇਮ ਕਰਦਾ ਹੈਂ ਇਸ ਨੂੰ ਵਿਸਾਰਨਾ ਨਹੀਂ। ਇਸ ਦੀ ਕਮਾਈ ਸਦਕਾ ਹੀ ਤੈਨੂੰ ਇਹ ਸਭ ਕੁਝ ਪ੍ਰਾਪਤ ਹੋਇਆ ਹੈ। ਜਿਨ੍ਹਾਂ ਸਮਾਂ ਸ਼ਿਕਾਰ ਦੇ ਵਿੱਚ ਖਰਚ ਕਰਦਾ ਹੈਂ ਇਹ ਪ੍ਰਮੇਸ਼ਰ ਦੀ ਅਰਾਧਨਾ ਵਿੱਚ ਖਰਚ ਕਰ। ਸੋ ਇਸ ਤਰ੍ਹਾਂ ਉਸ ਨੇ ਨਿਤਨੇਮ ਵਿੱਚ ਵਾਧਾ ਕਰ ਲਿਆ।"

**ਸਵੈਯਾ**

**ਏਕ ਪਲਕ ਮਹਿਘਰ ਤੇ ਨਿਕਸਿਓ**
**ਪਲਕ ਪੇਖ ਕਈ ਜੀਵਨ ਘਾਏ**
**ਅਬਆਨ ਮਿਲੀ ਸੁਭ ਪਲਕ ਇਸੇ**
**ਸਭ ਪਾਪ ਮਿਟੇ ਦੁਖ ਦੂਰ ਪਲਾਏ**
**ਮਹਾਂ ਹਰਿਨਾਮ ਹਰੀ ਪਰਿਸਿਓ**
**ਪਲ ਮੈਂ ਪਲਕਨ ਮਹਿ ਪਕ ਮਿਲਾਏ**
**ਆਧ ਪਲਕ ਮਹਿ ਪਾਰਪਰਿਓ**
**ਜਬ ਪਲਕਨ ਮਹਿ ਵੋਹਰੂਮ ਬਿਛਾਏ**
**ਪਾਪਾ ਕਰੇਂਦੇ ਪਤਿਤ ਉਧਾਰੇ॥**

**ਭਾਈ ਗੁਰਦਾਸ ਜੀ**

ਰੂਮੀ ਰਹਿਣ ਸਮੇਂ ਉਪਰੋਕਤ ਪ੍ਰਸੰਗ ਜੋ ਸੇਮਾ ਦੇ ਗੋਬਿੰਦਪੁਰੇ ਦੇ ਅਤੇ ਭੁਚੋਂ ਕਲਾਂ ਦੇ ਸੱਜਣਾਂ ਤੋਂ ਮਿਲੇ ਹਨ ਇਸ ਹਿੱਸੇ ਵਿਚ ਪੇਸ਼ ਕੀਤੇ ਗਏ ਹਨ। ਇਹ ਪ੍ਰਸੰਗ ਬਾਬਾ ਜੀ ਨਾਲ ਸਬੰਧਤ ਪਰਿਵਾਰਾਂ ਪਾਸੋਂ ਹੀ ਮਿਲੇ ਹਨ। ਲੇਖਕ ਵਲੋਂ ਪੂਰੀ ਪੂਰੀ ਕੋਸ਼ਿਸ਼ ਕੀਤੀ ਗਈ ਹੈ ਵੱਧ ਤੋਂ ਵੱਧ ਪ੍ਰਸੰਗ ਇਕੱਠੇ ਕਰਨ ਲਈ ਪਰ ਜੇ ਕੋਈ ਇਸ ਬਾਰੇ ਦਾਅਵਾ ਕਰੇ ਕਿ ਮੈਂ ਮਹਾਂਪੁਰਖ ਦੀ ਜੀਵਨੀ ਲਿਖੀ ਹੈ। ਮੇਰੇ ਵਿਚਾਰ ਅਨੁਸਾਰ ਮਹਾਂਪੁਰਖ ਦੇ ਜੀਵਨ ਬਾਰੇ ਕੌਣ ਲਿਖ ਸਕਦਾ ਹੈ। ਜਿਵੇਂ ਇੱਕ ਵਾਰ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲੇ ਕੀਰਤਨ ਵਿੱਚ ਬੈਠੇ ਸਨ। ਇੱਕ ਪ੍ਰੇਮੀ ਪਿੱਛੇ ਬੈਠਾ ਕੁਝ ਲਿਖ ਰਿਹਾ ਸੀ। ਬਾਬਾ ਜੀ ਨੇ ਉਸਨੂੰ ਖੜਾ ਕਰ ਲਿਆ ਤੇ ਕਹਿਣ ਲੱਗੇ "ਕੀ ਲਿਖ ਰਿਹਾ ਹੈ?"

ਉਸਨੇ ਉੱਤਰ ਦਿੱਤਾ "ਹਜ਼ੂਰ! ਆਪ ਦੇ ਬਚਨ ਲਿਖ ਰਿਹਾ ਹਾਂ।"

ਬਾਬਾ ਜੀ ਫੁਰਮਾਇਆ "ਇਹ ਕੀ ਕਰੇਂਗਾ ਲਿਖਕੇ?"

ਉਸ ਕਿਹਾ, "ਆਪ ਜੀ ਦਾ ਜੀਵਨ ਲਿਖਾਂਗਾ।"

ਬਾਬਾ ਜੀ ਨੇ ਬਚਨ ਕੀਤਾ "ਤੂੰ ਕੀ ਲਿਖ ਲਵੇਂਗਾ। ਹੁਣ ਜੋ ਬਚਨ ਸੁਣਦਾ ਹੈ ਉਹ ਲਿਖ ਲਉਗੇ। ਰਾਤ ਨੂੰ ਬਾਰਾਂ ਵਜੇ ਤੋਂ ਸਵੇਰ ਦੇ ਛੇ ਵਜੇ ਤੱਕ ਜੋ ਕੁਝ ਕਰਦੇ ਹਾਂ ਉਸ ਬਾਰੇ ਕੀ ਲਿਖ ਲਵੇਂਗਾ। ਲਿਖ ਲਵੇ ਕੋਈ ਫਰੀਦ ਬਾਰੇ। ਬਾਰਾਂ ਸਾਲ ਖੂਹ ਵਿੱਚ ਲੰਮਕਿਆ, ਲੰਮਕ ਕੇ ਕੀ ਕੀਤਾ ਕੌਣ ਜਾਣੇ।

ਸੋ ਇਸ ਤਰ੍ਹਾਂ ਬਾਬਾ ਜੀ ਜਿਸ ਵੇਲੇ ਅੱਖਾਂ ਤੇ ਪੱਟੀ ਬੰਨ੍ਹ ਕੇ ਕੀ ਕਰਦੇ ਸਨ ਕੌਣ ਲਿਖ ਸਕਦਾ ਹੇ। ਇਹੀ ਲਿਖਾਂਗੇ ਕਿ ਪੱਟੀ ਬੰਨ੍ਹ ਕੇ ਬੈਠੇ ਸਨ। ਪਰ ਇਹ ਕੀ ਪਤਾ ਹੈ ਉਹ ਕੀ ਕਰਦੇ ਸਨ। ਸਮਾਧੀ ਲੱਗ ਜਾਣ ਤਾਂ ਕਈ ਕਈ ਦਿਨ ਅੱਖ ਨਹੀਂ ਖੋਲਣੀ। ਦੁਨੀਆਦਾਰ ਤਾਂ ਪ੍ਰਤੱਖ ਕੌਤਕ ਵੇਖ ਕੇ ਵੀ ਵਿਸ਼ਵਾਸ ਕਰਨ ਲਈ ਤਿਆਰ ਨਹੀਂ। ਸੁਣੀ ਗੱਲ ਤੇ ਇਤਬਾਰ ਕਰਨਾ ਹੀ ਬੜਾ ਔਖਾ ਹੈ। ਇਨ੍ਹਾਂ ਦੇ ਉਪਰ ਯਕੀਨ ਤੇ ਸ਼ਰਧਾ ਉਹੀ ਰੱਖਦੇ ਹਨ ਜਿਨ੍ਹਾਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਹੁੰਦੀ ਹੈ।

ਬਾਬਾ ਜੀ ਕੁਝ ਪ੍ਰਤੱਖ ਨਿਸ਼ਾਨੀਆਂ ਛੱਡ ਗਏ ਹਨ। ਜੋ ਭੁਚੋ ਕਲਾਂ ਦੇ ਅਸਥਾਨ ਉਪਰ ਅਗਲੇ ਹਿੱਸੇ ਵਿੱਚ ਦਰਜ ਕੀਤੀਆਂ ਜਾਣਗੀਆਂ। ਰੂੰਮੀ ਰਹਿਣ ਸਮੇਂ ਭੁੱਚੋ ਕਲਾਂ ਦੇ ਸੇਵਕ ਹੁਣ ਦੁੱਧ ਲੈ ਜਾਣ ਲੱਗ ਪਏ ਸਨ ਭਾਈ ਵਰਿਆਮ ਸਿੰਘ ਸੋਹਣ ਸਿੰਘ ਅਰਜਨ ਸਿੰਘ ਜੀ ਨੇ ਬੇਨਤੀ ਕਰਨੀ। “ਮਹਾਰਾਜ ! ਤੁਸੀਂ ਭੁਚੋਂ ਹੀ ਚਲੇ ਆਓ। ਆਪ ਦੇ ਰਹਿਣ ਲਈ ਅਸੀਂ ਰੂੰਮੀ ਵਰਗੀ ਹੀ ਜਗ੍ਹਾ ਦੇਖੀ ਹੋਈ ਹੈ। ਪਿੰਡ ਦੀ ਸਾਂਝੀ ਜਗ੍ਹਾ ਹੈ। ਆਪ ਨੂੰ ਕੋਈ ਰੁਕਾਵਟ ਨਹੀਂ ਕਰੇਗਾ। ਕਈ ਵਾਰ ਬੇਨਤੀਆ ਕਰਨ ਉਪਰੰਤ ਬਾਬਾ ਜੀ ਇੱਕ ਦਿਨ ਮਾਘ ਦੇ ਮਹੀਨੇ ਅਚਾਨਕ ਹੀ ਭੁਚੋਂ ਆਉਂਦੇ ਹਨ ਇਸ ਦਾ ਵੇਰਵਾ ਅਗਲੇ ਹਿੱਸੇ ਦੇ ਮੁੱਢ ਵਿੱਚ ਹੀ ਪੇਸ਼ ਕੀਤਾ ਜਾਵੇਗਾ। ਰੂੰਮੀ ਤੋਂ ਆਉਣ ਦਾ ਬਾਬਾ ਜੀ ਦਾ ਫੁਰਨਾ ਕਿਸ ਤਰ੍ਹਾਂ ਬਨਿਆ। ਕਰਨਾ ਸਭ ਕੁਝ ਮਹਾਂਪੁਰਖਾਂ ਨੇ ਆਪ ਹੈ, ਪਰ ਐਵੇਂ ਕੋਈ ਬਹਾਨਾ ਜਿਹਾ ਬਣਾਕੇ ਦੁਨੀਆਂ ਦੇ ਲੋਕਾਂ ਨੂੰ ਹਨੇਰੇ ਵਿੱਚ ਰੱਖਦੇ ਹਨ।”

## ਡੇਰਾ ਬਾਬਾ ਰੂੰਮੀ ਵਾਲਾ ਭੁਚੋ ਕਲਾਂ

ਇਹ ਅਸਥਾਨ ਪਿੰਡ ਭੁਚੋ ਕਲਾਂ ਵਿਖੇ ਹੈ, ਜੋ ਕਿ ਭੁਚੋ ਮੰਡੀ ਤੋਂ ਭਗਤੇ ਵਾਲੀ ਸੜਕ ਤੇ ਭੁਚੋ ਮੰਡੀ ਤੋਂ ਤਿੰਨ ਕੁ ਕਿਲੋਮੀਟਰ ਦੇ ਫਾਸਲੇ ਤੇ ਹੈ। ਪਿੰਡ ਭੁਚੋ ਕਲਾਂ ਬਠਿੰਡਾ ਤੋਂ ਦਸ ਕਿਲੋਮੀਟਰ ਦੇ ਫਾਸਲੇ ਤੇ ਹੈ। ਬਠਿੰਡਾ ਬਰਨਾਲਾ ਸੜਕ ਤੇ ਭੁਚੋ ਕੈਂਚੀਆਂ ਤੋਂ ਦੋ ਕੁ ਫਰਲਾਂਗ ਦੇ ਫਾਸਲੇ ਤੇ ਹੇ। ਜਿਹੜੀਆਂ ਬੱਸਾਂ ਮੋਗੇ ਤੋਂ ਬਠਿੰਡੇ ਨੂੰ ਭਗਤੇ ਵਿਚ ਦੀ ਜਾਂਦੀਆਂ ਹਨ, ਉਹ ਪਿੰਡ ਭੁਚੋ ਕਲਾਂ ਹੋ ਕੇ ਜਾਂਦੀਆ ਹਨ। ਲੁਧਿਆਣਾ ਜਾਂ ਪਟਿਆਲਾ ਵਲੋਂ ਬੱਸਾਂ ਰਾਹੀਂ ਆਉਣ ਵਾਲੇ ਯਾਤਰੂ ਭੁਚੋ ਕੈਂਚੀਆਂ ਤੇ ਉਤਰ ਕੇ, ਸੌਖ ਨਾਲ ਹੀ ਡੇਰਾਰੂੰਮੀ ਵਾਲਾ ਭੁਚੋ ਕਲਾਂ ਪਹੁੰਚ ਸਕਦੇ ਹਨ।

ਜਿੰਨ੍ਹਾਂ ਜਿੰਨ੍ਹਾਂ ਵਿਦਵਾਨਾਂ ਦੇ ਗ੍ਰੰਥਾਂ ਵਿਚੋਂ ਅਤੇ ਉਨ੍ਹਾਂ ਦੇ ਨਿੱਜੀ ਸਹਿਯੋਗ ਨਾਲ ਸਹਾਇਤਾ ਮਿਲੀ, ਦਾਸ ਉਨ੍ਹਾਂ ਦਾ ਧੰਨਵਾਦੀ ਹੈ।

# ਸੰਤ ਬਾਬਾ ਸੁਖਦੇਵ ਸਿੰਘ ਜੀ
# ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ

ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਜਨਮ ਪਿੰਡ ਮੁਹਾਰ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸੋਮਾਵੰਤੀ ਕੌਰ ਅਤੇ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਵਿਖੇ ੧ ਹਾੜ (੧੫ ਜੂਨ ੧੯੫੪) ਨੂੰ ਅੰਮ੍ਰਿਤ ਵੇਲੇ ਹੋਇਆ। ਬਾਬਾ ਜੀ ਦੇ ਪਿਤਾ ਜੀ ਇਲਾਕੇ ਵਿੱਚ ਪੂਰੇ ਮਾਨ ਅਤੇ ਸਤਿਕਾਰ ਵਾਲੇ ਪੁਰਸ਼ ਸਨ। ਆਪ ਜੀ ਦੇ ਪਿਤਾ ਜੀ ੨੫ ਸਾਲ ਆਪਣੇ ਪਿੰਡ ਦੇ ਸਰਪੰਚ ਰਹੇ। ਬਾਬਾ ਜੀ ਆਪਣੇ ਪਰਿਵਾਰ ਵਿੱਚ ੬ ਭਰਾ ਅਤੇ ੨ ਭੈਣਾਂ ਵਿੱਚ ਸਭ ਤੋਂ ਛੋਟੇ ਹਨ। ਬਾਬਾ ਜੀ ਨੇ ਪੰਜ ਕਲਾਸਾਂ ਆਪਣੇ ਪਿੰਡ ਦੇ ਨੇੜੇ ਸਰਕਾਰੀ ਪ੍ਰਇਮਰੀ ਸਕੂਲ ਮੰਦਰ ਮੁਹਾਰ ਵਿੱਚ ਪਾਸ ਕੀਤੀਆਂ। ਇਸ ਵਿਚਕਾਰ ਬਾਬਾ ਜੀ ਆਪਣੇ ਦਾਦਾ ਲਾਭ ਸਿੰਘ (ਬਾਪੂ ਜੀ) ਨਾਲ ਜਾਂ ਇਕੱਲੇ ਹੀ ਬਾਬਾ ਸੁੰਦਰ ਦਾਸ ਜੀ ਪਾਸ ਜਾਇਆ ਕਰਦੇ ਸਨ। ਇਨ੍ਹਾਂ ਦਾ ਡੇਰਾ ਪਿੰਡ ਤੋਂ ੬ ਕਿਲੋਮੀਟਰ ਦੀ ਦੂਰੀ ’ਤੇ ਕੋਟ ਈਸੇ ਖਾਂ ਵਿਖੇ ਸਥਿਤ ਹੈ। ਬਾਬਾ ਸੁੰਦਰ ਦਾਸ ਜੀ ਬਾਬਾ ਸ੍ਰੀ ਚੰਦ ਦੀ ਪੂਜਾ ਕਰਦੇ ਹਨ ਅਤੇ ਨਾਮ ਜਪਾਉਂਦੇ ਹਨ। ਬਾਬਾ ਸੁਖਦੇਵ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਗੁਰਦਆਰੇ ਜਾ ਕੇ ਸਤਸੰਗ ਵਿੱਚ ਹੀ ਮਨ ਲਗਾ ਰਹਿੰਦਾ ਸੀ। ਬਾਬਾ ਸੁੰਦਰ ਦਾਸ ਜੀ ਨੇ ਇਨ੍ਹਾਂ ਦੀ ਲਗਨ ’ਤੇ ਚਿਹਰਾ ਪੜਕੇ ਬਾਪੂ ਲਾਭ ਸਿੰਘ ਜੀ ਨੂੰ ਕਹਿ ਦਿੱਤਾ ਸੀ। ਇਹ ਤਾਂ ਸੰਤ ਮਹਾਂ ਪੁਰਸ਼ ਹਨ। ਬਾਬਾ ਜੀ ਪੰਜਵੀ ਕਲਾਸ ਦੇ ਆਖਰੀ ਪੇਪਰ ਤੋਂ ਬਾਅਦ ਦੂਸਰੇ ਦਿਨ ਹੀ ਬਾਬਾ ਕੁੰਦਨ ਸਿੰਘ ਜੀ ਦੇ ਕਹਿਣ ਮੁਤਾਬਕ ਨਾਨਕਸਰ ਜਗਰਾਓਂ ਆ ਗਏ। ੧੨ ਸਾਲ ਦੀ ਉਮਰ ਵਿੱਚ ਬਾਬਾ ਕੁੰਦਨ ਸਿੰਘ ਜੀ ਨੇ ਇਨ੍ਹਾਂ ਦੀ ਡਿਊਟੀ ਸੁਖਮਨੀ ਸਾਹਿਬ ਦਾ ਪਾਠ ਕਰਨ ਅਤੇ ਜੋੜੀ ਤੇ ਹਰਮੋਨੀਅਮ

ਦੀ ਵਿਦਿਆ ਸਿੱਖਣ ਵਿੱਚ ਲਗਾ ਦਿੱਤੀ। ਕੀਰਤਨ ਦੀ ਵਿਦਿਆ ਤੋਂ ਬਾਅਦ ਬਾਬਾ ਜੀ ਦੀ ਡਿਊਟੀ ਕਰਨਪੁਰ ਠਾਠ (ਗੰਗਾਨਗਰ) ਇਲਾਕੇ ਵਿੱਚ ਲਗਾ ਦਿੱਤੀ। ੧੪ ਸਾਲ ਦੀ ਉੱਮਰ ਵਿੱਚ ੨ ਸਾਲ ਤਕ ਆਪ ਨੇ ਇਥੇ ਸੇਵਾ ਕੀਤੀ। ਜਦ ਕਿ ਕੋਈ ਹੋਰ ਬਹਿੰਗਮ ਇਥੇ ਜਾਣ ਲਈ ਤਿਆਰ ਨਹੀਂ ਸੀ। ੧੬ ਸਾਲ ਦੀ ਉਮਰ ਵਿੱਚ ਆਪ ਜੀ ਦੀ ਡਿਊਟੀ ਬਾਬਾ ਜੀ ਨੇ ਗੁਰਦੁਆਰਾ ਨਾਨਕਸਰ ਲੁਧਿਆਣੇ (ਨਹਿਰ ਦੇ ਕੰਢੇ ਲਾਈ) ਉਸ ਠਾਠ ਵਿੱਚ ਕਾਫੀ ਸਾਲ ਸੇਵਾ ਕੀਤੀ । ਬਾਬਾ ਜੀ ਨੇ ਇਥੇ ਰਹਿ ਕੇ ਲੁਧਿਆਣਾ ਨਾਨਕਸਰ ਠਾਠ 'ਤੇ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਨੂੰ ਮੁਕੰਮਲ ਕਰਾਇਆ। ਇਸ ਤੋਂ ਬਾਅਦ ਬਾਬਾ ਜੀ ਨੇ ਆਪਣੇ ਪਿੰਡ ੧੫ ਏਕੜ ਜ਼ਮੀਨ ਵਿੱਚ ਗੁਰਦੁਆਰਾ ਨਾਨਕਸਰ ਮੰਦਰ ਮੁਹਾਰ ਅਤੇ ਪਬਲਿਕ ਸਕੂਲ ਮੰਦਰ ਮੁਹਾਰ ਦੀ ਤਿਆਰੀ ਕਰਾਈ ਅਤੇ ਕਈ ਸਾਲ ਇਥੇ ਸੇਵਾ ਕੀਤੀ। ਇਸ ਤੋਂ ਬਾਅਦ ਸੰਤ ਬਾਬਾ ਕੁੰਦਨ ਸਿੰਘ ਜੀ ਆਪ ਜੀ ਦੀ ਡਿਊਟੀ ਜਿਥੇ ਕੰਮ ਰੁਕਣਾ ਜਾਂ ਨਵੀਂ ਸੇਵਾ ਕਰਾਉਣੀ ਹੋਵੇ, ਬਾਬਾ ਜੀ ਆਪ ਜੀ ਦੀ ਡਿਊਟੀ ਲਗਾਉਂਦੇ। ਆਪ ਜੀ ਨੇ ਛੋਟੀ ਉਮਰ ਵਿੱਚ ਹੀ ਕਾਰ ਸੇਵਾਵਾਂ ਸ਼ੁਰੂ ਕਰਾਉਣ ਨਾਲ ਕਈ ਸੇਵਾ ਪੂਰੀਆਂ ਕੀਤੀਆਂ ਕਾਫੀ ਅਜੇ ਚੱਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਸਕੂਲ ਤੇ ਕਾਲਜ ਵੀ ਹਨ। ਜਿਨ੍ਹਾਂ ਵਿੱਚ ਪੰਜਾਬ, ਯੂ.ਪੀ. ਰਾਜਸਥਾਨ, ਮਹਾਰਾਸ਼ਟਰ ਮਦਰਾਸ ਹੋਰ ਵੀ ਕਈ ਸਟੇਟਾਂ ਸ਼ਾਮਿਲ ਹਨ। ਤਕਰੀਬਨ ਕੋਈ ੬੦-੭੦ ਅਸਥਾਨਾਂ ਦੀਆਂ ਸੇਵਾਵਾਂ ਕਰਵਾਈਆਂ ਤੇ ਹੋਰ ਵੀ ਸੇਵਾਵਾਂ ਚੱਲ ਰਹੀਆਂ ਹਨ।

ਬਾਬਾ ਕੁੰਦਨ ਸਿੰਘ ਜੀ ਜਿਥੇ ਆਪ ਜੀ ਦੀ ਡਿਊਟੀ ਲਗਾਉਂਦੇ ਸਨ। ਆਪ ਜੀ ਸੇਵਾ ਪੂਰੀ ਕਰਕੇ ਕਸਵੱਟੀ 'ਤੇ ਪੂਰੇ ਉਤਰਦੇ ਸਨ। ਸੰਤ ਬਾਬਾ ਕੁੰਦਨ ਸਿੰਘ ਜੀ ਪਾਸ ਜਦੋਂ ਵੀ ਬਾਹਰਲੀ ਸੰਗਤ ਆਉਣੀ ਜਾਂ ਕੋਈ ਬੇਨਤੀ ਕਰਨੀ ਤਾਂ ਬਾਬਾ ਜੀ ਨੇ ਕਹਿਣਾ ਸਾਰਾ ਕੁਝ ਸੁਖੀ ਕੋਲ ਹੈ ਭਰਿਆ ਪਿਆ ਹੈ ਜੋ ਮਰਜ਼ੀ ਲੈ ਲਵੋ। ਜਿਥੇ ਬਾਬਾ ਕੁੰਦਨ ਸਿੰਘ ਜੀ

ਨੇ ਸੇਵਾ ਦਾ ਆਖਣਾ ਬਾਬਾ ਸੁਖਦੇਵ ਸਿੰਘ ਜੀ ਨੇ ਇਲਾਕੇ ਵਿੱਚੋਂ ਸੰਗਤ ਲਿਆ ਕੇ ਸੇਵਾ ਕਰਾਵਾਉਣੀ। ਭੁੱਚੋ ਸਾਹਿਬ ਸਰੋਵਰ ਦੀ ਸੇਵਾ ਆਰੰਭ ਹੋਈ ਬਾਬਾ ਕੁੰਦਨ ਸਿੰਘ ਜੀ ਬਹਿੰਗਮਾਂ ਅਤੇ ਸੰਗਤਾਂ ਸਮੇਤ ਬਾਬਾ ਖੇਮ ਸਿੰਘ ਜੀ ਕੋਲ ਭੁੱਚੋ ਸਾਹਿਬ ਪਹੁੰਚੇ ਅਤੇ ਆਖਣ ਲੱਗੇ ਸੁੱਖਾ ਸਿੰਘ ਆਪ ਜੀ ਨੂੰ ਸੌਂਪ ਦਿੱਤਾ ਹੈ। ਇਸ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਸੰਤ ਬਾਬਾ ਖੇਮ ਸਿੰਘ ਜੀ ਪਾਸ ਆਉਣਾਂ ਜਾਣਾ ਸ਼ੁਰੂ ਹੋ ਗਿਆ ਤੇ ਨੇੜਤਾ ਵੱਧ ਗਈ। ਬਾਬਾ ਖੇਮ ਸਿੰਘ ਜੀ ਦੇ ਹੁਕਮ ਨਾਲ ਮਾਲਾ, ਗੁਟਕੇ ਦੇਸ਼ ਦੇ ਕੋਨੇ ਕੋਨੇ ਵਿੱਚ ਵੰਡਣ ਜਾਂਦੇ ਅਖੰਡ ਪਾਠ, ਸੰਪਟ ਪਾਠ, ਤੁਕ-੨ ਵਾਲੇ ਮਹਾਂ ਸੰਪਟ ਪਾਠ ਨਾਨਕ ਸਰ ਦੀਆਂ ਠਾਠਾਂ ਵਿੱਚ ਕਰਵਾਏ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਕੀਤੀ ਅਤੇ ਪ੍ਰਚਾਰ ਹਿਤ ਕਈ ਰੇਲ ਯਾਤਰਾ, ਬੱਸ ਯਾਤਰਾ, ਜਹਾਜ਼ ਯਾਤਰਾ, ਸਾਇਕਲ ਯਾਤਰਾਵਾਂ ਕੀਤੀਆਂ। ਸੰਤ ਬਾਬਾ ਕੁੰਦਨ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਨੇ ਸੰਤ ਬਾਬਾ ਖੇਮ ਸਿੰਘ ਜੀ ਦੀ ਰਹਿਨਮਾਈ ਵਿੱਚ ੨੫੦ ਕਮਰੇ ਹਜ਼ੂਰ ਸਾਹਿਬ (ਸਰਾਂਵਾ) ੫ ਗੁਰਦੁਆਰੇ ਸਾਹਿਬ ਕਈ ਲੰਗਰ ਚਲਾਏ ਤੇ ਸੰਤ ਬਾਬਾ ਖੇਮ ਸਿੰਘ ਆਖਰੀ ਟਾਇਮ ਤੇ ਆਪ ਜੀ ਦੀ ਡਿਊਟੀ ਜਪ ਤਪ 'ਤੇ ਲਗਾਈ ਜਿਹੜੀ ਆਪ ਜੀ ਨੇ ਬੇਖੂਬੀ ਨਿਭਾਈ ਇਸ ਤੋਂ ਖੁਸ਼ ਹੋ ਕੇ ਸੰਤ ਬਾਬਾ ਖੇਮ ਸਿੰਘ ਜੀ ਨੇ ਫੋਨ ਤੇ ਆਪ ਜੀ ਨੂੰ ਖੁਸ਼ੀਆਂ ਬਖਸ਼ੀਆਂ ਕਿ ਅਸੀਂ ਦੱਸ ਨਹੀਂ ਸਕਦੇ ਕਿ ਅਸੀਂ ਤੇਰੇ 'ਤੇ ਕਿੰਨੇ ਖੁਸ਼ ਹਾਂ।

ਸੰਤ ਬਾਬਾ ਖੇਮ ਸਿੰਘ ਜੀ ਨੇ ਸਾਰੀਆਂ ਪਾਵਰ ਆਫ ਅਟਰਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ। ੩ ਪਾਵਰ ਆਫ ਅਟਾਰਨੀ ਹਜ਼ੂਰ ਸਾਹਿਬ, ੨ ਨਥਾਨੇ ਤੇ ਜਰਨਲ ਪਾਵਰ ਆਫ ਅਟਾਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ।

ਸੰਤ ਬਾਬਾ ਖੇਮ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਸਮੀ ਦੇ ਮੋਕੇ ੫-੦੨-੨੦੧੦ ਨੂੰ ਦੇਸ਼ ਵਿਦੇਸ਼ ਤੋਂ, ਨਿਰਮਲੇ, ਸੰਪਰਦਾਇ,

ਦਮਦਮੀ ਟਕਸਾਲ, ਜਥੇਬੰਦੀਆਂ ਇਲਾਕੇ ਦੇ ਸਾਰੀਆਂ ਪੰਚਾਇਤਾਂ ਵੱਲੋਂ ਲਿੱਖਤ ਕਰਕੇ ਡੇਰੇ ਦੇ ਪੰਜਵੇ ਮੁੱਖੀ ਸੇਵਾਦਾਰ ਵੱਲੋਂ ਦਸਤਾਰ ਬੰਦੀ ਕੀਤੀ ਗਈ ਅਤੇ ਡੇਰਾ ਬਾਬਾ ਰੂਮੀ ਵਾਲਾ ਭੁੱਚੋ ਕਲਾ ਦਾ ਮੁੱਖੀ ਥਾਪਿਆ ਗਿਆ। ਸੰਤ ਬਾਬਾ ਸੁਖਦੇਵ ਸਿੰਘ ਜੀ ਵੱਲੋਂ ੧੪ ਦਿਨਾਂ ਵਿੱਚ ਰੂਮੀ ਸਾਹਿਬ ਪਿੰਡ ਸੇਮਾਂ ਵਿੱਚ ਤਾਂਬੇ ਦੀਆਂ ਪੌੜੀਆਂ ਵਾਲਾ ਸਰੋਵਰ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਇਸ ਸੇਵਾ ਸਬੰਧੀ ੪ ਦਿਨ ਬਾਅਦ ਬਾਬਾ ਮਹਾਂਹਰਨਾਮ ਸਿੰਘ ਦੀਆਂ ਪੁਰਾਤਨ ਲਿਖਤਾਂ ਵਿੱਚੋਂ ਸਰੋਵਰ ਬਾਰੇ ਲਿਖਤ ਮਿਲੀ। ਸਰੋਵਰ ਪੂਰਾ ਲਿੱਖਤ ਮੁਤਾਬਕ ਹੀ ਬਣਿਆ ਸੀ। ਹੁਣ ਬਾਬਾ ਸੁਖਦੇਵ ਸਿੰਘ ਜੀ ਭੱਚੋ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ, ਦੀਵਾਨ ਹਾਲ ਅਤੇ ਗੱਦੀ ਸਾਹਿਬ ਦੀ ਸੇਵਾ ਕਰਵਾ ਰਹੇ ਹਨ।

***